GPSingh Immigration
GP SINGH IMMIGRATION INC.
Licenced Immigration Consultant
Refugee Claims
Family Sponsership
Work Permit
Study Permit
Super Visa
Visitor Visa
Spousal Visa and PR
Gagapreet Singh
(MEngg, RCIC-IRB)
Commissioner of Oath
7657 Rue Cordner Lasalle H8N2X2
+1 514-559-7525


Real
# ਦੇਸੀ ਟਾਈਮਜ਼
Desi Times
ਹਫਤਾਵਾਰੀ
www.desitimes.ca
QCNA
DESI TIMES WEEKLY VOLUME 7 ISSUE #492 Friday, 12 April, 2024

**Matrimonial**
Canadian Well settled Sikh khatri ਪਰਿਵਾਰ ਨੂੰ ਆਪਣੀ Canadian Born 1993 Born ਲੜਕੀ ਕੱਦ 5 ਫ਼ੁੱਟ 9 ਇੰਚ, Accounting ਦੀ Degree Holder Air Canada ਦੇ Head Quater Finance department ਵਿਚ ਕੰਮ ਕਰਦੀ ਲਈ ਲੜਕੇ ਦੀ ਲੋੜ ਹੈ। ਲੜਕਾ Canadian Born ਪੜ੍ਹਿਆ ਲਿਖਿਆ well settled ਪਰਿਵਾਰ ਦਾ ਹੋਵੇ ਜਾ ਅੱਛੀ ਜਾਬ ਜਾਂ ਚੰਗਾ ਕਾਰੋਬਾਰ ਕਰਦਾ ਹੋਵੇ। ਕੱਦ 6 ਫੁੱਟ ਤੇ ਦਾੜੀ Trim ਕਰਦਾ ਹੋਵੇ।
**Please Send Biodata and Pictures. Contact : Cell 514-465-8920, Whatsapp 514-465-8920**

# ਮਨੁੱਖ ਕੋਲ ਦੁਨੀਆ ਬਚਾਉਣ ਲਈ ਸਿਰਫ਼ ਦੋ ਸਾਲ: ਸਾਈਮਨ ਸਟੀਲ

## ਸੰਯੁਕਤ ਰਾਸ਼ਟਰ ਦੀ ਜਲਵਾਯੂ ਏਜੰਸੀ ਨੇ ਉਪਰਾਲੇ ਤੇਜ਼ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ




ਆਕਸਫੋਰਡ : ਸੰਯੁਕਤ ਰਾਸ਼ਟਰ ਜਲਵਾਯੂ ਏਜੰਸੀ ਦੇ ਮੁਖੀ ਨੇ ਅੱਜ ਕਿਹਾ ਕਿ ਗਰੀਨ ਹਾਊਸ ਗੈਸਾਂ ਦੀ ਨਿਕਾਸੀ ਦੇ ਰਾਹ ਵਿੱਚ ਵੱਡੀ ਪੱਧਰ 'ਤੇ ਅੜਿੱਕਾ ਡਾਹ ਕੇ ਮਨੁੱਖਤਾ ਕੋਲ ਦੁਨੀਆ ਬਚਾਉਣ ਲਈ ਸਿਰਫ਼ ਦੋ ਸਾਲ ਹਨ ਅਤੇ ਇਸ ਵੱਡੀ ਤਬਦੀਲੀ ਲਈ ਫੰਡ ਇਕੱਠਾ ਕਰਨ ਸਬੰਧੀ ਕਾਰਵਾਈ ਕਰਨ ਵਾਸਤੇ ਵੀ ਬਹੁਤ ਘੱਟ ਸਮਾਂ ਹੈ। ਦੁਨੀਆ ਦੀਆਂ ਸਰਕਾਰਾਂ ਕੋਲ ਜ਼ਹਿਰੀਲੀਆਂ ਗੈਸਾਂ ਦਾ ਪ੍ਰਦੂਸ਼ਣ ਰੋਕਣ ਲਈ ਨਵੀਆਂ ਤੇ ਮਜ਼ਬੂਤ ਯੋਜਨਾਵਾਂ ਬਣਾਉਣ ਵਾਸਤੇ 2025 ਤੱਕ ਦੀ ਮੋਹਲਤ ਹੈ। ਵਿਸ਼ਵ ਦੀ ਤਕਰੀਬਨ ਅੱਧੀ ਆਬਾਦੀ ਇਸ ਸਾਲ ਹੋਣ ਵਾਲੀਆਂ ਚੋਣਾਂ ਵਿੱਚ ਵੋਟਾਂ ਪਾਉਣ ਜਾ ਰਹੀ ਹੈ ਅਤੇ ਇਸੇ ਮਹੀਨੇ ਦੇ ਅਖ਼ੀਰ ਵਿੱਚ ਵਾਸ਼ਿੰਗਟਨ ਵਿੱਚ ਅਹਿਮ ਆਲਮੀ ਵਿੱਤੀ ਮੀਟਿੰਗਾਂ ਹੋਣ ਜਾ ਰਹੀਆਂ ਹਨ। ਸੰਯੁਕਤ ਰਾਸ਼ਟਰ ਦੇ ਕਾਰਜਕਾਰੀ ਜਲਵਾਯੂ ਮੁਖੀ ਸਾਈਮਨ ਸਟੀਲ ਨੇ ਕਿਹਾ ਕਿ ਉਹ ਜਾਣਦੇ ਹਨ ਕਿ ਉਨ੍ਹਾਂ ਦੀ ਚਿਤਾਵਨੀ ਡਰਾਮੇਬਾਜ਼ੀ ਲੱਗ ਸਕਦੀ ਹੈ ਪਰ ਉਨ੍ਹਾਂ ਕਿਹਾ ਕਿ ਅਗਲੇ ਦੋ ਸਾਲਾਂ ਵਿੱਚ ਕਦਮ ਉਠਾਉਣੇ ਬਹੁਤ ਜ਼ਰੂਰੀ ਹਨ। ਉਨ੍ਹਾਂ ਕਿਹਾ, "ਸਾਡੇ ਕੋਲ ਨਵੀਂ ਪੀੜ੍ਹੀ ਦੀਆਂ ਕੌਮੀ ਜਲਵਾਯੂ ਯੋਜਨਾਵਾਂ ਰਾਹੀਂ ਗਰੀਨ ਹਾਊਸ ਗੈਸਾਂ ਦੇ ਨਿਕਾਸ ਨੂੰ ਰੋਕਣ ਦਾ ਮੌਕਾ ਹੈ।" ਉਹ ਲੰਡਨ ਵਿੱਚ ਚੈਟਮ ਹਾਊਸ ਵਿੱਚ ਭਾਸ਼ਣ ਦੇ ਰਹੇ ਸਨ। ਉਨ੍ਹਾਂ ਕਿਹਾ ਕਿ ਜਲਵਾਯੂ ਬਦਲਾਅ ਸਬੰਧੀ ਉਪਰਾਲੇ ਕਰਨਾ ਸਿਰਫ਼ ਤਾਕਤਵਰ ਲੋਕਾਂ ਦਾ ਕੰਮ ਨਹੀਂ ਹੈ। ਉਨ੍ਹਾਂ ਕਿਹਾ, "ਅਸਲ ਵਿੱਚ ਕਿਨ੍ਹਾਂ ਕੋਲ ਇਹ ਦੁਨੀਆ ਬਚਾਉਣ ਲਈ ਦੋ ਸਾਲ ਦਾ ਸਮਾਂ ਹੈ ? ਜਵਾਬ ਹੈ ਇਸ ਗ੍ਰਹਿ ਦੇ ਹਰੇਕ ਵਿਅਕਤੀ ਕੋਲ।" ਸਟੀਲ ਨੇ ਕਿਹਾ, "ਸਮਾਜ ਵਿੱਚ ਜ਼ਿਆਦਾ ਤੋਂ ਜ਼ਿਆਦਾ ਲੋਕ ਚਾਹੁੰਦੇ ਹਨ ਕਿ ਜਲਵਾਯੂ ਨੂੰ ਬਚਾਉਣ ਲਈ ਤੁਰੰਤ ਉਪਰਾਲੇ ਕੀਤੇ ਜਾਣ ਕਿਉਂਕਿ ਉਹ ਮਹਿਸੂਸ ਕਰ ਰਹੇ ਹਨ ਕਿ ਜਲਵਾਯੂ ਸੰਕਟ ਉਨ੍ਹਾਂ ਦੀ ਰੋਜ਼ਾਨਾ ਦੀ ਜ਼ਿੰਦਗੀ ਅਤੇ ਉਨ੍ਹਾਂ ਦੇ ਘਰ ਦੇ ਬਜਟ ਨੂੰ ਪ੍ਰਭਾਵਿਤ ਕਰ ਰਿਹਾ ਹੈ।" ਉਨ੍ਹਾਂ ਕਿਹਾ, "ਫ਼ਸਲਾਂ ਤਬਾਹ ਹੋ ਰਹੀਆਂ ਹਨ, ਸੋਕਾ ਵਧ ਰਿਹਾ ਹੈ, ਇਸ ਵਾਸਤੇ ਜ਼ਹਿਰੀਲੀਆਂ ਗੈਸਾਂ ਦਾ ਨਿਕਾਸ ਰੋਕਣ ਲਈ ਸਖ਼ਤ ਕਦਮ ਉਠਾਏ ਜਾਣ ਦੀ ਲੋੜ ਹੈ।" ਅਮਰੀਕਾ ਸਰਕਾਰ ਦੇ ਪਿਛਲੇ ਸਾਲ ਹਵਾ 'ਚ ਕਾਰਬਨ ਡਾਇਆਕਸਾਈਡ ਤੇ ਮੀਥੇਨ ਗੈਸਾਂ ਦਾ ਪੱਧਰ ਸਭ ਤੋਂ ਵੱਧ ਸੀ। ਹਾਲਾਂਕਿ, ਵਿਗਿਆਨੀਆਂ ਦਾ ਅਨੁਮਾਨ ਸੀ ਕਿ ਵਿਸ਼ਵ 'ਚ ਕਾਰਬਨ ਡਾਇਆਕਸਾਈਡ ਦੇ ਨਿਕਾਸ ਵਿੱਚ 1.1 ਫੀਸਦ ਦਾ ਵਾਧਾ ਹੋਇਆ ਹੈ। ਆਲਮੀ ਤਾਪਮਾਨ ਨਿਗਰਾਨੀ ਸਮੂਹਾਂ ਨੇ ਕਿਹਾ ਕਿ ਲੰਘਿਆ ਵਰ੍ਹਾ ਹੁਣ ਤੱਕ ਦਾ ਸਭ ਤੋਂ ਗਰਮ ਸਾਲ ਦਰਜ ਕੀਤਾ ਗਿਆ ਸੀ।


## ਮਜ਼ਬੂਤ ਸਬੰਧ ਭਾਰਤ-ਚੀਨ ਦੇ ਸਾਂਝੇ ਹਿੱਤਾਂ ਲਈ ਜ਼ਰੂਰੀ: ਚੀਨ

ਪੇਈਚਿੰਗ : ਚੀਨ ਨੇ ਸਰਹੱਦੀ ਵਿਵਾਦ ਬਾਰੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਟਿੱਪਣੀਆਂ 'ਤੇ ਪ੍ਰਤੀਕਿਰਿਆ ਜ਼ਾਹਿਰ ਕਰਦਿਆਂ ਕਿਹਾ ਕਿ ਮਜ਼ਬੂਤ ਤੇ ਸਥਿਰ ਸਬੰਧ ਚੀਨ ਤੇ ਭਾਰਤ ਦੇ ਸਾਂਝੇ ਹਿੱਤਾਂ ਦੀ ਪੂਰਤੀ ਕਰਦੇ ਹਨ। ਪ੍ਰਧਾਨ ਮੰਤਰੀ ਨੇ ਕਿਹਾ ਸੀ ਕਿ ਨਵੀਂ ਦਿੱਲੀ ਲਈ ਪੇਈਚਿੰਗ ਨਾਲ ਸਬੰਧ ਮਹੱਤਵਪੂਰਨ ਹਨ ਅਤੇ ਸਰਹੱਦਾਂ 'ਤੇ ਲੰਮੇ ਸਮੇਂ ਤੋਂ ਬਣੇ ਹਾਲਾਤ ਦਾ ਤੁਰੰਤ ਹੱਲ ਕਰਨਾ ਚਾਹੀਦਾ ਹੈ। ਅਮਰੀਕੀ ਮੈਗਜ਼ੀਨ 'ਨਿਊਜ਼ਵੀਕ' ਜਿਸ ਨੇ ਭਾਰਤ ਦੇ ਉਭਾਰ ਨੂੰ 'ਅਜੇਤੂ' ਦੱਸਿਆ ਸੀ, ਨੂੰ ਦਿੱਤੀ ਇੱਕ ਇੰਟਰਵਿਊ 'ਚ ਪ੍ਰਧਾਨ ਮੰਤਰੀ ਮੋਦੀ ਨੇ ਆਸ ਜ਼ਾਹਿਰ ਕੀਤੀ ਕਿ ਕੂਟਨੀਤਕ ਤੇ ਫੌਜੀ ਪੱਧਰ 'ਤੇ ਸਕਾਰਾਤਮਕ ਤੇ ਰਚਨਾਤਮਕ ਦੁਵੱਲੇ ਸਬੰਧਾਂ ਰਾਹੀਂ ਦੋਵੇਂ ਮੁਲਕ ਆਪਣੀਆਂ ਸਰਹੱਦਾਂ 'ਤੇ ਸ਼ਾਂਤੀ ਬਹਾਲ ਕਰਨ ਅਤੇ ਇਸ ਨੂੰ ਬਣਾਏ ਰੱਖਣ ਦੇ ਸਮਰੱਥ ਹੋਣਗੇ। ਚੀਨ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਮਾਓ ਨਿੰਗ ਤੋਂ ਜਦੋਂ ਮੋਦੀ ਦੇ ਬਿਆਨ 'ਤੇ ਪ੍ਰਤੀਕਿਰਿਆ ਮੰਗੀ ਗਈ ਤਾਂ ਉਨ੍ਹਾਂ ਇੱਥੇ ਇੱਕ ਪ੍ਰੈੱਸ ਕਾਨਫਰੰਸ 'ਚ ਕਿਹਾ, 'ਚੀਨ ਨੇ ਪ੍ਰਧਾਨ ਮੰਤਰੀ ਦੀਆਂ ਟਿੱਪਣੀਆਂ 'ਤੇ ਗੌਰ ਕੀਤਾ ਹੈ।' ਉਨ੍ਹਾਂ ਕਿਹਾ, 'ਸਾਡਾ ਮੰਨਣਾ ਹੈ ਕਿ ਮਜ਼ਬੂਤ ਤੇ ਸਥਿਰ ਚੀਨ-ਭਾਰਤ ਸਬੰਧ ਦੋਵਾਂ ਧਿਰਾਂ ਦੇ ਸਾਂਝੇ ਹਿੱਤਾਂ ਦੀ ਪੂਰਤੀ ਕਰਦੇ ਹਨ ਅਤੇ ਸ਼ਾਂਤੀ ਤੇ ਖੇਤਰ ਅਤੇ ਉਸ ਤੋਂ ਦੂਰ ਦੇ ਖਿੱਤੇ ਦੇ ਵਿਕਾਸ ਲਈ ਢੁੱਕਵੇਂ ਹਨ।' ਉਨ੍ਹਾਂ ਕਿਹਾ ਕਿ ਸਰਹੱਦ ਨਾਲ ਜੁੜਿਆ ਸਵਾਲ ਭਾਰਤ-ਚੀਨ ਸਬੰਧਾਂ ਦੀ ਮੁਕੰਮਲ ਢੰਗ ਨਾਲ ਨੁਮਾਇੰਦਗੀ ਨਹੀਂ ਕਰਦਾ ਅਤੇ ਇਸ ਨੂੰ ਦੁਵੱਲੇ ਸਬੰਧਾਂ 'ਚ ਢੁੱਕਵੇਂ ਢੰਗ ਨਾਲ ਰੱਖਿਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਦੋਵੇਂ ਮੁਲਕ ਕੂਟਨੀਤਕ ਤੇ ਫੌਜੀ ਪੱਧਰ 'ਤੇ ਕਰੀਬੀ ਸੰਪਰਕ ਵਿੱਚ ਹਾਂ।ਕਾਂਗਰਸ ਨੇ ਸਰਹੱਦੀ ਉਲੰਘਣਾ ਦੇ ਮਾਮਲੇ 'ਚ ਚੀਨ ਨੂੰ 'ਬੇਅਸਰ ਅਤੇ ਕਮਜ਼ੋਰ' ਪ੍ਰਤੀਕਰਮ ਦੇਣ ਲਈ ਵੀਰਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਆਲੋਚਨਾ ਕੀਤੀ ਹੈ। ਉਨ੍ਹਾਂ ਮੰਗ ਕੀਤੀ ਕਿ ਉਹ ਆਪਣੇ ਜੂਨ 2020 ਦੇ ਉਸ ਬਿਆਨ ਲਈ 140 ਕਰੋੜ ਭਾਰਤੀਆਂ ਤੋਂ ਮੁਆਫ਼ੀ ਮੰਗਣ ਜਿਸ 'ਚ ਉਨ੍ਹਾਂ ਦਾਅਵਾ ਕੀਤਾ ਸੀ ਕਿ ਨਾ ਤਾਂ ਕਿਸੇ ਨੇ ਭਾਰਤ 'ਚ ਪ੍ਰਵੇਸ਼ ਕੀਤਾ ਹੈ ਅਤੇ ਨਾ ਹੀ ਕਿਸੇ ਚੌਕੀ 'ਤੇ ਕਬਜ਼ਾ ਕੀਤਾ ਗਿਆ ਹੈ।

## ਪਹਿਲੀ ਵਾਰ ਘਰ ਖਰੀਦਣ ਵਾਲਿਆਂ ਨੂੰ ਮਿਲੇਗੀ ਰਾਹਤ : ਵਿੱਤ ਮੰਤਰੀ ਫ਼੍ਰੀਲੈਂਡ

ਓਟਾਵਾ : ਕੈਨੇਡਾ ਵਿੱਚ ਪਹਿਲੀ ਵਾਰ ਖਰ ਖਰੀਦਣ ਵਾਲਿਆਂ ਨੂੰ ਕੁਝ ਰਾਹਤ ਦਿੰਦੇ ਹੋਏ ਕੈਨੇਡਾ ਸਰਕਾਰ ਵਲੋਂ ਐਲਾਨ ਕੀਤਾ ਗਿਆ ਹੈ ਕਿ ਹੁਣ ਪਹਿਲੀ ਵਾਰ ਨਵੇਂ ਘਰ ਦੇ ਖਰੀਦਦਾਰਾਂ ਨੂੰ ਮੋਰਟਗੇਜ਼ ਅਦਾਇਗੀ ਲਈ 25 ਸਾਲ ਦੀ ਮਿਆਦ ਤੋਂ ਵਧਾ ਕੇ 30 ਸਾਲ ਤੱਕ ਕਰ ਦੇਵੇਗੀ। ਵਿੱਤ ਮੰਤਰੀ ਕ੍ਰਿਸਟੀਆ ਫ਼੍ਰੀਲੈਂਡ ਨੇ ਇਹ ਐਲਾਨ ਕਰਦਿਆਂ ਕਿਹਾ ਕਿ ਇਹ ਤਬਦੀਲੀ 1 ਅਗਸਤ ਤੋਂ ਪ੍ਰਭਾਵੀ ਹੋਵੇਗੀ। ਮੌਜੂਦਾ ਨਿਯਮਾਂ ਅਨੁਸਾਰ ਜੇ ਘਰ ਖ਼ਰੀਦਣ ਸਮੇਂ ਅਦਾਇਗੀ ਜੇ ਘਰ ਦੀ ਕੀਮਤ ਤੋਂ 20% ਘੱਟ ਹੁੰਦੀ ਹੈ, ਤਾਂ ਖ਼ਰੀਦਾਰ ਨੂੰ ਮੌਰਗੇਜ ਕਰਜ਼ਾ 25 ਸਾਲ ਦੇ ਅੰਦਰ ਬਰਾਬਰ ਮਹੀਨਾਵਾਰ ਕਿਸ਼ਤਾਂ ਵਿਚ ਉਤਾਰਨਾ ਹੁੰਦਾ ਹੈ। ਕੈਨੇਡੀਅਨ ਹੋਮ ਬਿਲਡਰ ਅਸੋਸੀਏਸ਼ਨ ਪਿਛਲੇ ਲੰਬੇ ਸਮੇਂ ਤੋਂ ਇਹ ਮਿਆਦ ਵਧਾਉਣ ਦੀ ਮੰਗ ਕਰ ਰਹੀ ਸੀ, ਤਾਂ ਕਿ ਪੰਜ ਸਾਲ ਦੀ ਹੋਰ ਮਿਆਦ ਵਧਣ ਨਾਲ ਲੋਕਾਂ ਦੀ ਮਹੀਨਾਵਾਰ ਕਿਸ਼ਤ ਘਟ ਜਾਵੇਗੀ ਅਤੇ ਘਰ ਖ਼ਰੀਦਣਾ ਅਸਾਨ ਹੋ ਜਾਵੇਗਾ। ਇਸ ਨਾਲ ਘਰਾਂ ਦੀ ਉਸਾਰੀ ਨੂੰ ਵੀ ਹੁਲਾਰਾ ਮਿਲੇਗਾ। ਫ਼੍ਰੀਲੈਂਡ ਨੇ ਇਹ ਵੀ ਐਲਾਨਿਆ ਕਿ ਪਹਿਲੀ ਵਾਰੀ ਘਰ ਖ਼ਰੀਦਣ ਵਾਲੇ ਆਪਣੇ ਫ਼ਸ਼ਫ ਖਾਤਿਆਂ ਚੋਂ 35,000 ਡਾਲਰ ਦੀ ਬਜਾਏ 60,000 ਡਾਲਰ ਤੱਕ ਵਰਤ ਸਕਦੇ ਹਨ। ਇਹ ਤਬਦੀਲੀ 16 ਅਪ੍ਰੈਲ ਨੂੰ ਫ਼ੈਡਰਲ ਬਜਟ ਪੇਸ਼ ਹੋਣ ਵਾਲੇ ਦਿਨ ਹੀ ਲਾਗੂ ਹੋ ਜਾਵੇਗੀ। ਫ਼੍ਰੀਲੈਂਡ ਨੇ ਕਿਹਾ ਕਿ ਹੁਣ ਤੱਕ 750,000 ਤੋਂ ਵੱਧ ਕੈਨੇਡੀਅਨਾਂ ਨੇ ਢਸ਼ਅ ਖੋਲ੍ਹਿਆ ਹੈ। ਹਾਲਾਂਕਿ ਇਹ ਪ੍ਰੋਗਰਾਮ ਪਿਛਲੇ ਸਾਲ 1 ਅਪ੍ਰੈਲ ਨੂੰ ਔਨਲਾਈਨ ਕਰ ਦਿੱਤਾ ਗਿਆ ਸੀ, ਪਰ ਜਿਆਦਾਤਰ ਕੈਨੇਡੀਅਨ ਵਿੱਤੀ ਸੰਸਥਾਵਾਂ ਨੇ ਪਿਛਲੀ ਗਰਮੀਆਂ ਜਾਂ ਫ਼ੌਲ ਤੋਂ ਹੀ ਇਸ ਖਾਤੇ ਦੀ ਪੇਸ਼ਕਸ਼ ਸ਼ੁਰੂ ਕੀਤੀ ਸੀ। ਸਰਕਾਰ ਨੇ ਕੈਨੇਡੀਅਨ ਮੌਰਗੇਜ ਚਾਰਟਰ ਵਿੱਚ ਤਬਦੀਲੀਆਂ ਦਾ ਵੀ ਐਲਾਨ ਕੀਤਾ ਹੈ। ਨਵੇਂ ਵਿੱਚ ਐਲਾਨੇ ਗਏ ਕੈਨੇਡੀਅਨ ਮੌਰਗੇਜ ਚਾਰਟਰ ਦੇ ਤਹਿਤ, ਫੈਡਰਲ ਸਰਕਾਰ ਇਹ ਮੰਗ ਕਰਦੀ ਹੈ ਕਿ ਬੈਂਕ ਘਰ ਦੇ ਮਾਲਕਾਂ ਨੂੰ ਉਹਨਾਂ ਦੀ ਮੌਰਗੇਜ ਨਵਿਆਉਣ ਦੀ ਮਿਤੀ ਤੋਂ ਚਾਰ ਤੋਂ ਛੇ ਮਹੀਨੇ ਪਹਿਲਾਂ ਪਹੁੰਚ ਕਰਨ ਤਾਂ ਜੋ ਉਹਨਾਂ ਨੂੰ ਕਿਫਾਇਤੀ ਵਿਕਲਪਾਂ ਬਾਰੇ ਸੂਚਿਤ ਕੀਤਾ ਜਾ ਸਕੇ। ਫ਼੍ਰੀਲੈਂਡ ਨੇ ਵੀਰਵਾਰ ਨੂੰ ਕਿਹਾ ਕਿ ਕਰਜ਼ਾ ਦੇਣ ਵਾਲੇ ਅਦਾਰਿਆਂ ਨੂੰ ਘਰ ਦੇ ਮਾਲਕ ਨਾਲ ਮੌਰਗੇਜ ਨਵਿਆਉਣ ਤੋਂ 24 ਮਹੀਨੇ ਪਹਿਲਾਂ ਵਿਕਲਪਾਂ 'ਤੇ ਚਰਚਾ ਕਰਨ ਲਈ ਸੰਪਰਕ ਕਰਨਾ ਹੋਵੇਗਾ। ਮੌਰਗੇਜ ਚਾਰਟਰ ਤਹਿਤ ਕਰਜ਼ਾ ਦੇਣ ਵਾਲੇ ਅਦਾਰੇ ਉਹਨਾਂ ਮੌਰਗੇਜ ਧਾਰਕਾਂ ਲਈ ਅਮੋਰਟਾਈਜ਼ੇਸ਼ਨ ਮਿਆਦ 'ਤੇ ਅਸਥਾਈ ਐਕਸਟੈਂਸ਼ਨ ਪ੍ਰਦਾਨ ਕਰਦੇ ਹਨ ਜੋ ਵਿੱਤੀ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹੋਣ। ਫ਼੍ਰੀਲੈਂਡ ਨੇ ਵੀਰਵਾਰ ਨੂੰ ਕਿਹਾ ਕਿ ਇਸ ਅਸਥਾਈ ਉਪਾਅ ਨੂੰ ਹੁਣ ਸਥਾਈ ਬਣਾਇਆ ਜਾ ਰਿਹਾ ਹੈ। ਉਹਨਾਂ ਕਿਹਾ ਕਿ ਘਰ ਦੇ ਮਾਲਕ ਦੀਆਂ ਸਥਿਤੀਆਂ 'ਤੇ ਨਿਰਭਰ ਕਰਦਿਆਂ, ਅਮੋਰਟਾਈਜ਼ੇਸ਼ਨ ਦੀ ਮਿਆਦ ਸਥਾਈ ਕੀਤੀ ਜਾ ਸਕਦੀ ਹੈ, ਇੱਥੋਂ ਤੱਕ ਕਿ ਬੀਮਾਯੁਕਤ ਮੌਰਗੇਜ ਵਾਲੇ ਲੋਕਾਂ ਲਈ ਵੀ ਕੀਤੀ ਜਾ ਸਕਦੀ ਹੈ, ਅਤੇ ਇਹ ਤਬਦੀਲੀ ਕਰਨ ਨਾਲ ਕੋਈ ਵਾਧੂ ਫੀਸ ਜਾਂ ਜੁਰਮਾਨੇ ਨਹੀਂ ਹੋਣਗੇ।




Canada
Joyeux Vaisakhi
DE LA PART DE VOS DÉPUTÉS FÉDÉRAUX LIBÉRAUX
Happy Vaisakhi
FROM YOUR FEDERAL LIBERAL MPs
TRÈS HON. JUSTIN TRUDEAU
DÉPUTÉ / MP
Papineau
Justin.Trudeau.c1c@parl.gc.ca
(514) 277-6020
ANJU DHILLON
DÉPUTÉE / MP
Dorval – Lachine – LaSalle
Anju.Dhillon@parl.gc.ca
(514) 639-4497
EMMANUEL DUBOURG
DÉPUTÉ / MP
Bourassa
Emmanuel.Dubourg@parl.gc.ca
(514) 323-1212
FAYÇAL EL-KHOURY
DÉPUTÉ / MP
Laval – Les Îles
Faycal.El-Khoury@parl.gc.ca
(450) 689-4594
ANNA GAINEY
DÉPUTÉE / MP
Notre-Dame-de-Grâce-Westmount
Anna.Gainey@parl.gc.ca
(514) 481-1897
HON. STEVEN GUILBEAULT
DÉPUTÉ / MP
Laurier – Sainte-Marie
Steven.Guilbeault@parl.gc.ca
(514) 522-1339
ANTHONY HOUSEFATHER
DÉPUTÉ / MP
Mont-Royal / Mount Royal
Anthony.Housefather@parl.gc.ca
(514) 283-0171
ANGELO IACONO
DÉPUTÉ / MP
Alfred-Pellan
Angelo.Iacono@parl.gc.ca
(450) 661-4117
HON. MÉLANIE JOLY
DÉPUTÉE / MP
Ahuntsic-Cartierville
Melanie.Joly@parl.gc.ca
(514) 383-3709
ANNIE KOUTRAKIS
DÉPUTÉE / MP
Vimy
Annie.Koutrakis@parl.gc.ca
(450) 973-5660
EMMANUELLA LAMBROPOULOS
DÉPUTÉE / MP
Saint-Laurent
Emmanuella.Lambropoulos@parl.gc.ca
(514) 335-6655
PATRICIA LATTANZIO
DÉPUTÉE / MP
Saint-Léonard – Saint-Michel
Patricia.Lattanzio@parl.gc.ca
(514) 256-4548
HON. SORAYA MARTINEZ FERRADA
DÉPUTÉE / MP
Hochelaga
Soraya.Martinez.Ferrada@parl.gc.ca
(514) 283-2655
ALEXANDRA MENDÈS
DÉPUTÉE / MP
Brossard – Saint-Lambert
Alexandra.Mendes@parl.gc.ca
(450) 466-6872
HON. MARC MILLER
DÉPUTÉ / MP
Ville-Marie–Le Sud-Ouest–Île-des-Soeurs
Marc.Miller@parl.gc.ca
(514) 496-4885
YVES ROBILLARD
DÉPUTÉ / MP
Marc-Aurèle-Fortin
Yves.Robillard@parl.gc.ca
(450) 622-2992
HON. PABLO RODRIGUEZ
DÉPUTÉ / MP
Honoré-Mercier
Pablo.Rodriguez@parl.gc.ca
(514) 353-5044
FRANCIS SCARPALEGGIA
DÉPUTÉ / MP
Lac-Saint-Louis
Francis.Scarpaleggia@parl.gc.ca
(514) 695-6661
SHERRY ROMANADO
DÉPUTÉE / MP
Longueuil – Charles-LeMoyne
Sherry.Romanado@parl.gc.ca
(450) 671-1222
SAMEER ZUBERI
DÉPUTÉ / MP
Pierrefonds – Dollard
Sameer.Zuberi@parl.gc.ca
(514) 624-5725

# ਗੁਰਦੁਆਰਾ ਸਿੱਖ ਟੈਂਪਲ ਐਡਮਿੰਟਨ ਦੇ ਪ੍ਰਧਾਨ ਦਾ ਗੋਲੀਆਂ ਮਾਰ ਕੇ ਕਤਲ




ਸਰੀ – ਕੈਨੇਡਾ ਦੇ ਐਡਮਿੰਟਨ ਦੇ ਇੱਕ ਨਾਮੀ ਬਿਲਡਰ ਅਤੇ ਗੁਰਦੁਆਰਾ ਸਿੱਖ ਟੈਂਪਲ ਦੇ ਪ੍ਰਧਾਨ ਬੂਟਾ ਸਿੰਘ ਗਿੱਲ ਦਾ ਦਿਨ–ਦਿਹਾੜੇ ਗੋਲੀਆਂ ਮਾਰ ਕੇ ਕਤਲ ਕੀਤੇ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਹ ਘਟਨਾ ਮ੍ਰਿਤਕ ਬੂਟਾ ਸਿੰਘ ਗਿੱਲ, ਜਿਸਦਾ ਪਿਛਲਾ ਪਿੰਡ ਲਾਂਧੜਾ (ਨੇੜੇ ਫਿਲੌਰ) ਹੈ, ਦੇ ਕਾਰੋਬਾਰ ਨਾਲ ਜੁੜੀ ਇੱਕ ਕੰਸਟ੍ਰਕਸ਼ਨ ਸਾਈਟ ਤੇ ਵਾਪਰੀ ਦੱਸੀ ਜਾ ਰਹੀ ਹੈ ਜੋ ਮਿਲਵੁੱਡ ਰਿੱਕ ਸੈਂਟਰ ਦੇ ਨੇੜੇ ਸਥਿੱਤ ਹੈ। ਮਿਲੀਆਂ ਖ਼ਬਰਾਂ ਅਨੁਸਾਰ ਹਮਲਾਵਰ ਨਿੱਕ ਧਾਲੀਵਾਲ ਵੀ ਕੰਸਟ੍ਰਕਸ਼ਨ ਦੇ ਕਿੱਤੇ ਨਾਲ ਬਤੌਰ ਰੂਫਰ ਜੁੜਿਆ ਹੋਇਆ ਸੀ। ਇਸ ਘਟਨਾ ਦਾ ਤੀਜਾ ਸ਼ਿਕਾਰ ਸਰਬਜੀਤ ਸਿੰਘ ਦੱਸਿਆ ਗਿਆ ਹੈ ਜੋ ਇੱਕ ਸਿਵਲ ਇੰਜਨੀਅਰ ਹੈ ਜੋ ਗੰਭੀਰ ਜ਼ਖ਼ਮੀ ਹਾਲਤ ਵਿਚ ਜ਼ਿੰਦਗੀ ਅਤੇ ਮੌਤ ਵਿਚਾਲੇ ਲੜਾਈ ਲੜ ਰਿਹਾ ਹੈ।


ਸੂਤਰਾਂ ਮੁਤਾਬਕ ਤਿੰਨੋਂ ਵਿਅਕਤੀ ਕੰਸਟ੍ਰਕਸ਼ਨ ਸਾਈਟ ਤੇ ਮੌਜੂਦ ਸਨ, ਜਦੋਂ ਗਿੱਲ ਅਤੇ ਧਾਲੀਵਾਲ ਵਿਚਕਾਰ ਕਿਸੇ ਗੱਲ ਨੂੰ ਲੈ ਕੇ ਬਹਿਸਬਾਜ਼ੀ ਹੋ ਗਈ, ਜਿਸ ਮਗਰੋਂ ਧਾਲੀਵਾਲ ਨੇ ਆਪਣੀ ਪਿਸਤੌਲ ਕੱਢੀ ਅਤੇ ਗੋਲੀਆਂ ਚਲਾ ਦਿੱਤੀਆਂ, ਜਿਸ ਨਾਲ ਧਾਲੀਵਾਲ ਦੀ ਮੌਕੇ ਤੇ ਹੀ ਮੌਤ ਹੋ ਗਈ ਅਤੇ ਇੰਜਨੀਅਰ ਸਰਬਜੀਤ ਸਿੰਘ ਜ਼ਖ਼ਮੀ ਹੋ ਗਿਆ। ਸੂਤਰਾਂ ਅਨੁਸਾਰ ਘਟਨਾ ਉਪਰੰਤ ਨਿੱਕ ਧਾਲੀਵਾਲ ਨੇ ਖੁਦ ਨੂੰ ਵੀ ਗੋਲੀ ਮਾਰ ਲਈ ਅਤੇ ਮੌਕੇ ਤੇ ਹੀ ਮਾਰਿਆ ਗਿਆ।

ਭਾਵੇਂ ਫਿਲਹਾਲ ਝਗੜੇ ਦਾ ਕੋਈ ਸਪਸ਼ਟ ਕਾਰਨ ਸਾਹਮਣੇ ਨਹੀਂ ਆਇਆ ਪਰ ਚਰਚਾਵਾਂ ਦਾ ਦੌਰ ਜਾਰੀ ਹੈ। ਦੱਸਿਆ ਜਾ ਰਿਹਾ ਹੈ ਕਿ ਜਿਸ ਗੁਰਦੁਆਰਾ ਸਾਹਿਬ ਦਾ ਗਿੱਲ ਪ੍ਰਧਾਨ ਸੀ ਉਹ ਖਾਲਿਸਤਾਨੀ ਲਹਿਰ ਦੀਆਂ ਸੰਚਾਲਕ ਸੰਸਥਾਵਾਂ ਵਿੱਚ ਮੋਹਰੀ ਕਰਕੇ ਜਾਣਿਆ ਜਾਂਦਾ ਹੈ। ਹੁਣ ਦੋਵੇਂ ਮ੍ਰਿਤਕਾਂ ਵਿਚਕਾਰ ਝਗੜੇ ਦਾ ਕਾਰਨ ਖਾਲਿਸਤਾਨੀ ਲਹਿਰ ਦੀ ਸਿਆਸਤ ਬਣੀ ਹੈ ਜਾਂ ਕੋਈ ਕਾਰੋਬਾਰੀ ਲੈਣ–ਦੇਣ ਇਹ ਜਾਂਚ ਦਾ ਵਿਸ਼ਾ ਹੈ। ਸੂਤਰ ਇਹ ਵੀ ਦੱਸਦੇ ਹਨ ਕਿ ਮਰਹੂਮ ਗਿੱਲ ਨੇ ਇਸ ਤੋਂ ਪਹਿਲਾਂ 2–3 ਵਾਰ ਫਿਰੌਤੀਆਂ ਮੰਗੇ ਜਾਣ ਬਾਰੇ ਪੁਲਸ ਰਿਪੋਰਟ ਵੀ ਕੀਤੀ ਸੀ। ਪੁਲਸ ਨੇ ਮਾਮਲਾ ਆਪਣੇ ਹੱਥਾਂ ਵਿੱਚ ਲੈ ਕੇ ਤਫ਼ਤੀਸ਼ ਸ਼ੁਰੂ ਕਰ ਦਿੱਤੀ ਹੈ।

ਜ਼ਿਕਰਯੋਗ ਹੈ ਕਿ ਐਡਮਿੰਟਨ ਦੇ ਕੁਝ ਹੋਰ ਬਿਲਡਰਾਂ ਨੂੰ ਫਿਰੌਤੀ ਦੀਆਂ ਧਮਕੀਆਂ ਮਿਲਦੀਆਂ ਰਹੀਆਂ ਹਨ ਅਤੇ ਸ਼ਹਿਰ ਵਿੱਚ ਨਵੇਂ ਬਣਨ ਵਾਲੇ ਕੁਝ ਘਰਾਂ ਨੂੰ ਅੱਗ ਦੇ ਹਵਾਲੇ ਕੀਤੇ ਜਾਣ ਦੀਆਂ ਘਟਨਾਵਾਂ ਵੀ ਵਾਪਰੀਆਂ ਹਨ। ਇਸ ਘਟਨਾ ਨਾਲ ਇਲਾਕੇ ਅਤੇ ਭਾਈਚਾਰੇ ਵਿੱਚ ਸੋਗ ਅਤੇ ਸਹਿਮ ਦਾ ਮਾਹੌਲ ਬਣਿਆ ਹੋਇਆ ਹੈ। ਭਾਈਚਾਰੇ ਦੀਆਂ ਪ੍ਰਮੁੱਖ ਸਖਸ਼ੀਅਤਾਂ ਮੈਂਬਰ ਪਾਰਲੀਮੈਂਟ ਟਿਮ ਉੱਪਲ, ਸ਼ਹਿਰ ਦੇ ਮੇਅਰ ਅਮਰਜੀਤ ਸਿੰਘ ਸੋਹੀ, ਰੇਡੀਓ ਇੰਡੀਆ ਦੇ ਮੈਨੇਜਿੰਗ ਡਾਇਰੈਕਟਰ ਮਨਿੰਦਰ ਗਿੱਲ ਅਤੇ ਗੁਰਸ਼ਰਨ ਸਿੰਘ ਬੁੱਟਰ ਨੇ ਇਸ ਘਟਨਾ ਨੂੰ ਭਾਈਚਾਰੇ ਲਈ ਮੰਦਭਾਗਾ ਦੱਸਦਿਆਂ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

# ਕੈਨੇਡਾ ਚ ਭਾਰਤੀ ਨੌਜਵਾਨ ਕਈ ਦਿਨਾਂ ਤੋਂ ਲਾਪਤਾ, ਚਿੰਤਾ ਚ ਪਰਿਵਾਰ

ਕੈਲੋਨਾ: ਕੈਨੇਡਾ ਦੇ ਬ੍ਰਿਟਿਸ ਕੋਲੰਬੀਆ (ਬੀ.ਸੀ.) ਵਿਚ ਇਕ ਭਾਰਤੀ ਨੌਜਵਾਨ ਦੇ ਲਾਪਤਾ ਹੋਣ ਦੀ ਜਾਣਕਾਰੀ ਸਾਹਮਣੇ ਆਈ ਹੈ। ਕੈਲੋਨਾ ਆਰ.ਸੀ.ਐਮ.ਪੀ. ਵੱਲੋਂ 23 ਸਾਲ ਦੇ ਕੇਤਨ ਸ਼ਰਮਾ ਦੀ ਭਾਲ ਲਈ ਲੋਕਾਂ ਤੋਂ ਮਦਦ ਮੰਗੀ ਗਈ ਹੈ ਜਿਸ ਨੂੰ ਆਖਰੀ ਵਾਰ ਪਹਿਲੀ ਮਾਰਚ ਨੂੰ ਦੇਖਿਆ ਗਿਆ। ਪੁਲਸ ਨੇ ਦੱਸਿਆ ਕਿ ਕੇਤਨ ਸ਼ਰਮਾ ਨੇ ਪਹਿਲੀ ਮਾਰਚ ਨੂੰ ਆਪਣੇ ਇਕ ਦੋਸਤ ਨਾਲ ਫੋਨ ’ਤੇ ਗੱਲਬਾਤ ਕਰਦਿਆਂ ਕਿਹਾ ਸੀ ਕਿ ਉਹ ਸਰੀ ਵਿਖੇ ਆਪਣੇ ਪਰਿਵਾਰਕ ਮੈਂਬਰ ਨੂੰ ਮਿਲਣ ਜਾ ਰਿਹਾ ਹੈ। ਦੂਜੇ ਪਾਸੇ ਪੁਲਸ ਦੀ ਪੜਤਾਲ ਦੌਰਾਨ ਸਾਹਮਣੇ ਆਇਆ ਕਿ ਕੇਤਨ ਸ਼ਰਮਾ 1 ਅਤੇ 2 ਮਾਰਚ ਨੂੰ ਫੋਰਟ ਨੈਲਸਨ ਇਲਾਕੇ ਵਿਚ ਮੌਜੂਦ ਸੀ।



ਚਿੰਤਾ ਵਿਚ ਪਰਿਵਾਰ

ਕੇਤਨ ਸ਼ਰਮਾ ਕੋਲ ਕੋਈ ਗੱਡੀ ਹੋਣ ਦੀ ਰਿਪੋਰਟ ਨਹੀਂ ਅਤੇ ਬੀ.ਸੀ. ਦੇ ਉਤਰੀ ਇਲਾਕੇ ਵਿਚ ਉਸ ਦਾ ਕੋਈ ਜਾਣਕਾਰ ਵੀ ਨਹੀਂ ਰਹਿੰਦਾ। ਕੇਤਨ ਸ਼ਰਮਾ ਦਾ ਪਰਿਵਾਰ ਅਤੇ ਦੋਸਤ ਉਸ ਦੀ ਸੁੱਖ ਸਾਂਦ ਪ੍ਰਤੀ ਬੇਹੱਦ ਚਿੰਤਤ ਹਨ। ਕੇਤਨ ਸ਼ਰਮਾ ਦਾ ਹੁਲੀਆ ਬਿਆਨ ਕਰਦਿਆਂ ਪੁਲਸ ਨੇ ਦੱਸਿਆ ਕਿ ਉਸ ਦਾ ਕੱਦ 5 ਫੁੱਟ 10 ਇੰਚ, ਵਜ਼ਨ ਤਕਰੀਬਨ 65 ਕਿਲੋ ਹੈ। ਸਿਰ ਗੰਜਾਪਣ ਅਤੇ ਗੂੜ੍ਹੇ ਰੰਗੀ ਦੀ ਦਾੜ੍ਹੀ ਤੋਂ ਇਲਾਵਾ ਆਖਰੀ ਵਾਰ ਦੇਖੇ ਜਾਣ ਵੇਲੇ ਉਸ ਨੇ ਐਨਕਾਂ ਵੀ ਲਾਈਆਂ ਹੋਈਆਂ ਸਨ। ਪੁਲਸ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇ ਕਿਸੇ ਕੋਲ ਕੇਤਨ ਸ਼ਰਮਾ ਦੇ ਪਤੇ ਟਿਕਾਣੇ ਬਾਰੇ ਕੋਈ ਜਾਣਕਾਰੀ ਹੋਵੇ ਤਾਂ ਉਹ ਤੁਰੰਤ 250 762 3300 ’ਤੇ ਸੰਪਰਕ ਕਰੇ।

# ਭਾਰਤ, ਪਾਕਿਸਤਾਨ ਨੇ ਕੈਨੇਡੀਅਨ ਚੋਣਾਂ ਚ ਦਖਲ ਦੇਣ ਦੀ ਕੀਤੀ ਕੋਸ਼ਿਸ਼ : CSIS

ਓਟਾਵਾ: ਕੈਨੇਡੀਅਨ ਚੋਣਾਂ ਵਿਚ ਵਿਦੇਸ਼ੀ ਦਖਲ ਦੇ ਗੁੱਝੇ ਭੇਤ ਦੀਆਂ ਪਰਤਾਂ ਤੇਜ਼ੀ ਨਾਲ ਖੁੱਲ੍ਹਣ ਲੱਗੀਆਂ ਜਦੋਂ ਪੜਤਾਲ ਕਮਿਸ਼ਨ ਅੱਗੇ ਪੇਸ਼ ਹੋਏ ਖੁਫੀਆ ਏਜੰਸੀ ਦੇ ਮੁਖੀ ਨੇ ਦੱਸਿਆ ਕਿ 2019 ਅਤੇ 2021 ਦੀਆਂ ਚੋਣਾਂ ਦੌਰਾਨ ਨਾ ਸਿਰਫ ਚੀਨ ਵੱਲੋਂ ਆਪਣੇ ਸਰੋਤਾਂ ਰਾਹੀਂ ਢਾਈ ਲੱਖ ਡਾਲਰ ਖਰਚ ਕਰਨ ਦੇ ਯਤਨ ਕੀਤੇ ਗਏ ਸਗੋਂ ਭਾਰਤ ਅਤੇ ਪਾਕਿਸਤਾਨ ਨੇ ਵੀ ਦਖਲ ਦੇਣ ਦਾ ਯਤਨ ਕੀਤਾ।

**ਖੁਫੀਆ ਏਜੰਸੀ ਨੇ ਚੀਨ ਅਤੇ ਪਾਕਿਸਤਾਨ ’ਤੇ ਵੀ ਲਾਏ ਦੋਸ਼**

ਕੈਨੇਡੀਅਨ ਸਕਿਊਰਿਟੀ ਇੰਟੈਲੀਜੈਂਸ ਸਰਵਿਸ (CSIS) ਵੱਲੋਂ ਪੇਸ਼ ਦਸਤਾਵੇਜ਼ਾਂ ਮੁਤਾਬਕ ਭਾਰਤ ਸਰਕਾਰ ਨੇ ਚੋਣ ਵਿਚ ਦਖਲ ਦੇ ਇਰਾਦੇ ਨਾਲ ਆਪਣੇ ਲੁਕਵੇਂ ਏਜੰਟ ਦੀ ਵਰਤੋਂ ਕਰਦਿਆਂ ਸੰਭਾਵਤ ਤੌਰ ’ਤੇ ਗੁਪਤ ਸਰਗਰਮੀਆਂ ਚਲਾਈਆਂ। ਸਿਰਫ ਇਥੇ ਹੀ ਬੱਸ ਨਹੀਂ ਪਾਕਿਸਤਾਨ ਨੇ ਵੀ ਆਪਣੇ ਹਿਤਾਂ ਖਾਤਰ ਚੋਣਾਂ ਵਿਚ ਦਖਲ ਦੇਣ ਦੇ ਯਤਨ ਕੀਤੇ। ਦੂਜੇ ਪਾਸੇ ਚੀਨ ਵੱਲੋਂ ਲਿਬਰਲ ਪਾਰਟੀ ਦੇ ਸੱਤ ਅਤੇ ਕੰਜ਼ਰਵੇਟਿਵ ਪਾਰਟੀ ਦੇ ਚਾਰ ਉਮੀਦਵਾਰਾਂ ਨੂੰ ਕਥਿਤ ਤੌਰ ’ਤੇ ਪ੍ਰਭਾਵਤ ਕਰਨ ਦਾ ਯਤਨ ਕੀਤਾ ਗਿਆ। ਸੀ.ਬੀ.ਸੀ. ਦੀ ਰਿਪੋਰਟ ਮੁਤਾਬਕ ਪਾਕਿਸਤਾਨ ਸਰਕਾਰ ਦੀ ਦਿਲਚਸਪੀ ਆਪਣੇ ਮੁਲਕ ਵਿਚ ਆਰਥਿਕ ਸਥਿਰਤਾ ਅਤੇ ਦੁਨੀਆਂ ਵਿਚ ਭਾਰਤ ਦੇ ਵਧਦੇ ਦਬਦਬੇ ਤੱਕ ਸੀਮਤ ਅਤੇ ਇਸੇ ਮਕਸਦ ਵਾਸਤੇ ਉਥੋਂ ਦੀ ਸਰਕਾਰ ਕੈਨੇਡੀਅਨ ਚੋਣਾਂ ਵਿਚ ਦਖਲ ਦੇਣ ਦਾ ਯਤਨ ਕਰਦੀ ਹੈ।

**2019 ਅਤੇ 2021 ਦੀਆਂ ਚੋਣਾਂ ’ਚ ਹੋਇਆ ਸੀ ਵਿਦੇਸ਼ੀ ਦਖਲ**

ਇਸ ਦੇ ਉਲਟ ਭਾਰਤ ਦੇ ਮਾਮਲੇ ਵਿਚ ਅਜਿਹਾ ਬਿਲਕੁਲ ਵੀ ਨਹੀਂ ਅਤੇ ਉਥੋਂ ਦੀ ਸਰਕਾਰ ਆਪਣੇ ਜੱਦੀ ਮੁਲਕ ਦੀ ਹਮਾਇਤ ਵਿਚ ਖੜ੍ਹਨ ਵਾਲੇ ਉਮੀਦਵਾਰਾਂ ਦੀ ਮਦਦ ਕਰਦੀ ਹੈ। ਖੁਫੀਆ ਦਸਤਾਵੇਜ਼ਾਂ ਮੁਤਾਬਕ ਭਾਰਤ ਸਰਕਾਰ ਦਾ ਮੰਨਣਾ ਹੈ ਕਿ ਇੰਡੋ ਕੈਨੇਡੀਅਨ ਵੋਟਰਾਂ ਦਾ ਇਕ ਵੱਡਾ ਹਿੱਸਾ ਖਾਲਿਸਤਾਨੀ ਸਰਗਰਮੀਆਂ ਪ੍ਰਤੀ ਨਰਮ ਰਵੱਈਆ ਰਖਦਾ ਹੈ। ਇਸੇ ਦੌਰਾਨ ‘ਗਲੋਬਲ ਨਿਊਜ਼’ ਦੀ ਰਿਪੋਰਟ ਮੁਤਾਬਕ ਚੀਨ ਵੱਲੋਂ 11 ਉਮੀਦਵਾਰਾਂ ਤੋਂ ਇਲਾਵਾ ਸਿਆਸੀ ਪਾਰਟੀਆਂ ਦੇ 13 ਸਟਾਫ ਮੈਂਬਰਾਂ ਨੂੰ ਵੀ ਪ੍ਰਭਾਵਤ ਕਰਨ ਦੇ ਯਤਨ ਕੀਤੇ ਗਏ। ਢਾਈ ਲੱਖ ਡਾਲਰ ਦੀ ਰਕਮ ਚੀਨੀ ਮੂਲ ਦੇ ਕੈਨੇਡੀਅਨ ਨਾਗਰਿਕਾਂ ਰਾਹੀਂ 2018 ਅਤੇ 2019 ਵਿਚ ਕੈਨੇਡਾ ਪਹੁੰਚਾਈ ਗਈ ਜਿਨ੍ਹਾਂ ਨੂੰ ਖੁਫੀਆ ਰਿਪੋਰਟ ਵਿਚ ‘ਥਰੈਟ ਐਕਟਰਜ਼’ ਦਾ ਨਾਂ ਦਿਤਾ ਗਿਆ ਹੈ।

# ਕੈਨੇਡਾ ਦੇ ਇਸ ਸੂਬੇ ਦਾ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਵੱਡਾ ਝਟਕਾ, ਸਿਰਫ਼ 12,900 ਨੂੰ ਹੀ ਜਾਰੀ ਕਰੇਗਾ ਸਟੱਡੀ ਪਰਮਿਟ



ਟੋਰਾਂਟੋ– ਕੈਨੇਡਾ ਦਾ ਪੱਛਮੀ ਸੂਬਾ ਨੋਵਾ ਸਕੋਟੀਆ ਵਿੱਦਿਅਕ ਸਾਲ 2024–25 ਲਈ ਸਿਰਫ਼ 12,900 ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਸਟੱਡੀ ਪਰਮਿਟ ਜਾਰੀ ਕਰੇਗਾ। ਤੁਹਾਨੂੰ ਦੱਸ ਦੇਈਏ ਕਿ ਭਾਰਤ ਤੋਂ ਕੈਨੇਡਾ ਲਈ ਵਿਦਿਆਰਥੀ ਵੀਜ਼ੇ ਦੇ ਸੁਪਨਿਆਂ ਨੂੰ ਝਟਕਾ ਲੱਗਾ ਹੈ ਕਿਉਂਕਿ ਇਸ ਸਾਲ ਸਟੱਡੀ ਪਰਮਿਟਾਂ ਦੀ ਗਿਣਤੀ ਪਿਛਲੇ ਸਾਲ ਦੀ ਤੁਲਨਾ ਵਿਚ ਲਗਭਗ 36 ਫ਼ੀਸਦੀ ਘੱਟ ਹੈ। ਜਦਕਿ 2023 ਵਿਚ ਸਟੱਡੀ ਪਰਮਿਟ ਜਾਰੀ ਕਰਨ ਦੀ ਇਹ ਗਿਣਤੀ 19,900 ਸੀ।

**3 ਲੱਖ 60 ਹਜ਼ਾਰ ਵਿਦਿਆਰਥੀ ਹੀ ਆ ਸਕਣਗੇ ਕੈਨੇਡਾ**

ਕੈਨੇਡਾ ਸਰਕਾਰ ਨੇ ਵਿਦਿਆਰਥੀ ਵੀਜ਼ਾ ਅਰਜ਼ੀ ਪ੍ਰਕਿਰਿਆ ਅਤੇ ਨੀਤੀ ਵਿਚ ਬਦਲਾਅ ਕੀਤੇ ਹਨ, ਜਿਸ ਤਹਿਤ ਦੇਸ਼ ਸਿਰਫ਼ 3,60,000 ਵਿਦੇਸ਼ੀ ਵਿਦਿਆਰਥੀਆਂ ਨੂੰ ਹੀ ਪੜ੍ਹਾਈ ਕਰਨ ਲਈ ਕੈਨੇਡਾ ਆਉਣ ਦੀ ਇਜਾਜ਼ਤ ਦੇਵੇਗਾ। ਇਕ ਮੀਡੀਆ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਨੋਵਾ ਸਕੋਟੀਆ ਵਿਚ 12,900 ਸਟੱਡੀ ਪਰਮਿਟਾਂ ਨੂੰ ਜਨਤਕ, ਨਿੱਜੀ ਅਤੇ ਕਮਿਊਨਿਟੀ ਕਾਲਜਾਂ ਵਿਚ ਵੰਡਿਆ ਜਾਵੇਗਾ। ਉੱਨਤ ਸਿੱਖਿਆ ਮੰਤਰੀ ਬ੍ਰਾਇਨ ਵੋਂਗ ਨੇ ਪ੍ਰੋਵਿੰਸ ਹਾਊਸ ਵਿਚ ਆਪਣੇ ਵਿਭਾਗ ਦੇ ਬਜਟ ’ਤੇ ਬਹਿਸ ਦੇ ਦੌਰਾਨ ਨੋਵਾ ਸਕੋਟੀਆ ਦੇ ਅਧਿਐਨ ਪਰਮਿਟ ਜਾਰੀ ਕਰਨ ਦਾ ਐਲਾਨ ਕੀਤਾ ਹੈ। ਵੋਂਗ ਨੇ ਕਿਹਾ ਕਿ ਇਸ ਸਾਲ ਤੋਂ ਪਹਿਲਾਂ ਸਕੂਲ ਅਸਲ ਵਿਚ ਸੰਘੀ ਸਰਕਾਰ ਦੇ ਕੋਲ ਅੰਤਰਰਾਸ਼ਟਰੀ ਵਿਦਿਆਰਥੀਆਂ ਦੀਆਂ ਅਸੀਮਿਤ ਗਿਣਤੀ ’ਚ ਅਰਜ਼ੀਆਂ ਜਮ੍ਹਾਂ ਕਰ ਸਕਦੇ ਸਨ, ਪਰ ਹੁਣ ਨਿਰਧਾਰਤ ਕੀਤੀ ਗਈ ਗਿਣਤੀ 3,60,000 ਵਿਦੇਸ਼ੀ ਵਿਦਿਆਰਥੀਆਂ ਲਈ ਕੈਨੇਡਾ ਦੀ ਨੀਤੀ ਦਾ ਹਿੱਸਾ ਹੈ। ਰਿਹਾਇਸ਼ੀ ਸੰਕਟ ਦੇ ਕਾਰਣ ਘਟਾਈ ਗਿਣਤੀ ਦੱਸਿਆ ਜਾ ਰਿਹਾ ਹੈ ਕਿ ਸਰਕਾਰ ਨੇ ਇਹ ਕਦਮ ਕੈਨੇਡਾ ’ਚ ਵੱਡੀ ਗਿਣਤੀ ’ਚ ਵਿਦਿਆਰਥੀ ਵੀਜ਼ਾ ਅਰਜ਼ੀਆਂ ਆਉਣ ਕਾਰਨ ਪੈਦਾ ਹੋਏ ਰਿਹਾਇਸ਼ੀ ਸੰਕਟ ਨੂੰ ਘੱਟ ਕਰਨ ਲਈ ਚੁੱਕਿਆ ਹੈ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਨੋਵਾ ਸਕੋਟੀਆ ਦੀਆਂ 10 ਪ੍ਰਮੁੱਖ ਯੂਨੀਵਰਸਿਟੀਆਂ ਵਿਚੋਂ ਕੇਪ ਬ੍ਰੇਟਨ ਯੂਨੀਵਰਸਿਟੀ ਨੂੰ ਸਭ ਤੋਂ ਵੱਧ ਨੁਕਸਾਨ ਹੋਵੇਗਾ ਕਿਉਂਕਿ ਕੈਨੇਡਾ ਵਿਚ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਵੱਡੀ ਕਮੀ ਦੇਖਣ ਨੂੰ ਮਿਲੇਗੀ। ਯੂਨੀਵਰਸਿਟੀ ਨੂੰ 5,086 ਅਰਜ਼ੀਆਂ ਅਲਾਟ ਕੀਤੀਆਂ ਗਈਆਂ ਹਨ, ਜੋ ਪਿਛਲੇ ਸਾਲ ਨਾਲੋਂ 52 ਫੀਸਦੀ ਘੱਟ ਹਨ।

# ਗੇ ਮੁੰਡੇ ਦਾ ਕੈਨੇਡਾ ਰਹਿੰਦੀ ਕੁੜੀ ਨਾਲ ਕਰਾ ’ਤਾ ਵਿਆਹ, ਜਦੋਂ ਸੱਚ ਸਾਹਮਣੇ ਆਇਆ ਤਾਂ ਪੈਰਾਂ ਹੇਠੋਂ ਖਿਸਕ ਗਈ ਜ਼ਮੀਨ

ਜਲੰਧਰ - ਪੁੱਤਰ ਗੇ ਹੋਣ ਦੀ ਗੱਲ ਲੁਕਾ ਕੇ ਕੈਨੇਡਾ ’ਚ ਰਹਿੰਦੀ ਲੜਕੀ ਦੇ ਪਰਿਵਾਰ ਨੂੰ ਝੂਠ ਬੋਲ ਕੇ ਉਸ ਦਾ ਵਿਆਹ ਕਰਵਾਉਣ ਵਾਲੇ ਨੌਜਵਾਨ ਤੇ ਉਸ ਦੇ ਮਾਤਾ–ਪਿਤਾ ਖ਼ਿਲਾਫ਼ ਥਾਣਾ ਨੰ. 7 ਦੀ ਪੁਲਸ ਨੇ ਧੋਖਾਦੇਹੀ ਦਾ ਮਾਮਲਾ ਦਰਜ ਕੀਤਾ ਹੈ। ਫਿਲਹਾਲ ਇਸ ਮਾਮਲੇ ’ਚ ਕਿਸੇ ਦੀ ਗ੍ਰਿਫ਼ਤਾਰੀ ਨਹੀਂ ਹੋਈ ਹੈ। ਲੜਕੇ ਤੇ ਲੜਕਾ ਪੱਖ ਦੋਵੇਂ ਪਾਸ਼ ਇਲਾਕੇ ਦੇ ਰਹਿਣ ਵਾਲੇ ਹਨ।



ਲੜਕੀ ਪੱਖ ਨੇ ਦੋਸ਼ ਲਾਇਆ ਕਿ ਉਨ੍ਹਾਂ ਨੂੰ ਕਿਸੇ ਜਾਣ–ਪਛਾਣ ਵਾਲੇ ਨੇ ਰਿਸ਼ਤੇ ਬਾਰੇ ਦੱਸਿਆ ਸੀ, ਜੋ ਖ਼ੁਦ ਕੈਨੇਡਾ ਰਹਿੰਦਾ ਸੀ। ਸਾਲ 2021 ’ਚ ਜਦੋਂ ਰਿਸ਼ਤੇ ਦਾ ਮਾਮਲਾ ਵਧਿਆ ਤਾਂ ਉਨ੍ਹਾਂ ਕੈਨੇਡਾ ’ਚ ਸਟੱਡੀ ਵੀਜ਼ੇ ’ਤੇ ਗਈ ਆਪਣੀ ਧੀ ਨਾਲ ਵੀ ਗੱਲ ਕੀਤੀ, ਜਿਸ ਤੋਂ ਬਾਅਦ ਗੱਲ ਪੱਕੀ ਹੋ ਗਈ। ਉਨ੍ਹਾਂ ਵਿਆਹ ਵੀ ਰਜਿਸਟਰ ਕਰਵਾ ਲਿਆ, ਜਦੋਂ ਦੋਵੇਂ ਕੈਨੇਡਾ ’ਚ ਇਕੱਠੇ ਰਹਿਣ ਲੱਗੇ ਤਾਂ ਨੌਜਵਾਨ ਨੇ 100 ਫ਼ੀਸਦੀ ਪੀ. ਆਰ. ਕਰਵਾਉਣ ਦਾ ਕਹਿ ਕੇ ਕੁੜੀ ਨੂੰ ਪੜ੍ਹਾਈ ਤੇ ਨੌਕਰੀ ਦੋਵੇਂ ਛੱਡਣ ਲਈ ਮਜਬੂਰ ਕਰ ਦਿੱਤਾ। ਇਸ ਦੌਰਾਨ ਕੁੜੀ ਨੂੰ ਸ਼ੱਕ ਹੋਇਆ ਤੇ ਜਦੋਂ ਉਸ ਨੇ ਮੁੰਡੇ ਨਾਲ ਗੱਲ ਕੀਤੀ ਤਾਂ ਉਸ ਨੇ ਬਹਾਨਾ ਬਣਾਇਆ ਕਿ ਰੀਤੀ–ਰਿਵਾਜ਼ਾਂ ਅਨੁਸਾਰ ਵਿਆਹ ਤੋਂ ਬਾਅਦ ਹੀ ਉਹ ਸਰੀਰਕ ਸਬੰਧ ਬਣਾ ਸਕਦੇ ਹਨ ਤੇ ਇਹ ਗੱਲ ਉਸ ਦੀ ਮਾਂ ਨੇ ਆਖੀ ਹੈ। ਕੁੜੀ ਨੇ ਮੁੰਡੇ ਦੀ ਗੱਲ ਨੂੰ ਸੱਚ ਮੰਨ ਲਿਆ।ਦੋਸ਼ ਹੈ ਕਿ 2023 ’ਚ ਕੈਨੇਡਾ ’ਚ ਮੁੰਡੇ ਤੇ ਕੁੜੀ ਦਾ ਵਿਆਹ ਪੂਰੇ ਧੂਮਧਾਮ ਨਾਲ ਹੋਇਆ ਸੀ ਤੇ ਅਚਾਨਕ ਮੁੰਡੇ ਨੇ ਦੱਸਿਆ ਕਿ ਉਹ ਗੇ ਹੋਣ ਕਾਰਨ ਕੁੜੀ ਨਾਲ ਸਰੀਰਕ ਸਬੰਧ ਨਹੀਂ ਬਣਾ ਸਕਦਾ। ਇਹ ਸੁਣ ਕੇ ਕੁੜੀ ਦੇ ਪਰਿਵਾਰ ਵਾਲੇ ਹੈਰਾਨ ਰਹਿ ਗਏ। ਭਾਰਤ ਵਾਪਸ ਆ ਕੇ ਉਨ੍ਹਾਂ ਪੁਲਸ ਨੂੰ ਇਸ ਸਬੰਧੀ ਸ਼ਿਕਾਇਤ ਕੀਤੀ ਤਾਂ ਜਾਂਚ ਤੋਂ ਬਾਅਦ ਪੁਲਸ ਨੇ ਮੁੰਡੇ ਦੇ ਨਾਲ–ਨਾਲ ਉਸ ਦੇ ਮਾਤਾ–ਪਿਤਾ ਵੀ ਨਾਮਜ਼ਦ ਕਰ ਲਏ ਕਿਉਂਕਿ ਤਿੰਨਾਂ ਨੇ ਝੂਠ ਬੋਲ ਕੇ ਵਿਆਹ ਕਰਵਾਇਆ ਸੀ। ਥਾਣਾ ਨੰ. 7 ਦੀ ਪੁਲਸ ਨੇ ਤਿੰਨਾਂ ਖ਼ਿਲਾਫ਼ ਧੋਖਾਧੜੀ ਦਾ ਕੇਸ ਦਰਜ ਕਰ ਲਿਆ ਹੈ। ਫਿਲਹਾਲ ਕਿਸੇ ਦੀ ਗ੍ਰਿਫ਼ਤਾਰੀ ਨਹੀਂ ਹੋਈ ਹੈ।

# ਆਪਣੇ ਲੋਕਾਂ ਦੇ ਹੱਕਾਂ ਦੀ ਰਾਖੀ ਲਈ ਡਟੇ ਹੋਏ ਹਾਂ: ਟਰੂਡੋ



ਓਟਵਾ : ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਪਿਛਲੇ ਸਾਲ ਦੇਸ਼ ਦੀ ਧਰਤੀ ’ਤੇ ਇੱਕ ਖਾਲਿਸਤਾਨੀ ਸਿੱਖ ਵੱਖਵਾਦੀ ਆਗੂ ਦੀ ਹੱਤਿਆ ਦਾ ਮੁੱਦਾ ਚੁੱਕਿਆ ਅਤੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਸਾਰੇ ਕੈਨੇਡਿਆਈ ਲੋਕਾਂ ਦੇ ਅਧਿਕਾਰਾਂ ਤੇ ਆਜ਼ਾਦੀ ਦੀ ਰਾਖੀ ਲਈ ਖੜ੍ਹੀ ਹੈ। ਟਰੂਡੋ ਜੋ ਬੀਤੇ ਦਿਨ ਕੈਨੇਡਾ ਦੀ ਚੋਣ ਪ੍ਰਕਿਰਿਆ ’ਚ ਵਿਦੇਸ਼ੀ ਦਖਲ ਦੀ ਜਾਂਚ ਕਰ ਰਹੀ ਇੱਕ ਉੱਚ ਪੱਧਰੀ ਜਨਤਕ ਜਾਂਚ ’ਚ ਗਵਾਹੀ ਦੇ ਰਹੇ ਸਨ, ਨੇ ਇਹ ਦੋਸ਼ ਵੀ ਲਾਇਆ ਕਿ ਪਿਛਲੀ ਸਰਕਾਰ ਦਾ ਭਾਰਤ ਸਰਕਾਰ ਨਾਲ ਰਵੱਈਆ ਨਰਮੀ ਵਾਲਾ ਸੀ। ਸਥਾਨਕ ਮੀਡੀਆ ਵੱਲੋਂ ਸਾਂਝੀ ਕੀਤੀ ਗਈ ਵੀਡੀਓ ਅਨੁਸਾਰ ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ 2019 ਤੇ 2021 ਦੀਆਂ ਚੋਣਾਂ ਦੌਰਾਨ ਵਿਦੇਸ਼ੀ ਸੂਚਨਾਵਾਂ ਬਾਰੇ ਖੁਫੀਆ ਜਾਣਕਾਰੀ ਪ੍ਰਾਪਤ ਕਰਨ ਤੋਂ ਬਾਅਦ ਉਨ੍ਹਾਂ ਦੀ ਸਰਕਾਰ ਨੇ ਕੀ ਕੀਤਾ ਤਾਂ ਉਨ੍ਹਾਂ ਇਹ ਟਿੱਪਣੀ ਕੀਤੀ। ਟਰੂਡੋ ਵੱਲੋਂ ਪਿਛਲੇ ਸਾਲ 18 ਜੂਨ ਨੂੰ ਸਰੀ ਸ਼ਹਿਰ ਦੇ ਇੱਕ ਗੁਰਦੁਆਰੇ ਦੇ ਬਾਹਰ ਹਰਦੀਪ ਸਿੰਘ ਨਿੱਝਰ ਦੀ ਹੱਤਿਆ ’ਚ ਭਾਰਤੀ ਏਜੰਟਾਂ ਦੀ ਸੰਭਾਵੀ ਸ਼ਮੂਲੀਅਤ ਦੇ ਦੋਸ਼ ਲਾਏ ਜਾਣ ਮਗਰੋਂ ਭਾਰਤ ਤੇ ਕੈਨੇਡਾ ਵਿਚਾਲੇ ਸਬੰਧ ਤਣਾਅਪੂਰਨ ਹੋ ਗਏ ਸਨ। ਭਾਰਤ ਨੇ ਨਿੱਝਰ ਨੂੰ 2020 ’ਚ ਅਤਿਵਾਦੀ ਐਲਾਨਿਆ ਸੀ ਅਤੇ ਉਸ ਨੇ ਟਰੂਡੋ ਦੇ ਦੋਸ਼ਾਂ ਨੂੰ ਪੂਰੀ ਤਰ੍ਹਾਂ ਖਾਰਜ ਕਰ ਦਿੱਤਾ ਸੀ। ਆਪਣੀ ਗਵਾਹੀ ਦੌਰਾਨ ਟਰੂਡੋ ਨੇ ਕੌਮੀ ਸੁਰੱਖਿਆ ਤੇ ਖੁਫੀਆ ਸਲਾਹਕਾਰ ਦੀ ਭੂਮਿਕਾ ਬਾਰੇ ਗੱਲ ਕੀਤੀ। ਉਨ੍ਹਾਂ ਦੱਸਿਆ ਕਿ ਜਿਸ ਤਰ੍ਹਾਂ ਉਨ੍ਹਾਂ ਖੁਫੀਆ ਜਾਣਕਾਰੀ ਮਿਲੀ ਅਤੇ ਉਨ੍ਹਾਂ ਉਸ ’ਤੇ ਕਾਰਵਾਈ ਕੀਤੀ। ਇਸ ਦੇ ਨਾਲ ਹੀ ਉਨ੍ਹਾਂ ਇਸ ਮਾਮਲੇ ’ਚ ਚੀਨ ਤੇ ਨਾਲ-ਨਾਲ ਚੀਨੀ-ਕੈਨੇਡਿਆਈ ਨਾਗਰਿਕਾਂ ਦੀ ਭੂਮਿਕਾ ਬਾਰੇ ਵੀ ਦੱਸਿਆ। ਟਰੂਡੋ ਨੇ ਜਾਂਚ ਕਮੇਟੀ ਨੂੰ ਉਨ੍ਹਾਂ ਦੀ ਸਰਕਾਰ ਵੱਲੋਂ ਵਿਦੇਸ਼ੀ ਦਖਲ ਖ਼ਿਲਾਫ਼ ਚੁੱਕੇ ਗਏ ਕਦਮਾਂ ਬਾਰੇ ਵੀ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ, ‘ਅਸੀਂ ਕੈਨੇਡਾ ਦੇ ਲੋਕਾਂ ਲਈ ਹਮੇਸ਼ਾ ਖੜ੍ਹੇ ਹੋਏ ਹਾਂ ਜਿਸ ਵਿੱਚ ਨਿੱਝਰ ਦੀ ਹੱਤਿਆ ਦਾ ਬੇਹੱਦ ਗੰਭੀਰ ਮਾਮਲਾ ਵੀ ਸ਼ਾਮਲ ਹੈ। ਮੈਂ ਸੰਸਦ ’ਚ ਇਹ ਮੁੱਦਾ ਚੁੱਕਿਆ ਸੀ। ਇਹ ਕੈਨੇਡਾ ਦੇ ਲੋਕਾਂ ਦੇ ਹੱਕਾਂ ਤੇ ਆਜ਼ਾਦੀ ਦੀ ਰਾਖੀ ਲਈ ਸਾਡੀ ਸਰਕਾਰ ਦੀ ਪ੍ਰਤੀਬੱਧਤਾ ਨੂੰ ਪ੍ਰਗਟਾਉਂਦਾ ਹੈ।’ ਵਿਦੇਸ਼ੀ ਦਖ਼ਲ ਸਬੰਧੀ ਸਵਾਲ ਦੇ ਜਵਾਬ ’ਚ ਉਨ੍ਹਾਂ ਕਿਹਾ ਕਿ ਇਹ ਸਵਾਲ ਸਾਬਕਾ ਕੰਜ਼ਰਵੇਟਿਵ ਸਰਕਾਰ ਤੋਂ ਪੁੱਛਿਆ ਜਾਣਾ ਚਾਹੀਦਾ ਹੈ ਜੋ ਭਾਰਤ ਦੀ ਮੌਜੂਦਾ ਸਰਕਾਰ ਨਾਲ ਆਪਣੇ ਬਹੁਤ ਹੀ ਨਿੱਘੇ ਸਬੰਧਾਂ ਲਈ ਜਾਣੀ ਜਾਂਦੀ ਸੀ।

### ਕੈਨੇਡੀਅਨ ਜਾਸੂਸੀ ਏਜੰਸੀ ਦਾ ਦਾਅਵਾ

## ਭਾਰਤ ਨੇ ਨਹੀਂ ਸਗੋਂ ਇਸ ਦੇਸ਼ ਨੇ ਕੀਤੀ ਸੀ ਚੋਣਾਂ ’ਚ ਦਖ਼ਲਅੰਦਾਜ਼ੀ

ਓਟਾਵਾ - ਭਾਰਤ ’ਤੇ ਕੈਨੇਡਾ ਦੀਆਂ ਚੋਣਾਂ ’ਚ ਦਖ਼ਲਅੰਦਾਜ਼ੀ ਦਾ ਦੋਸ਼ ਲਗਾਉਣ ਵਾਲੀ ਜਸਟਿਨ ਟਰੂਡੋ ਸਰਕਾਰ ਨੇ ਹੁਣ ਆਪਣੇ ਹੀ ਦਾਅਵਿਆਂ ਅਤੇ ਦੋਸ਼ਾਂ ’ਤੇ ਯੂ-ਟਰਨ ਲੈ ਲਿਆ ਹੈ। ਕੈਨੇਡਾ ਦੀ ਖੁਫੀਆ ਏਜੰਸੀ ਸੀ.ਐੱਸ.ਆਈ.ਐੱਸ. ਨੇ ਪ੍ਰਧਾਨ ਮੰਤਰੀ ਟਰੂਡੋ ਦੇ ਦਫ਼ਤਰ ਨੂੰ ਸੌਂਪੀ ਆਪਣੀ ਜਾਂਚ ਰਿਪੋਰਟ ਵਿੱਚ ਅਧਿਕਾਰਤ ਤੌਰ ’ਤੇ ਦਾਅਵਾ ਕੀਤਾ ਹੈ ਕਿ ਪਿਛਲੀਆਂ ਦੋ ਸੰਸਦੀ ਚੋਣਾਂ ਵਿੱਚ ਚੀਨ ਨੇ ਦਖ਼ਲਅੰਦਾਜ਼ੀ ਕੀਤੀ ਸੀ। ਕੈਨੇਡੀਅਨ ਏਜੰਸੀ ਨੇ ਇਸ ਦੇ ਸਮਰਥਨ ਵਿੱਚ ਕਈ ਠੋਸ ਸਬੂਤ ਪ੍ਰਧਾਨ ਮੰਤਰੀ ਦਫ਼ਤਰ ਨੂੰ ਸੌਂਪੇ ਹਨ। ਕੈਨੇਡਾ ਦੇ ਸੀ.ਟੀ.ਵੀ. ਨਿਊਜ਼ ਦੀ ਰਿਪੋਰਟ ਅਨੁਸਾਰ, ਕੈਨੇਡੀਅਨ ਸਕਿਓਰਿਟੀ ਇੰਟੈਲੀਜੈਂਸ ਸਰਵਿਸ (ਸੀ.ਐੱਸ.ਆਈ.ਐੱਸ.) ਵੱਲੋਂ ਤਿਆਰ ਇੱਕ ਦਸਤਾਵੇਜ਼, ਜਿਸ ਦਾ ਸਿਰਲੇਖ ਕੈਨੇਡਾ ਦੇ ਡੈਮੋਕ੍ਰੇਟਿਕ ਅਦਾਰਿਆਂ ਵਿੱਚ ਵਿਦੇਸ਼ੀ ਦਖ਼ਲਅੰਦਾਜ਼ੀ ਦੇ ਖਤਰਿਆਂ ’ਤੇ ਪ੍ਰਧਾਨ ਮੰਤਰੀ ਦਫਤਰ ਨੂੰ ਬ੍ਰੀਫਿੰਗ ਹੈ, ਵਿਚ ਕਿਹਾ ਗਿਆ ਹੈ, ਅਸੀਂ ਜਾਣਦੇ ਹਾਂ ਕਿ ਪੀ.ਆਰ.ਸੀ. 2019 ਅਤੇ 2021 ਦੀਆਂ ਆਮ ਚੋਣਾਂ ਵਿੱਚ ਗੁਪਤ ਅਤੇ ਧੋਖੇ ਨਾਲ ਦਖ਼ਲਅੰਦਾਜ਼ੀ ਕੀਤੀ ਸੀ। ਇੱਥੇ ਪੀ.ਆਰ.ਸੀ. ਦਾ ਅਰਥ ਹੈ ਪੀਪਲਜ਼ ਰੀਪਬਲਿਕ ਆਫ ਚਾਈਨਾ। ਦੱਸ ਦਈਏ ਕਿ ਤਿੰਨ ਦਿਨ ਪਹਿਲਾਂ ਹੀ ਕੈਨੇਡੀਅਨ ਏਜੰਸੀ ਨੇ ਭਾਰਤ ਅਤੇ ਪਾਕਿਸਤਾਨ ’ਤੇ ਦੋ ਸੰਘੀ ਚੋਣਾਂ 2019 ਅਤੇ 2021 ’ਚ ਦਖ਼ਲਅੰਦਾਜ਼ੀ ਕਰਨ ਦੇ ਦੋਸ਼ ਲਗਾਏ ਸਨ। ਓਟਾਵਾ ਦੇ ਇਨ੍ਹਾਂ ਦੋਸ਼ਾਂ ’ਤੇ ਭਾਰਤ ਨੇ ਸਖਤ ਪ੍ਰਤੀਕਿਰਿਆ ਦਿੱਤੀ ਸੀ ਅਤੇ ਕੈਨੇਡਾ ਦੇ ਖੁਫੀਆ ਵਿਭਾਗ ਦੇ ਦੋਸ਼ਾਂ ਨੂੰ ਬੇਬੁਨਿਆਦ ਕਰਾਰ ਦਿੱਤਾ ਸੀ। ਭਾਰਤੀ ਵਿਦੇਸ਼ ਮੰਤਰਾਲਾ ਨੇ ਇੱਕ ਬਿਆਨ ਜਾਰੀ ਕਰਕੇ ਅਜਿਹੇ ਦੋਸ਼ਾਂ ਨੂੰ ਬੇਬੁਨਿਆਦ ਦੱਸਿਆ ਸੀ ਅਤੇ ਕਿਹਾ ਸੀ ਕਿ ਭਾਰਤ ਸਿਹਤਮੰਦ ਲੋਕਤੰਤਰ ਦਾ ਸਮਰਥਕ ਰਿਹਾ ਹੈ ਅਤੇ ਕਿਸੇ ਵੀ ਵਿਦੇਸ਼ੀ ਮਾਮਲੇ ਵਿੱਚ ਦਖ਼ਲਅੰਦਾਜ਼ੀ ਨਹੀਂ ਕਰਦਾ ਹੈ। ਕੈਨੇਡੀਅਨ ਚੋਣਾਂ ਵਿੱਚ ਭਾਰਤ ਦੀ ਦਖ਼ਲਅੰਦਾਜ਼ੀ ਤੋਂ ਇਨਕਾਰ ਕਰਨ ਦੀ ਰਿਪੋਰਟ ਕੈਨੇਡੀਅਨ ਨਿਊਜ਼ ਆਊਟਲੈਟ ਗਲੋਬ ਐਂਡ ਮੇਲ ਦੇ ਸੀਨੀਅਰ ਪਾਰਲੀਮਾਨੀ ਰਿਪੋਰਟਰ ਸਟੀਵਨ ਚੇਜ਼ ਨੇ ਵੀ ਦਿੱਤੀ ਸੀ। ਉਨ੍ਹਾਂ ਨੇ ਐਕਸ @ਤੇ ਇੱਕ ਪੋਸਟ ਵਿੱਚ ਲਿਖਿਆ ਸੀ, 2021 ਦੀਆਂ ਚੋਣਾਂ ਦੀ ਨਿਗਰਾਨੀ ਕਰਨ ਵਾਲੇ ਨੌਕਰਸ਼ਾਹਾਂ ਦੇ ਪੈਨਲ ਨੇ ਵਿਦੇਸ਼ੀ ਦਖ਼ਲਅੰਦਾਜ਼ੀ ਦੀ ਜਾਂਚ ਬਾਰੇ ਦੱਸਿਆ ਹੈ ਕਿ ਉਨ੍ਹਾਂ ਨੂੰ 2021 ਦੀਆਂ ਚੋਣਾਂ ਵਿੱਚ ਭਾਰਤ ਵੱਲੋਂ ਕਿਸੇ ਵੀ ਤਰ੍ਹਾਂ ਦੀ ਸੰਭਾਵੀ ਚੋਣ ਦਖਲ ਜਾਂ ਇਸ ਨਾਲ ਸਬੰਧਤ ਗਤੀਵਿਧੀ ਦੀ ਸੂਚਨਾ ਨਹੀਂ ਦਿੱਤੀ ਹੈ। ਦੱਸ ਦੇਈਏ ਕਿ ਜਸਟਿਨ ਟਰੂਡੋ ਦੀ ਲਿਬਰਲ ਪਾਰਟੀ ਨੇ 2019 ਅਤੇ 2021 ਦੀਆਂ ਸੰਘੀ ਚੋਣਾਂ ਜਿੱਤੀਆਂ ਸਨ ਅਤੇ ਉਹ ਪ੍ਰਧਾਨ ਮੰਤਰੀ ਬਣੇ ਸਨ। ਤਾਜ਼ਾ ਖ਼ੁਫ਼ੀਆ ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਇਨ੍ਹਾਂ ਦੋਵਾਂ ਚੋਣਾਂ ਵਿੱਚ ਭਾਰਤੀ ਦਖ਼ਲਅੰਦਾਜ਼ੀ ਦੇ ਕੋਈ ਸਬੂਤ ਨਹੀਂ ਹਨ। ਭਾਰਤ ਅਤੇ ਕੈਨੇਡਾ ਦੇ ਸਬੰਧਾਂ ਵਿੱਚ ਪਿਛਲੇ ਸਾਲ ਸਤੰਬਰ ਤੋਂ ਤਣਾਅ ਬਣਿਆ ਹੋਇਆ ਹੈ। ਪਿਛਲੇ ਸਾਲ ਕੈਨੇਡੀਅਨ ਪ੍ਰਧਾਨ ਮੰਤਰੀ ਨੇ ਖਾਲਿਸਤਾਨੀ ਅੱਤਵਾਦੀ ਹਰਦੀਪ ਸਿੰਘ ਨਿੱਝਰ ਦੇ ਕਤਲ ਵਿੱਚ ਭਾਰਤ ਦੀ ਸ਼ਮੂਲੀਅਤ ਦਾ ਦੋਸ਼ ਲਾਇਆ ਸੀ ਪਰ ਜਦੋਂ ਭਾਰਤ ਨੇ ਸਬੂਤ ਮੰਗੇ ਤਾਂ ਕੈਨੇਡਾ ਨੇ ਮੂੰਹ ਫੇਰਨਾ ਸ਼ੁਰੂ ਕਰ ਦਿੱਤਾ। ਅੱਜ ਤੱਕ ਕੈਨੇਡਾ ਉਸ ਮਾਮਲੇ ਵਿੱਚ ਕੋਈ ਸਬੂਤ ਪੇਸ਼ ਨਹੀਂ ਕਰ ਸਕਿਆ ਹੈ।

# ਕੈਨੇਡਾ ’ਚ ਜਗਮੀਤ ਸਿੰਘ ਦੀ ਜਾਨ ਨੂੰ ਖ਼ਤਰੇ ਦੀ ਚਿਤਾਵਨੀ !

ਓਟਾਵਾ : ਕੈਨੇਡਾ ਵਿਚ ਹਰਦੀਪ ਸਿੰਘ ਨਿੱਝਰ ਦੇ ਕਤਲ ਮਗਰੋਂ ਐਨ.ਡੀ.ਪੀ. ਦੇ ਆਗੂ ਜਗਮੀਤ ਸਿੰਘ ਦੀ ਜਾਨ ਨੂੰ ਵੀ ਖਤਰਾ ਹੋਣ ਦੀ ਚਿਤਾਵਨੀ ਜਾਰੀ ਕੀਤੀ ਗਈ। ‘ਟੋਰਾਂਟੋ ਸਟਾਰ’ ਦੀ ਰਿਪੋਰਟ ਮੁਤਾਬਕ ਇਹ ਹੈਰਾਨਕੁੰਨ ਦਾਅਵਾ ਕੈਨੇਡਾ ਵਿਚ ਵਿਦੇਸ਼ੀ ਦਖਲ ਦੀ ਪੜਤਾਲ ਕਰ ਰਹੇ ਕਮਿਸ਼ਨ ਅੱਗੇ ਕੀਤਾ ਗਿਆ। ਫਿਲਹਾਲ ਜਗਮੀਤ ਸਿੰਘ ਦੇ ਦਫਤਰ ਵੱਲੋਂ ਇਸ ਸਨਸਨੀਖੇਜ਼ ਮਸਲੇ ’ਤੇ ਕੋਈ ਟਿੱਪਣੀ ਨਹੀਂ ਕੀਤੀ ਗਈ।



**ਕਮਿਸ਼ਨ ਅੱਗੇ ਵੱਡਾ ਦਾਅਵਾ**

ਕੈਨੇਡਾ ਵਿਚ ਸਰਗਰਮ ਕਈ ਸਿੱਖ ਜਥੇਬੰਦੀਆਂ ਨੂੰ ਧਿਰ ਮੰਨਦਿਆਂ ਜਨਤਕ ਪੜਤਾਲ ਦੀ ਪ੍ਰਕਿਰਿਆ ਵਿਚ ਸ਼ਾਮਲ ਕੀਤਾ ਗਿਆ ਹੈ ਅਤੇ ਇਨ੍ਹਾਂ ਦੇ ਇਕ ਵਕੀਲ ਨੇ ਕਮਿਸ਼ਨ ਦੀ ਮੁਖੀ ਜਸਟਿਸ ਮੈਰੀ ਜੋਜ਼ੀ ਹੋਗ ਅੱਗੇ ਪੇਸ਼ ਹੁੰਦਿਆਂ ਜਗਮੀਤ ਸਿੰਘ ਨਾਲ ਸਬੰਧਤ ਦਾਅਵਾ ਕੀਤਾ। ਜਗਮੀਤ ਸਿੰਘ ਦੀ ਪ੍ਰਿੰਸੀਪਲ ਸਕੱਤਰ ਐਨੀ ਮੈਕਗ੍ਰਾਅ ਨੂੰ ਜਦੋਂ ਸੰਭਾਵਤ ਖਤਰੇ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਕੌਮੀ ਸੁਰੱਖਿਆ ਨਾਲ ਸਬੰਧਤ ਮਸਲਾ ਹੋਣ ਕਾਰਨ ਉਹ ਕੁਝ ਵੀ ਕਹਿਣਾ ਨਹੀਂ ਚਾਹੁਣਗੇ। ‘ਟੋਰਾਂਟੋ ਸਟਾਰ’ ਦੀ ਰਿਪੋਰਟ ਕਹਿੰਦੀ ਹੈ ਕਿ ਨਿੱਝਰ ਕਤਲਕਾਂਡ ਮਗਰੋਂ ਕਈ ਕੈਨੇਡੀਅਨ ਸਿੱਖਾਂ ਨੂੰ ਸੰਭਾਵਤ ਖਤਰੇ ਬਾਰੇ ਚਿਤਾਵਨੀ ਦਿਤੀ ਗਈ ਅਤੇ ਜਗਮੀਤ ਸਿੰਘ ਉਨ੍ਹਾਂ ਵਿਚੋਂ ਇਕ ਸਨ। ਇੱਥੇ ਦੱਸਣਾ ਬਣਦਾ ਹੈ ਕਿ ਭਾਰਤ ਸਰਕਾਰ ਨੇ ਕਈ ਸਾਲ ਪਹਿਲਾਂ ਜਗਮੀਤ ਸਿੰਘ ਨੂੰ ਵੀਜ਼ਾ ਦੇਣ ਤੋਂ ਨਾਂਹ ਕਰ ਦਿਤੀ ਸੀ ਅਤੇ ਹੁਣ ਐਨ.ਡੀ.ਪੀ. ਆਗੂ ਦੀ ਜਾਨ ਖਤਰੇ ਵਿਚ ਹੋਣ ਦੇ ਗੁੱਝੇ ਭੇਤ ਤੋਂ ਪਰਦਾ ਉਠਦਾ ਨਜ਼ਰ ਆ ਰਿਹਾ ਹੈ। ਹਰਦੀਪ ਸਿੰਘ ਨਿੱਝਰ ਦਾ ਕਤਲ 18 ਜੂਨ, 2023 ਨੂੰ ਸਰੀ ਦੇ ਗੁਰੂ ਨਾਨਕ ਸਿੱਖ ਗੁਰਦਵਾਰਾ ਦੀ ਪਾਰਕਿੰਗ ਵਿਚ ਕੀਤਾ ਗਿਆ।

**ਜਗਮੀਤ ਸਿੰਘ ਦੇ ਦਫ਼ਤਰ ਵੱਲੋਂ ਟਿੱਪਣੀ ਕਰਨ ਤੋਂ ਨਾਂਹ**

ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਹਾਊਸ ਆਫ ਕਾਮਨਜ਼ ਵਿਚ ਹਰਦੀਪ ਸਿੰਘ ਨਿੱਝਰ ਕਤਲਕਾਂਡ ਦਾ ਦੋਸ਼ ਭਾਰਤ ਸਿਰ ਲਾਇਆ ਤਾਂ ਦੋਹਾਂ ਮੁਲਕਾਂ ਦੇ ਰਿਸ਼ਤਿਆਂ ਵਿਚ ਕੁੜੱਤਣ ਆ ਗਈ ਅਤੇ ਭਾਰਤ ਸਰਕਾਰ ਨੇ ਕੈਨੇਡੀਅਨ ਨਾਗਰਿਕਾਂ ਦੇ ਵੀਜ਼ੇ ਬੰਦ ਕਰ ਦਿਤੇ। ਦੋਹਾਂ ਮੁਲਕਾਂ ਵਿਚਾਲੇ ਮੁਕਤ ਵਪਾਰ ਸੰਧੀ ਬਾਰੇ ਚੱਲ ਰਹੀ ਗੱਲਬਾਤ ਵੀ ਬੁਰੀ ਤਰ੍ਹਾਂ ਪ੍ਰਭਾਵਤ ਹੋਈ। ਇਸੇ ਦੌਰਾਨ ਕੈਨੇਡਾ ਬਰੌਡਕਾਸਟਿੰਗ ਕਾਰਪੋਰੇਸ਼ਨ ਨੇ ਗੁਰੂ ਨਾਨਕ ਸਿੱਖ ਗੁਰਦੁਆਰਾ ਵਿਚ ਲੱਗੇ ਸੀ.ਸੀ.ਟੀ.ਵੀ. ਕੈਮਰਿਆਂ ਵਿਚ ਕੈਦ ਹੋਈ ਵਾਰਦਾਤ ਦੇ ਕੁਝ ਹਿੱਸੇ ਆਪਣੀ ਇਕ ਰਿਪੋਰਟ ਰਾਹੀਂ ਜਨਤਕ ਕੀਤੇ ਗਏ ਪਰ ਯੂਟਿਊਬ ’ਤੇ ਅਪਲੋਡ ਰਿਪੋਰਟ ਨੂੰ ਭਾਰਤ ਵਿਚ ਬਲੌਕ ਕਰ ਦਿਤਾ ਗਿਆ। ਦੱਸ ਦੇਈਏ ਕਿ ਕੈਨੇਡਾ ਵਿਚ ਚੱਲ ਰਹੀ ਵਿਦੇਸ਼ੀ ਦਖਲ ਦੀ ਜਾਂਚ ਦਾ ਘੇਰਾ ਮੁਢਲੇ ਤੌਰ ’ਤੇ ਚੀਨ ਅਤੇ ਰੂਸ ਦੁਆਲੇ ਕੇਂਦਰਤ ਸੀ ਪਰ ਜਨਵਰੀ ਵਿਚ ਭਾਰਤ ਨੂੰ ਸੂਚੀ ਵਿਚ ਸ਼ਾਮਲ ਕਰ ਦਿਤਾ ਗਿਆ। ਵਰਲਡ ਸਿੱਖ ਆਰਗੇਨਾਈਜ਼ੇਸ਼ਨ ਵੱਲੋਂ ਜਸਕਰਨ ਸੰਧੂ ਜਾਂਚ ਕਮਿਸ਼ਨ ਅੱਗੇ ਪੇਸ਼ ਹੋ ਕੇ ਸਿੱਖ ਭਾਈਚਾਰੇ ਦਾ ਪੱਖ ਪੇਸ਼ ਕਰ ਚੁੱਕੇ ਹਨ। ਜਾਂਚ ਕਮਿਸ਼ਨ ਦੀ ਮੁਢਲੀ ਰਿਪੋਰਟ 3 ਮਈ ਤੱਕ ਪੇਸ਼ ਕੀਤੀ ਜਾ ਸਕਦੀ ਹੈ ਜਦਕਿ ਵਿਸਤਾਰਤ ਰਿਪੋਰਟ ਦਸੰਬਰ ਦੇ ਅੰਤ ਤੱਕ ਆਉਣ ਦੇ ਆਸਾਰ ਹਨ। ਵਿਦੇਸ਼ੀ ਦਖਲ ਦਾ ਦਾਅਵਾ ਸੱਚ ਸਾਬਤ ਹੁੰਦਾ ਹੈ ਤਾਂ ਅਗਲੇ ਸਾਲ ਹੋਣ ਵਾਲੀਆਂ ਆਮ ਚੋਣਾਂ ਦਾ ਸਰੂਪ ਬਦਲ ਸਕਦਾ ਹੈ ਅਤੇ ਉਮੀਦਵਾਰਾਂ ਦੀ ਨਾਮਜ਼ਦਗੀ ਪ੍ਰਕਿਰਿਆ ’ਤੇ ਨਜ਼ਰ ਰੱਖੀ ਜਾ ਸਕਦੀ ਹੈ।

# ਟਰਾਂਟੋ ਪੁਲਿਸ ਨੇ ਚੋਰੀ ਦੀਆਂ 40 ਲੱਖ ਡਾਲਰ ਕੀਮਤ ਦੀਆਂ ਗੱਡੀਆਂ ਕੀਤੀਆਂ ਬਰਾਮਦ

ਟਰਾਂਟੋ : ਟੋਰਾਂਟੋ ਪੁਲਿਸ ਨੇ ਇਕ ਵੱਡੀ ਕਾਰਵਾਈ ਕਰਦਿਆਂ 40 ਲੱਖ ਡਾਲਰ ਮੁੱਲ ਦੀਆਂ 48 ਚੋਰੀ ਹੋਈਆਂ ਗੱਡੀਆਂ ਅਤੇ ਭਾਰੀ ਮਾਤਰਾ ਵਿਚ ਨਸ਼ੀਲੇ ਪਦਾਰਥ ਤੇ ਹਥਿਆਰ ਬਰਾਮਦ ਕੀਤੇ ਹਨ। ਚੁੱਪ ਚਪੀਤੇ ਕੀਤੀ ਪੜਤਾਲ ਦੌਰਾਨ ਜਿਥੇ ਗੱਡੀਆਂ ਚੋਰੀ ਕਰਨ ਵਾਲੇ ਗਿਰੋਹ ਦਾ ਪਰਦਾ ਫਾਸ਼ ਹੋਇਆ, ਉਥੇ ਹੀ ਨਸ਼ਾ ਤਸਕਰਾਂ ਦੀ ਪੈੜ ਵੀ ਨੱਪੀ ਜਾ ਸਕੀ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪੁਲਿਸ ਨੇ ਦੱਸਿਆ ਕਿ ਪ੍ਰੌਜੈਕਟ ਸਪੈਕਟਰ ਅਤੇ ਪ੍ਰੌਜੈਕਟ ਪੈਰਾਨੌਇਡ ਅਧੀਨ ਇਹ ਕਾਰਵਾਈ ਕੀਤੀ ਗਈ। ਪ੍ਰੌਜੈਕਟ ਸਪੈਕਟਰ ਅਪ੍ਰੈਲ 2023 ਵਿਚ ਆਰੰਭਿਆ ਗਿਆ ਅਤੇ ਇਹ ਨਸ਼ਾ ਤਸਕਰਾਂ ਦੇ ਹਥਿਆਰ ਤਸਕਰਾਂ ਦੁਆਲੇ ਕੇਂਦਰਤ ਸੀ।ਪੜਤਾਲ ਦੌਰਾਨ ਹਥਿਆਰਾਂ ਦੇ ਤਸਕਰਾਂ ਕੋਲ ਖਰੀਦਾਰ ਬਣ ਕੇ ਪੁੱਜੇ ਪੁਲਿਸ ਅਫਸਰ ਛੇ ਬੰਦੂਕਾਂ ਖਰੀਦਣ ਵਿਚ ਸਫਲ ਰਹੇ ਜਦਕਿ ਨਸ਼ਿਆਂ ਦੀ ਚੋਖੀ ਮਾਤਰਾ ਵੀ ਹਾਸਲ ਕਰ ਲਈ। ਸਟਾਫ ਸਾਰਜੈਂਟ ਪੌਲੀਨ ਗਰੇਅ ਨੇ ਕਿਹਾ ਕਿ ਪ੍ਰੌਜੈਕਟ ਸਪੈਕਟਰ ਚੱਲ ਹੀ ਰਿਹਾ ਸੀ ਕਿ ਚੋਰੀ ਕੀਤੀਆਂ ਗੱਡੀਆਂ ਨੂੰ ਸਮੁੰਦਰੀ ਜਹਾਜ਼ਾਂ ਰਾਹੀਂ ਬਾਹਰ ਭੇਜਣ ਦੀ ਪੜਤਾਲ ਵੱਖਰੇ ਤੌਰ ‘ਤੇ ਆਰੰਭੀ ਗਈ। ਪੁਲਿਸ ਮੁਤਾਬਕ ਸੱਤ ਜਣਿਆਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ ਜਿਨ੍ਹਾਂ ਵਿਰੁੱਧ ਸਾਂਝੇ ਤੌਰ ‘ਤੇ 150 ਦੋਸ਼ ਆਇਦ ਕੀਤੇ ਗਏ। ਪ੍ਰੌਜੈਕਟ ਪੈਰਾਨੌਇਡ ਅਧੀਨ 20 ਗੱਡੀਆਂ ਜ਼ਬਤ ਕਰਨ ਦੀ ਕਾਰਵਾਈ ਵਿਚ ਹਾਲਟਨ ਰੀਜਨ ਦੀ ਪੁਲਿਸ ਨੇ ਵੀ ਮਦਦ ਕੀਤੀ।ਇਨ੍ਹਾਂ ਗੱਡੀਆਂ ਦੀ ਕੁਲ ਕੀਮਤ 10 ਲੱਖ ਡਾਲਰ ਬਣਦੀ ਹੈ ਜੋ ਬਰ ?ਲੰਗਟਨ ਵਿਖੇ ਇਕ ਸ਼ਿਪਿੰਗ ਲੋਕੇਸ਼ਨ ਤੋਂ ਬਰਾਮਦ ਕੀਤੀਆਂ ਗਈਆਂ। ਇਸ ਤੋਂ ਇਲਾਵਾ 20 ਗੱਡੀਆਂ ਟੋਰਾਂਟੋ ਅਤੇ ਮੌਂਟਰੀਅਲ ਤੋਂ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਦੀ ਮਦਦ ਨਾਲ ਜ਼ਬਤ ਕੀਤੀਆਂ ਗਈਆਂ। ਪੰਜ ਗੱਡੀਆਂ ਅੰਡਰਕਵਰ ਏਜੰਟਸ ਨੇ ਖਰੀਦੀਆਂ ਜਦਕਿ ਤਿੰਨ ਤਲਾਸ਼ੀ ਵਾਰੰਟਾਂ ਦੇ ਆਧਾਰ ‘ਤੇ ਬਰਾਮਦ ਹੋਈਆਂ। ਇਥੇ ਦਸਣਾ ਬਣਦਾ ਹੈ ਕਿ ਟੋਰਾਂਟੋ ਅਤੇ ਜੀ.ਟੀ.ਏ. ਵਿਚ ਗੱਡੀਆਂ ਚੋਰੀ ਹੋਣ ਦੀ ਰਫ਼ਤਾਰ ਸਭ ਤੋਂ ਜ਼ਿਆਦਾ ਹੈ। ਪੂਰੇ ਕੈਨੇਡਾ ਵਿਚ ਦੇਖਿਆ ਜਾਵੇ ਤਾਂ ਹਰ ਪੰਜ ਮਿੰਟ ਵਿਚ ਇਕ ਗੱਡੀ ਚੋਰੀ ਹੁੰਦੀ ਹੈ। ਇਸ ਕੰਮ ਵਿਚ ਵੱਡੇ ਵੱਡੇ ਗਿਰੋਹ ਅਤੇ ਛੋਟੇ ਮੋਟੀ ਚੋਰ ਵੀ ਸ਼ਾਮਲ ਹਨ।

# ਕੈਨੇਡਾ ਆਉਣ ਵਾਲੇ ਪ੍ਰਵਾਸੀਆਂ ਲਈ ਬੀ.ਸੀ. ਪਹਿਲੀ ਪਸੰਦ ਨਹੀਂ ਰਿਹਾ

ਵੈਨਕੂਵਰ : ਸਟੈਟਿਸਟਿਕਸ ਕੈਨੇਡਾ ਦੇ ਅੰਕੜਿਆਂ ਅਨੁਸਾਰ, ਬ੍ਰਿਟਿਸ਼ ਕੋਲੰਬੀਆ ਵਿੱਚ 2023 ਦੌਰਾਨ ਆਉਣ ਵਾਲੇ ਪ੍ਰਵਾਸੀਆਂ ਦੀ ਗਿਣਤੀ ਪਿਛਲੇ ਇੱਕ ਦਹਾਕੇ ਦੌਰਾਨ ਸਭ ਤੋਂ ਹੇਠਲੇ ਪੱਧਰ ‘ਤੇ ਰਹੀ। ਯਾਨੀ ਕਿ ਕੈਨੇਡਾ ਆਉਣ ਵਾਲੇ ਪ੍ਰਵਾਸੀਆਂ ਨੇ ਬੀ.ਸੀ. ਸੂਬੇ ਦੇ ਸ਼ਹਿਰਾਂ ਦੀ ਥਾਂ ਕੈਨੇਡਾ ਦੇ ਹੋਰਨਾਂ ਸੂਬਿਆਂ ਵਿੱਚ ਜਾਣਾ ਬਿਹਤਰ ਸਮਝਿਆ ਹੈ। ਏਜੰਸੀ ਨੇ ਕਿਹਾ ਕਿ ਪਿਛਲੇ ਸਾਲ 8,624 ਦੇ ਕਰੀਬ ਲੋਕਾਂ ਨੇ ਬੀ.ਸੀ. ਦੀ ਥਾਂ ਕੈਨੇਡਾ ਦੇ ਹੋਰਨਾਂ ਸੂਬਿਆਂ ਵਿੱਚ ਜਾਣ ਦਾ ਫੈਸਲਾ ਲਿਆ ਜੋ ਕਿ ਜੋ ਕਿ 2012 ਤੋਂ ਬਾਅਦ ਨਹੀਂ ਹੋਇਆ ਹੈ। ਬੀ.ਸੀ. ਪ੍ਰੀਮੀਅਰ ਡੇਵਿਡ ਈਬੀ ਨੇ ਇਸ ਰੁਝਾਨ ‘ਤੇ ਬੋਲਦੇ ਹੋਏ ਕਿਹਾ ਕਿ ਉਹ ਇਸ ਤੋਂ ਜਾਣੂ ਹਨ ਅਤੇ ਸੂਬੇ ਵਿੱਚ ਨੌਜਵਾਨਾਂ ਲਈ ਸਮਰੱਥਾ ਵਿੱਚ ਸੁਧਾਰ ਕਰਨ ਦੀ ਜ਼ਰੂਰਤ ਹੈ ਅਤੇ ਅਸੀਂ ਨੌਜਵਾਨਾਂ ਦਾ ਵੱਧ ਤੋਂ ਵੱਧ ਸਮਰਥਨ ਕਰ ਰਹੇ ਹਾਂ। ਪ੍ਰੀਮੀਅਰ ਡੇਵਿਡ ਈਬੀ ਨੇ ਕਿਹਾ ਕਿ ਅਸੀਂ ਚਾਹੁੰਦੇ ਹਾਂ ਕਿ ਪ੍ਰਵਾਸੀ ਨੌਜਵਾਨ ਇੱਥੇ ਭਵਿੱਖ ਦੇਖਣ। ਅਸੀਂ ਚਾਹੁੰਦੇ ਹਾਂ ਕਿ ਉਹ ਇੱਕ ਅਜਿਹੀ ਜਗ੍ਹਾ ਦੇਖਣ ਜਿੱਥੇ ਉਹ ਇੱਕ ਪਰਿਵਾਰ ਪਾਲ ਸਕਣ, ਜਿੱਥੇ ਉਹ ਆਪਣਾ ਜੀਵਨ ਬਣਾ ਸਕਣ, ਜਿੱਥੇ ਉਹਨਾਂ ਕੋਲ ਕਿਫਾਇਤੀ ਬੱਚਿਆਂ ਦੀ ਦੇਖਭਾਲ, ਕਿਫਾਇਤੀ ਰਿਹਾਇਸ਼ ਤੱਕ ਪਹੁੰਚ ਹੋਵੇ, ਜਿਸ ਨਾਲ ਉਹ ਖਰਚਿਆਂ ਦਾ ਪ੍ਰਬੰਧਨ ਕਰਨ ਦੇ ਯੋਗ ਹੋਣ ਅਤੇ ਇੱਥੇ ਜੀਵਨ ਦਾ ਨਿਰਮਾਣ ਜਾਰੀ ਰੱਖ ਸਕਣ।÷ ਬੀ.ਸੀ. ਵਿੱਚ ਵਿਦਿਆਰਥੀ ਲਈ ਲੋਨ ਦੀਆਂ ਉੱਚ ਵਿਆਜ਼ ਦਰਾਂ, ਮਹਿੰਗੀ ਰਿਹਾਇਸ਼ੀ ਅਤੁ ਆਏ ਦਿਨ ਵੱਧ ਰਹੀਆਂ ਰਹਿਣ-ਸਹਿਣ ਦੀਆਂ ਕੀਮਤਾਂ ਕਾਰਨ ਬਹੁਤੇ ਪ੍ਰਵਾਸੀ ਹੁਣ ਬੀ.ਸੀ. ਵਿੱਚ ਰਹਿਣ ਸਘੰਰਸ਼ਮਈ ਸਮਝ ਰਹੇ ਹਨ। ਜਿਸ ਕਾਰਨ ਵੱਡੀ ਗਿਣਤੀ ਵਿੱਚ ਪ੍ਰਵਾਸੀ ਹੋਰਨਾਂ ਸੂਬਿਆਂ ਵਿੱਚ ਜਾਣਾ ਵਧੇਰੇ ਚੰਗਾ ਸਮਝ ਰਹੇ ਹਨ। ਪ੍ਰੀਮੀਅਰ ਦੀਆਂ ਟਿੱਪਣੀਆਂ ਜਾਰੀ ਹੋਏ ਉਨ੍ਹਾਂ ਅੰਕੜਿਆਂ ਤੋਂ ਬਾਅਦ ਆਈਆਂ ਹਨ ਜਦੋਂ ਲਗਭਗ 68,000 ਲੋਕ ਬੀ ਸੀ ਤੋਂ ਚਲੇ ਗਏ ਹਨ। ਕੈਨੇਡਾ ਦੇ ਹੋਰ ਖੇਤਰਾਂ ਵਿੱਚ, ਜਦੋਂ ਕਿ 60,000 ਦੇ ਕਰੀਬ ਲੋਕ ਕੈਨੇਡਾ ਵਿੱਚ ਹੋਰ ਥਾਵਾਂ ਤੋਂ ਸੂਬੇ ਵਿੱਚ ਆਏ ਸਨ। ਸਟੈਟਿਸਟਿਕਸ ਕੈਨੇਡਾ ਨੇ ਕਿਹਾ ਕਿ ਬੀ.ਸੀ. ਦੀ ਆਬਾਦੀ ਦਾ ਜ਼ਿਆਦਾਤਰ ਪਲਾਅਨ ਅਲਬਰਟਾ ਵਿੱਚ ਹੋਇਆ ਹੈ।

# ਕਾਰਬਨ ਟੈਕਸ ਨੂੰ ਲੈ ਕੇ ਟਰੂਡੋ "ਬੈਕ ਫੁੱਟ" 'ਤੇ




ਓਟਾਵਾ : ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਜ਼ੋਰ ਦੇ ਕੇ ਕਿਹਾ ਹੈ ਕਿ ਪ੍ਰਦੂਸ਼ਣ ਫੈਲਾਉਣ ਵਾਲਿਆਂ ਨੂੰ ਭੁਗਤਾਨ ਕਰਨਾ ਚਾਹੀਦਾ ਹੈ। ਪਰ ਇਸ ਐਲਾਨ ਨਾਲ ਟਰੂਡੋ ਦੀ ਆਲੋਚਨਾ ਹੋ ਰਹੀ ਹੈ ਤੇ ਉਸ 'ਤੇ ਦਸਤਖ਼ਤ ਵਾਲੀ ਜਲਵਾਯੂ ਨੀਤੀ ਦੇ ਨਿਕਾਸ 'ਤੇ ਇੱਕ ਸੰਘੀ ਲੇਵੀ ਨੂੰ ਰੱਦ ਕਰਨ ਲਈ ਦਬਾਅ ਵੱਧ ਰਿਹਾ ਹੈ, ਕਿਉਂਕਿ ਆਮ ਕੈਨੀਡੀਅਨ ਲੋਕ ਇਸ ਕਾਨੂੰਨ ਨੂੰ ਆਪਣੇ ਜੀਵਨ ਲਾਗਤ ਵਿਚ ਵਾਧੇ ਦੇ ਰੂਪ 'ਚ ਦੇਖਦੇ ਹਨ। ਉਦਯੋਗ ਤੇ ਖਪਤਕਾਰਾਂ ਦੋਵਾਂ ਦੁਆਰਾ ਵਰਤੇ ਜਾਣ ਵਾਲੇ ਅਣਗਿਣਤ ਜੈਵਿਕ ਈਂਧਨ ਤੇ ਲਾਗੂ ਕੀਤੀ ਗਈ ਲੇਵੀ 1 ਅਪ੍ਰੈਲ ਨੂੰ ਪ੍ਰਤੀ ਮੀਟ੍ਰਿਕ ਟਨ ਕਾਰਬਨ ਦੇ 64 ਕੈਨੇਡੀਅਨ ਡਾਲਰ ਤੋਂ 80 ਕੈਨੇਡੀਅਨ ਡਾਲਰ (48 ਅਮਰੀਕੀ ਡਾਲਰ ਤੋਂ 59 ਅਮਰੀਕੀ ਡਾਲਰ) ਤੱਕ ਵੱਧ ਜਾਵੇਗੀ। ਇਹ ਦੇਖਣ ਲਈ ਕਿ ਕੈਨੇਡੀਅਨਾਂ ਨੇ 2030 ਤੱਕ 2005 ਦੇ ਪੱਧਰ ਤੋਂ ਹੇਠਾਂ ਆਪਣੇ ਕੁੱਲ ਕਾਰਬਨ ਨਿਕਾਸ ਨੂੰ 40-45% ਤੱਕ ਘਟਾ ਦਿੱਤਾ ਹੈ ਪਰ ਇਸ ਨਾਲ ਘਰੇਲੂ ਖਰਚੇ ਵੀ ਵਧ ਰਹੇ ਹਨ ਕਿ ਲੋਕ ਮਹਿੰਗਾਈ ਦੀ ਮਾਰ ਝੱਲ ਰਹੇ ਹਨ। ਸੱਤ ਸੂਬਿਆਂ ਨੇ ਸਰਕਾਰ ਨੂੰ ਵਾਧੇ ਨੂੰ ਰੋਕਣ ਜਾਂ ਰੱਦ ਕਰਨ ਲਈ ਕਿਹਾ ਹੈ, ਜਿਸ ਨਾਲ ਗੈਸੋਲੀਨ ਦੀ ਕੀਮਤ ਵਿੱਚ ਲਗਭਗ ਤਿੰਨ ਸੈਂਟ ਪ੍ਰਤੀ ਲੀਟਰ (ਚੌਥਾਈ ਗੈਲਨ) ਦਾ ਵਾਧਾ ਹੋਵੇਗਾ। ਨਿਊਫਾਊਂਡਲੈਂਡ ਪ੍ਰੀਮੀਅਰ ਐਂਡਰਿਊ ਫਿਊਰੀ-ਟਰੂਡੋ ਦੀ ਆਪਣੀ ਪਾਰਟੀ ਦੇ ਇੱਕ ਉਦਾਰਵਾਦੀ ਇਸ ਮਹੀਨੇ ਘੱਟੋ-ਘੱਟ ਮਹਿੰਗਾਈ ਸਥਿਰ ਹੋਣ ਤੱਕ ਰਾਹਤ ਦੀ ਮੰਗ ਕਰਨ ਲਈ ਆਪਣੇ ਰੂੜ੍ਹੀਵਾਦੀ ਸਾਥੀਆਂ ਵਿੱਚ ਸ਼ਾਮਲ ਹੋਣ ਲਈ ਤਾਜ਼ਾ ਵਿਅਕਤੀ ਸੀ। ਇਸ ਵਿਚਕਾਰ ਸਸਕੈਚਵਨ, ਓਟਾਵਾ ਨੂੰ ਟੈਕਸ ਇਕੱਠਾ ਕਰਨ ਤੇ ਭੇਜਣ ਤੋਂ ਇਨਕਾਰ ਕਰ ਰਿਹਾ ਹੈ। ਕੁਝ ਤਰੀਕਿਆਂ ਨਾਲ ਟਰੂਡੋ ਪਹਿਲਾਂ ਹੀ ਦਬਾਅ ਅੱਗੇ ਝੁਕਿਆ ਹੈ, ਉਸ ਨੇ ਅਕਤੂਬਰ 'ਚ ਘਰੇਲੂ ਹੀਟਿੰਗ ਤੇਲ ਤੇ ਟੈਕਸ ਤੋਂ ਤਿੰਨ ਸਾਲ ਦੀ ਛੋਟ ਜਾਰੀ ਕੀਤੀ ਹੈ। ਐਟਲਾਂਟਿਕ ਖੇਤਰ, ਜਿੱਥੇ 24 ਲਿਬਰਲ ਹਾਊਸ ਆਫ਼ ਕਾਮਨਜ਼ ਸੀਟਾਂ ਦਾਅ ਤੇ ਹਨ, ਨੂੰ ਤਬਦੀਲੀ ਦਾ ਸਭ ਤੋਂ ਵੱਧ ਫ਼ਾਇਦਾ ਹੋਵੇਗਾ।

## ਕੈਨੇਡੀਅਨ ਆਗੂਆਂ ਦੀ ਵਧੀ ਤਨਖਾਹ, ਟਰੂਡੋ ਦੀ ਤਨਖਾਹ 4 ਲੱਖ ਡਾਲਰ ਤੋਂ ਪਾਰ

ਓਟਾਵਾ : ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਤਨਖਾਹ 4 ਲੱਖ ਡਾਲਰ ਸਾਲਾਨਾ ਤੋਂ ਟੱਪ ਗਈ ਹੈ ਜਦਕਿ ਵਿਰੋਧੀ ਧਿਰ ਦੇ ਆਗੂ ਪਿਆਰੇ ਪੋਲੀਵਰੇ ਤਿੰਨ ਲੱਖ ਡਾਲਰ 'ਤੇ ਪੁੱਜ ਗਏ ਹਨ। ਪਹਿਲੀ ਅਪ੍ਰੈਲ ਤੋਂ ਐਮ.ਪੀਜ਼ ਦੀਆਂ ਤਨਖਾਹਾਂ 'ਚ ਵਾਧਾ ਹੋ ਰਿਹਾ ਹੈ ਜਿਸ ਮਗਰੋਂ ਇਕ ਐਮ.ਪੀ. ਦੀ ਬੇਸ ਪੇਅ 194,600 ਡਾਲਰ ਤੋਂ ਵਧ ਕੇ 203,100 ਡਾਲਰ ਹੋ ਜਾਵੇਗੀ। ਹਾਊਸ ਆਫ ਕਾਮਨਜ਼ ਦੇ ਸਪੀਕਰ ਦਫਤਰ ਨੇ ਦੱਸਿਆ ਕਿ ਪਹਿਲੀ ਵਾਰ ਅਪ੍ਰੈਲ ਤੋਂ ਵਾਧਾ ਲਾਗੂ ਹੋ ਰਿਹਾ ਹੈ ਅਤੇ ਬੁਨਿਆਦੀ ਤੌਰ 'ਤੇ 8,500 ਡਾਲਰ ਜਾਂ 4.3 ਫ਼ੀਸਦੀ ਵਾਧਾ ਕੀਤਾ ਗਿਆ ਹੈ। ਗਲੋਬਲ ਨਿਊਜ਼ ਦੀ ਰਿਪੋਰਟ ਮੁਤਾਬਕ ਤਨਖਾਹਾਂ ਹਰ ਸਾਲ ਵਧਾਈਆਂ ਜਾਂਦੀਆਂ ਹਨ ਤੇ ਵਾਧਾ ਦਰ ਨੂੰ ਪ੍ਰਾਈਵੇਟ ਸੈਕਟਰ 'ਚ ਮਿਲ ਰਹੀਆਂ ਤਨਖਾਹਾਂ ਦੇ ਮੁਕਾਬਲੇ ਹੀ ਰੱਖਿਆ ਜਾਂਦਾ ਹੈ।

## ਕੈਨੇਡਾ ਵਿੱਚ ਪੰਜਾਬੀ ਵਿਦਿਆਰਥੀਆਂ ਨੂੰ ਮਿਲਿਆ 3 ਲੱਖ ਡਾਲਰ ਦਾ ਵਜ਼ੀਫ਼ਾ

ਓਟਾਵਾ : ਦੁਨੀਆਂ ਭਰ ਵਿਚ ਵੱਸਦੇ ਪੰਜਾਬੀ ਅਪਣੇ ਹੁਨਰ ਅਤੇ ਪ੍ਰਾਪਤੀਆਂ ਨਾਲ ਪੰਜਾਬ ਦਾ ਨਾਂਅ ਰੌਸ਼ਨ ਕਰ ਰਹੇ ਹਨ। ਇਸ ਮਾਮਲੇ ਵਿਚ ਵਿਦਿਆਰਥੀ ਵੀ ਪਿੱਛੇ ਨਹੀਂ ਹਨ। ਕੈਨੇਡਾ ਵਿਚ 3 ਪੰਜਾਬੀ ਵਿਦਿਆਰਥੀਆਂ ਨੂੰ 3 ਲੱਖ ਡਾਲਰ ਯਾਨੀ ਕਰੀਬ ਇਕ ਕਰੋੜ 83 ਲੱਖ ਰੁਪਏ ਦਾ ਵਜ਼ੀਫ਼ਾ ਮਿਲਿਆ ਹੈ। ਕੈਨੇਡਾ ਦੇ ਵਿੱਦਿਅਕ ਖੇਤਰ ਵਿਚ ਅਹਿਮ ਯੋਗਦਾਨ ਪਾਉਣ ਵਾਲੀ ਨਾਮਵਰ ਸੰਸਥਾ ਲੋਰਨ ਸਕਾਲਰਜ਼ ਫਾਊਂਡੇਸ਼ਨ ਨੇ 12ਵੀਂ ਦੇ ਵਿਦਿਆਰਥੀ ਬਲਜੋਤ ਸਿੰਘ ਰਾਏ, ਸ਼ਰਈਆ ਜੈਨ ਅਤੇ ਐਸ਼ਲੇ ਸੱਭਰਵਾਲ ਦੀ ਚੋਣ ਕੀਤੀ ਹੈ। ਬਲਜੋਤ ਸਿੰਘ ਰਾਏ ਸੇਂਟ ਪਾਲ ਹਾਈ ਸਕੂਲ ਦਾ ਵਿਦਿਆਰਥੀ ਹੈ ਅਤੇ ਉਹ ਵੰਨ ਇਨ ਆਲ ਪ੍ਰਾਜੈਕਟ ਦਾ ਸੰਸਥਾਪਕ ਵੀ ਹੈ। ਬਲਜੋਤ ਸਿੰਘ ਪਿਛਲੇ 4 ਸਾਲਾਂ ਤੋਂ ਮਨੁੱਖੀ ਅਧਿਕਾਰ ਕਲੱਬ ਨਾਲ ਵੀ ਜੁੜਿਆ ਹੋਇਆ ਹੈ। ਹੁਣ ਉਹ ਵੈਨਕੂਵਰ ਦੀ ਯੂਨੀਵਰਸਿਟੀ ਆਫ਼ ਬ੍ਰਿਟਿਸ਼ ਕੋਲੰਬੀਆ ਵਿਖੇ ਇੰਟਰਫੇਥ ਸਟੱਡੀਜ਼ ਨਾਲ ਸਮੁੰਦਰੀ ਵਿਗਿਆਨ ਦੀ ਪੜ੍ਹਾਈ ਸ਼ੁਰੂ ਕਰਨ ਜਾ ਰਿਹਾ ਹੈ।



17 ਸਾਲਾ ਸ਼ਰਈਆ ਜੈਨ ਮੈਪਲ ਰਿੱਜ ਸੈਕੰਡਰੀ ਸਕੂਲ ਦੀ ਵਿਦਿਆਰਥਣ ਹੈ। ਉਹ ਅਪਣੇ ਸਕੂਲ ਦੀ ਡਿਬੇਟ ਦੀ ਸੰਸਥਾਪਕ ਹੈ ਅਤੇ ਹੁਣ ਉੱਚ ਸਿੱਖਿਆ ਲਈ ਗਣਿਤ ਦੀ ਪੜ੍ਹਾਈ ਕਰੇਗੀ। ਇਸੇ ਤਰ੍ਹਾਂ ਐਸ਼ਲੇ ਸੱਭਰਵਾਲ ਕਲੇਟਨ ਹਾਈਟਸ ਸੈਕੰਡਰੀ ਸਕੂਲ ਦਾ ਵਿਦਿਆਰਥੀ ਹੈ। ਦੱਸ ਦੇਈਏ ਕਿ ਲੋਰਨ ਵਜ਼ੀਫ਼ੇ ਲਈ ਕੈਨੇਡਾ ਦੇ 500 ਸਕੂਲਾਂ ਦੇ 5200 ਵਿਦਿਆਰਥੀਆਂ ਨੇ ਅਰਜ਼ੀਆਂ ਦਿਤੀਆਂ ਸਨ, ਇਨ੍ਹਾਂ ਵਿਚੋਂ 90 ਵਿਦਿਆਰਥੀ ਹੀ ਫਾਈਨਲ ਵਿਚ ਪਹੁੰਚੇ। ਇਨ੍ਹਾਂ ਵਿਚੋਂ 36 ਵਿਦਿਆਰਥੀ ਹੀ ਵਜ਼ੀਫਾ ਲੈਣ ਵਿਚ ਕਾਮਯਾਬ ਹੋਏ।

## ਕਾਰਬਨ ਟੈਕਸ ਵਿੱਚ ਵਾਧੇ ਨੂੰ ਲੈ ਕੇ ਦੇਸ਼ ਭਰ ਵਿੱਚ ਰੋਸ ਪ੍ਰਦਰਸ਼ਨ

ਵੈਨਕੂਵਰ: ਫੈਡਰਲ ਸਰਕਾਰ ਵਲੋਂ ਕਾਰਬਨ ਟੈਕਸ ਵਿੱਚ ਕੀਤੇ ਵਾਧੇ ਨੂੰ ਲੈ ਕੇ ਦੇਸ਼ ਭਰ ਵਿੱਚ ਰੋਸ ਪ੍ਰਦਰਸ਼ਨ ਕੀਤੇ ਜਾ ਰਹੇ ਹਨ। ਅਲਬਰਟਾ ਵਿੱਚ ਇਸ ਦਾ ਵਿਰੋਧ ਵੱਡੇ ਪੱਧਰ 'ਤੇ ਕੀਤਾ ਜਾ ਰਿਹਾ ਹੈ ਜਿਥੇ ਮੁੱਖ ਮਾਰਗ ਵਿਰੋਧ ਪ੍ਰਦਰਸ਼ਨ ਕਰ ਵਾਲਿਆਂ ਨੇ ਜਾਮ ਕੀਤੇ ਹੋਏ ਹਨ। ਕੈਲਗਰੀ ਵਿੱਚ ਟਰਾਂਸ-ਕੈਨੇਡਾ ਹਾਈਵੇਅ 'ਤੇ ਬੀਤੇ ਦਿਨੀਂ ਵੱਡਾ ਟਰੈਫਿਕ ਜਾਮ ਵੇਖਣ ਨੂੰ ਮਿਲਿਆ। ਜਿਥੇ ਸੈਂਕੜੇ ਪ੍ਰਦਰਸ਼ਨਕਾਰੀਆਂ ਨੇ ਕੈਨੇਡੀਅਨ ਅਤੇ ਅਲਬਰਟਾ ਦੇ ਝੰਡੇ ਲਹਿਰਾਉਂਦੇ ਹੋਏ ਅਤੇ ਟੈਕਸ ਨਹੀਂ ਇਹ ਕੁਹਾੜੀ ਹੈ ਦੇ ਚਿੰਨ੍ਹ ਫੜੇ ਹੋਏ, ਮੁੱਖ ਹਾਈਵੇਅ ਨੂੰ ਜਾਮ ਕਰੀ ਰੱਖਿਆ। ਇਥੇ ਘਟਨਾ ਦੀ ਨਿਗਰਾਨੀ ਲਈ ਆਰਸੀਐਮਪੀ ਅਧਿਕਾਰੀ ਮੌਜੂਦ ਸਨ। ਪ੍ਰਦਰਸ਼ਨਕਾਰੀਆਂ ਦਾ ਕਹਿਣਾ ਸੀ ਕਿ ਇਹ ਸਿਰਫ਼ 'ਟੈਕਸ' ਬਾਰੇ ਨਹੀਂ ਹੈ। ਇਹ ਆਜ਼ਾਦੀਆਂ ਬਾਰੇ ਹੈ। ਇਹ ਸਾਡੇ ਬੋਲਣ ਦੇ ਅਧਿਕਾਰ ਬਾਰੇ ਹੈ। ਵੱਖ-ਵੱਖ ਸੂਬਾਈ ਸੀਮਾਵਾਂ 'ਤੇ ਵੀ ਵਿਰੋਧ ਪ੍ਰਦਰਸ਼ਨ ਕੀਤੇ ਜਾ ਰਹੇ ਹਨ। ਪ੍ਰਦਰਸ਼ਨਕਾਰੀਆਂ ਨੇ ਨੋਵਾ ਸਕੋਸ਼ੀਆ ਅਤੇ ਨਿਊ ਬਰੰਸਵਿਕ, ਮੈਨੀਟੋਬਾ ਅਤੇ ਸਸਕੈਚਵਨ, ਅਤੇ ਸਸਕੈਚਵਨ ਅਤੇ ਅਲਬਰਟਾ ਨੂੰ ਜੋੜਨ ਵਾਲੇ ਟ੍ਰਾਂਸ-ਕੈਨੇਡਾ ਹਾਈਵੇਅ ਦੇ ਕੁਝ ਹਿੱਸੇ ਨੂੰ ਅਸਥਾਈ ਤੌਰ 'ਤੇ ਬੰਦ ਕਰ ਦਿੱਤਾ। ਬ੍ਰਿਟਿਸ਼ ਕੋਲੰਬੀਆ ਵਿੱਚ, ਬੀਸੀ ਯੂਨਾਈਟਿਡ ਵਿਰੋਧੀ ਧਿਰ ਦੇ ਨੇਤਾ ਕੇਵਿਨ ਫਾਲਕਨ ਰਿਚਮੰਡ ਵਿੱਚ ਲਗਭਗ 70 ਪ੍ਰਦਰਸ਼ਨਕਾਰੀਆਂ ਨਾਲ ਰੈਲੀ ਵਿੱਚ ਸ਼ਾਮਲ ਹੋਏ। ਫਾਲਕਨ ਨੇ ਕਿਹਾ ਕਿ ਇਹ ਟੈਕਸ ਵਾਧਾ ਬੀ.ਸੀ. ਦੇ ਲੋਕਾਂ ਲਈ ਕਹਿਰ ਹੈ। ਉਸ ਸੂਬੇ ਦੇ ਨਿਵਾਸੀ, ਖਾਸ ਤੌਰ ਜਿਹੜੇ ਦੇਸ਼ ਵਿੱਚ ਸਭ ਤੋਂ ਵੱਧ ਗੈਸ ਟੈਕਸ ਅਦਾ ਕਰਦੇ ਹਨ।







**ਅੱਜ ਦਾ ਵਿਚਾਰ** | ਭੈੜੇ ਨਿਯਮ ਘਟੀਆ ਪ੍ਰਕਾਰ ਦਾ ਪ੍ਰਬੰਧ ਦਿੰਦੇ ਹਨ : ਬ੍ਰਰਕ

## ਸੰਪਾਦਕੀ........

# ਆਈ ਵਿਸਾਖੀ ਆਈ ਵਿਸਾਖੀ, ਖ਼ੁਸ਼ੀਆਂ ਨਾਲ ਲਿਆਈ ਵਿਸਾਖੀ

ਵਿਸਾਖੀ ਦਾ ਤਿਓਹਾਰ ਪੰਜਾਬ ਲਈ ਸਿਰਫ ਧਾਰਮਿਕ ਅਹਿਮੀਅਤ ਹੀ ਨਹੀਂ ਰੱਖਦਾ ਸਗੋਂ ਇਸ ਦੀ ਆਰਥਿਕ ਤੌਰ 'ਤੇ ਵੀ ਕਾਫੀ ਅਹਿਮੀਅਤ ਹੈ। ਇਸ ਦਿਨ ਹੀ ਪੰਜਾਬ ਵਿਚ ਰਸਮੀ ਤੌਰ 'ਤੇ ਕਣਕ ਦੀ ਵਾਢੀ ਸ਼ੁਰੂ ਹੁੰਦੀ ਹੈ। ਖੇਤਾਂ ਵਿੱਚ ਸੋਨੇ ਰੰਗੀਆਂ, ਲਹਿਰਾਉਂਦੀਆਂ, ਪੱਕੀਆਂ ਕਣਕਾਂ ਦੇਖ ਕੇ ਕਿਸਾਨ ਆਪਣੀ ਮਿਹਨਤ ਦੇ ਮੁੱਲ ਨੂੰ ਪੈਂਦਾ ਦੇਖਦੇ ਹਨ।

ਭਾਰਤ ਮੇਲਿਆਂ ਤੇ ਤਿਉਹਾਰਾਂ ਦਾ ਦੇਸ਼ ਹੈ। ਇਨ੍ਹਾਂ ਦਾ ਮਨੁੱਖੀ ਜੀਵਨ ਨਾਲ ਅਨਿੱਖੜਵਾਂ ਸਬੰਧ ਹੈ। ਤਿਉਹਾਰ ਮਨੁੱਖੀ ਜੀਵਨ 'ਚ ਖ਼ੁਸੀਆਂ, ਖੇੜੇ ਤੇ ਉਤਸ਼ਾਹ ਭਰਦੇ ਹਨ। ਪੰਜਾਬੀ ਸੱਭਿਆਚਾਰ, ਇਤਿਹਾਸ ਤੇ ਧਾਰਮਿਕ ਵਿਰਸੇ ਨਾਲ ਜੁੜੇ ਮੇਲਿਆਂ ਵਿਚੋਂ ਵਿਸਾਖੀ ਦੇ ਤਿਉਹਾਰ ਦੀ ਅਹਿਮ ਥਾਂ ਹੈ। ਇਹ ਹਾੜੀ ਦੀ ਫ਼ਸਲ ਨਾਲ ਜੁੜਿਆ ਵਾਢੀ ਦਾ ਤਿਉਹਾਰ ਹੈ। ਖੇਤਾਂ ਵਿਚ ਪੱਕ ਚੁੱਕੀ ਸੋਨੇ ਰੰਗੀ ਕਣਕ ਦੀ ਫ਼ਸਲ ਨੂੰ ਦੇਖ ਕੇ ਕਿਸਾਨ ਆਪਣੇ ਸੁਪਨਿਆਂ ਨੂੰ ਹਕੀਕਤ 'ਚ ਤਬਦੀਲ ਹੁੰਦਿਆਂ ਮਹਿਸੂਸ ਕਰਦਾ ਹੈ। ਮੌਸਮ ਨਾਲ ਸਬੰਧਤ ਹੋਣ ਕਰਕੇ ਚਿਰਾਂ ਤੋਂ ਇਹ ਪੰਜਾਬੀਆਂ ਦਾ ਸਰਵ-ਸਾਂਝਾ ਤਿਉਹਾਰ ਹੈ। ਪੰਜਾਬ ਅਤੇ ਹਰਿਆਣਾ ਦੇ ਕਿਸਾਨ ਸਰਦੀਆਂ ਦੀ ਫ਼ਸਲ ਕੱਟ ਲੈਣ ਤੋਂ ਬਾਅਦ ਨਵੇਂ ਸਾਲ ਦੀਆਂ ਖ਼ੁਸ਼ੀਆਂ ਮਨਾਉਂਦੇ ਹਨ।

ਵਿਸਾਖੀ' ਸ਼ਬਦ ਵਿਸਾਖ ਤੋਂ ਬਨਿਆ ਹੈ। ਨਾਂ ਤੋਂ ਹੀ ਸਪਸ਼ਟ ਹੈ ਵਿਸਾਖੀ, ਦੇਸੀ ਮਹੀਨੇ 'ਵਿਸਾਖ' ਵਿਚ ਮਨਾਇਆ ਜਾਂਦਾ ਹੈ। ਵਿਸਾਖੀ ਦਾ ਨਾਂ ਸੁਣਦਿਆਂ ਹੀ ਦਿਮਾਗ਼ 'ਚ ਪੰਜਾਬ ਦਾ ਗਿੱਧਾ ਤੇ ਭੰਗੜਾ ਅੱਖਾਂ ਸਾਹਮਣੇ ਆ ਜਾਂਦਾ ਹੈ। ਸੂਰਜ ਦੇ ਹਿਸਾਬ ਨਾਲ ਵਿਸਾਖ ਮਹੀਨੇ ਦੇ ਪਹਿਲੇ ਦਿਨ ਵਿਸਾਖੀ ਮਨਾਉਣ ਦੀ ਰਵਾਇਤ ਚੱਲੀ ਆਉਂਦੀ ਹੈ। ਇਸ ਤਿਉਹਾਰ ਨੂੰ ਆਮ ਤੌਰ 'ਤੇ 'ਫ਼ਸਲ ਦੀ ਕਟਾਈ' ਦੇ ਨਾਂ ਵਜੋਂ ਵੀ ਜਾਨਿਆ ਜਾਂਦਾ ਹੈ। ਇਹ ਤਿਉਹਾਰ ਅਪ੍ਰੈਲ ਮਹੀਨੇ ਦੀ 13-14 ਤਰੀਕ ਨੂੰ ਮਨਾਇਆ ਜਾਂਦਾ ਹੈ। ਇਹ 'ਸੌਰ ਵਰ੍ਹੇ' ਦੇ ਆਰੰਭ ਦਾ ਵੀ ਪ੍ਰਤੀਕ ਹੈ। ਕਣਕ ਹਾੜੀ ਦੇ ਸੀਜ਼ਨ ਦੀ ਮੁੱਖ ਫ਼ਸਲ ਹੈ, ਇਹ ਇਸ ਸਮੇਂ ਪੱਕ ਕੇ ਤਿਆਰ ਹੋ ਜਾਂਦੀ ਹੈ। ਜੋਬਨ 'ਤੇ ਆਈ ਕਣਕ ਦੀ ਫ਼ਸਲ ਦੇ ਸੁਨਹਿਰੀ ਸਿੱਟੇ ਜਦੋਂ ਹਵਾ ਵਿਚ ਝੂਮਦੇ ਹਨ ਤਾਂ ਕਿਸਾਨ ਦਾ ਮਨ ਖਿੜ ਉੱਠਦਾ ਹੈ, ਜਿਸ ਕਰਕੇ ਉਹ ਆਪ ਮੁਹਾਰੇ ਹੀ ਨੱਚ ਉੱਠਦਾ ਹੈ। ਇਸ ਦਿਨ ਪੰਜਾਬ ਦਾ ਕਿਸਾਨ ਆਪਣੀ ਪੱਕੀ ਫ਼ਸਲ ਨੂੰ ਵੇਖ ਕੇ ਆਨੰਦਿਤ ਹੁੰਦਾ ਹੈ ਤੇ ਕਣਕ ਦੀ ਫ਼ਸਲ ਨੂੰ ਵੱਢਣ ਦੀ ਸ਼ੁਰੂਆਤ ਕਰਦਾ ਹੈ। ਇਸ ਦਿਨ ਫ਼ਸਲ ਨੂੰ ਦਾਤੀ ਪਾਉਣ ਦਾ ਸ਼ਗਨ ਕੀਤਾ ਜਾਂਦਾ ਹੈ। ਭਰਪੂਰ ਫ਼ਸਲ ਦੀ ਪ੍ਰਾਪਤੀ ਲਈ ਸ਼ੁਕਰਾਨੇ ਵਜੋਂ"ਕਿਸਾਨ ਵਿਸਾਖੀ ਮਨਾਉਂਦੇ ਹਨ। ਢੋਲੀ ਢੋਲ 'ਤੇ ਡਗਾ ਮਾਰਦਾ ਹੈ ਤੇ ਸਾਰੇ ਨੱਚ ਕੇ ਆਨੰਦ ਮਾਣਦੇ ਹਨ।। ਪੰਜਾਬ ਅਤੇ ਹਰਿਆਣੇ ਦੇ ਕਿਸਾਨ ਸਰਦੀਆਂ ਦੀ ਫਸਲ ਕੱਟ ਲੈਣ ਤੋਂ ਬਾਅਦ ਨਵੇਂ ਸਾਲ ਦੀਆਂ ਖੁਸੀਆਂ ਮਨਾਉਂਦੇ ਹਨ। ਇਸ ਲਈ ਵਿਸਾਖੀ ਪੰਜਾਬ ਅਤੇ ਆਸ-ਪਾਸ ਦੇ ਪ੍ਰਦੇਸਾਂ ਦਾ ਸਭ ਤੋਂ ਵੱਡਾ ਤਿਉਹਾਰ ਹੈ।ਇਹ ਖਰੀਫ ਦੀ ਫਸਲ ਦੇ ਪੱਕਣ ਦੀ ਖੁਸੀ ਦਾ ਪ੍ਰਤੀਕ ਹੈ।

ਪੰਜਾਬੀ ਕਵੀ ਧਨੀ ਰਾਮ ਚਾਤ੍ਰਿਕ ਨੇ 'ਵਿਸਾਖੀ ਦਾ ਮੇਲਾ' ਕਵਿਤਾ ਵਿੱਚ ਪੰਜਾਬ ਦੀਆਂ ਫ਼ਸਲਾਂ ਅਤੇ ਸੱਭਿਆਚਾਰ ਦੇ ਰੰਗ ਨੂੰ ਇੰਝ ਬਿਆਨ ਕੀਤਾ ਹੈ।

ਤੂੜੀ ਤੰਦ ਸਾਂਭ ਹਾੜੀ ਵੇਚ ਵੱਟ ਕੇ,
ਲੰਬੜਾਂ ਤੇ ਸਾਹਾਂ ਦਾ ਹਿਸਾਬ ਕੱਟ ਕੇ,
ਸੰਮਾਂ ਵਾਲੀ ਡਾਗਾਂ ਉੱਤੇ ਤੇਲ ਲਾਇਕੇ,
ਕੱਛੇਮਾਰ ਵੰਝਲੀ ਅਨੰਦ ਛਾ ਗਿਆ, ।

ਵਿਸਾਖੀ ਦਾ ਤਿਉਹਾਰ ਕੇਵਲ ਪੰਜਾਬ 'ਚ ਹੀ ਨਹੀਂ ਸਗੋਂ ਦੇਸ਼ਾਂ ਵਿਦੇਸ਼ਾਂ 'ਚ ਵੱਡੇ ਪੱਧਰ 'ਤੇ ਮਨਾਇਆ ਜਾਂਦਾ ਹੈ।ਇਸ ਦਿਨ ਪੰਜਾਬ ਦੇ ਵੱਖ-ਵੱਖ ਇਲਾਕਿਆ 'ਚ ਮੇਲੇ ਲੱਗਦੇ ਹਨ ਅਤੇ ਅਤੇ ਲੋਕ ਖੁਸ਼ੀ-ਖੁਸ਼ੀ ਆਪਣੇ ਪਰਿਵਾਰ ਸਮੇਤ ਇਹਨਾਂ ਮੇਲਿਆਂ ਦਾ ਅਨੰਦ ਮਾਣਦੇ ਹਨ।ਇਸ ਦਿਨ ਪੰਜਾਬ ਦਾ ਪਰੰਪਰਾਗਤ ਨਾਚ ਭੰਗੜਾ ਅਤੇ ਗਿੱਧਾ ਕੀਤਾ ਜਾਂਦਾ ਹੈ।

ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਇਸ ਦਿਨ ਸਿੱਖਾਂ ਦੇ 10ਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ 1699 ਵਿੱਚ ਪਵਿੱਤਰ ਸ਼ਹਿਰ ਸ੍ਰੀ ਆਨੰਦਪੁਰ ਸਾਹਿਬ ਵਿਖੇ ਵੱਖ-ਵੱਖ ਜਾਤਾਂ ਨਾਲ ਸਬੰਧਤ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਖਾਲਸਾ ਪੰਥ ਦੀ ਸਾਜਨਾ ਕੀਤੀ ਸੀ। 13 ਅਪ੍ਰੈਲ 1699 ਨੂੰ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਵਿਖੇ ਭਾਰੀ ਇਕੱਠ ਕਰ ਕੇ ਖ਼ਾਲਸਾ ਪੰਥ ਦੀ ਸਿਰਜਣਾ ਕੀਤੀ ਸੀ। ਉਨ੍ਹਾਂ ਪੰਡਾਲ 'ਚੋਂ ਪੰਜ ਸਿਰਾਂ ਦੀ ਮੰਗ ਕੀਤੀ। ਪੰਜ ਸਿਦਕੀ ਯੋਧੇ ਭਾਈ ਦਯਾ ਰਾਮ, ਭਾਈ ਧਰਮ ਦਾਸ, ਭਾਈ ਮੋਹਕਮ ਚੰਦ, ਭਾਈ ਹਿੰਮਤ ਰਾਏ ਤੇ ਭਾਈ ਸਾਹਿਬ ਚੰਦ ਹਾਜ਼ਰ ਹੋਏ। ਉਨ੍ਹਾਂ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਅਤੇ ਉਨ੍ਹਾਂ ਹੱਥੋਂ ਖ਼ੁਦ ਅੰਮ੍ਰਿਤ ਛਕ ਕੇ ਗੋਬਿੰਦ ਰਾਇ ਤੋਂ ਗੋਬਿੰਦ ਸਿੰਘ ਬਣ ਕੇ ਖਾਲਸਾ ਪੰਥ ਦੀ ਨੀਂਹ ਰੱਖੀ। ਗੁਰੂ ਜੀ ਨੇ ਕਿਹਾ ਕਿ 'ਖ਼ਾਲਸਾ ਗੁਰੂ ਵਿਚ ਹੈ ਅਤੇ ਗੁਰੂ ਖ਼ਾਲਸੇ ਵਿਚ।' ਇਸ ਦਿਨ ਤੋਂ ਵਿਸਾਖੀ ਦਾ ਇਹ ਤਿਉਹਾਰ ਖ਼ਾਲਸਾ ਪੰਥ ਦੇ ਸਥਾਪਨਾ ਦਿਵਸ ਵਜੋਂ ਬੜੀ ਧੂਮ-ਧਾਮ ਨਾਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਮਨਾਇਆ ਜਾਂਦਾ ਹੈ।

# ਚੋਣਾਂ, ਵਿਰੋਧੀ ਧਿਰ ਅਤੇ ਮੋਦੀ ਦੀ ਹਮਲਾਵਰ ਤਿਆਰੀ

ਰਾਜਨੀਤਕ ਚਿੰਤਕ ਅਰੁਣ ਸ੍ਰੀਵਾਸਤਵ ਦਾ 'ਇੰਡੀਆ▼ ਗੱਠਜੋੜ ਦੀ ਕਾਰਗੁਜ਼ਾਰੀ ਦਾ ਇਹ ਵਿਸ਼ਲੇਸ਼ਣ ਲੋਕ ਸਭਾ ਚੋਣਾਂ ਵਿਚ ਵਿਰੋਧੀ ਧਿਰ ਵਿਚਲੀ ਖਿੱਚਧੂਹ ਦੀ ਤਰਸਯੋਗ ਤਸਵੀਰ ਪੇਸ਼ ਕਰਦਾ ਹੈ। ਚੋਣ ਸਮੀਕਰਨਾਂ ਨੂੰ ਸਮਝਣ ਦੇ ਮਹੱਤਵ ਦੇ ਮੱਦੇਨਜ਼ਰ ਇਸ ਦਾ ਅਨੁਵਾਦ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ। ਇਹ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ। ਨਰਿੰਦਰ ਮੋਦੀ ਨੂੰ ਸੋਸ਼ਲ ਡੈਮੋਕਰੇਟ ਹੋਣ ਦਾ ਮਖੌਟਾ ਪਾਈ ਰੱਖਣਾ ਪਸੰਦ ਨਹੀਂ। ਇਕ ਚੋਣ ਰੈਲੀ ਵਿਚ ਉੱਤਰਾਖੰਡ ਦੇ ਲੋਕਾਂ ਨੂੰ ਉਹਨੇ ਸੱਦਾ ਦਿੱਤਾ: ਚੁਨ ਚੁਨ ਕਰ ਸਾਫ਼ ਕਰ ਦੋ। ਇਸ ਬਾਰ ਇਨਕੋ ਮੈਦਾਨ ਮੇਂ ਮਤ ਰਹਨੇ ਦੋ। ਇਹ ਉਸ ਦੀ ਤਾਨਾਸ਼ਾਹ ਖ਼ੂਬੀ ਦਾ ਪ੍ਰਤੀਬਿੰਬ ਹੈ ਜਿਸ ਨੂੰ ਉਹ ਲੰਮੇ ਸਮੇਂ ਤੋਂ ਧਿਆਨ ਨਾਲ ਪਾਲ ਰਿਹਾ ਹੈ।

ਜਿਸ ਗੱਲ ਨੇ ਉਸ ਨੂੰ ਅਜਿਹੇ ਹਮਲਾਵਰ ਤਰੀਕੇ ਨਾਲ ਆਦੇਸ਼ ਦੇਣ ਲਈ ਪ੍ਰੇਰਿਆ, ਉਹ ਸੀ ਰਾਹੁਲ ਗਾਂਧੀ ਦਾ ਦਿੱਲੀ ਵਿਚ ਇੰਡੀਆ ਗੱਠਜੋੜ ਦੀ ਮੀਟਿੰਗ ਵਿਚ ਇਹ ਖਦਸ਼ਾ ਜ਼ਾਹਿਰ ਕਰਨਾ ਕਿ ਜੇ ਭਾਜਪਾ ਮੈਚ ਫਿਕਸਿੰਗ ਰਾਹੀਂ ਚੋਣ ਜਿੱਤਦੀ ਹੈ ਅਤੇ ਸੰਵਿਧਾਨ ਬਦਲਦੀ ਹੈ ਤਾਂ ਮੁਲਕ ਵਿਚ ਅੱਗ ਲੱਗ ਜਾਵੇਗੀ ਅਤੇ ਇਸ ਦਾ ਮਤਲਬ ਹੋਵੇਗਾ ਜ਼ਿੰਦਾ ਨਾ ਬਚਣਾ। ਰਾਹੁਲ ਨੂੰ ਇਹ ਟਿੱਪਣੀ ਕਿਉਂ ਕਰਨੀ ਪਈ ? ਰਾਹੁਲ ਲਈ ਸੰਕਟ ਦੀ ਕਲਪਨਾ ਕਰਨ ਦਾ ਕੋਈ ਠੋਸ ਕਾਰਨ ਜ਼ਰੂਰ ਹੋਵੇਗਾ ਪਰ ਮੋਦੀ ਨੇ ਆਪਣੇ ਵੱਲੋਂ ਸਪਸ਼ਟੀਕਰਨ ਦੇਣ ਦੀ ਬਜਾਇ ਇਹ ਕਹਿ ਕੇ ਮੋੜਵਾਂ ਵਾਰ ਕੀਤਾ: ਕਾਂਗਰਸ ਲੋਕਤੰਤਰ ਵਿਚ ਵਿਸ਼ਵਾਸ ਨਹੀਂ ਰੱਖਦੀ ਅਤੇ ਲੋਕਾਂ ਨੂੰ ਭੜਕਾ ਰਹੀ ਹੈ। ਉਹ ਐਮਰਜੈਂਸੀ ਅਤੇ ਅਰਾਜਕਤਾ ਵਿਚ ਵਿਸ਼ਵਾਸ ਰੱਖਦੇ ਹਨ, ਉਹ ਭਾਰਤ ਨੂੰ ਅਸਥਿਰ ਕਰਨਾ ਚਾਹੁੰਦੇ ਹਨ।

ਲੋਕ ਸਭਾ ਚੋਣ ਹਾਰਨ ਦਾ ਖ਼ਤਰਾ ਮੰਡਰਾਉਣ ਨਾਲ ਭਗਵੇਂਕਰਨ ਦੇ ਮਹਾਂ ਨਾਇਕ ਮੋਦੀ ਵੱਲੋਂ ਚੋਣ ਮੈਦਾਨ ਵਿਚੋਂ ਵਿਰੋਧੀ ਧਿਰ ਨੂੰ ਖ਼ਤਮ ਕਰਨ ਲਈ ਹੋਰ ਪਿਛਾਖੜੀ ਕਦਮ ਚੁੱਕਣ ਦੇ ਡਰ ਨੇ ਨਾ ਸਿਰਫ਼ ਮੁਲਕ ਦੇ ਰਾਜਨੀਤਕ ਆਗੂਆਂ ਨੂੰ ਸਗੋਂ ਆਮ ਲੋਕਾਂ ਨੂੰ ਵੀ ਆਪਣੀ ਲਪੇਟ ਵਿਚ ਲੈ ਲਿਆ ਹੈ। ਲੋਕਾਂ ਦੇ ਇਕ ਹਿੱਸੇ ਨੇ ਚੋਣਾਂ ਦੀ ਰਾਜਨੀਤਕ ਵਾਜਬੀਅਤ ਅਤੇ ਸਾਰਥਕਤਾ ਬਾਰੇ ਪਹਿਲਾਂ ਹੀ ਚਰਚਾ ਸ਼ੁਰੂ ਕਰ ਦਿੱਤੀ ਹੈ। ਅਦਿੱਖ ਖ਼ਤਰੇ ਨਾਲ ਪਾਗਲ ਹੋ ਜਾਣ ਦਾ ਦੌਰਾ ਕਾਫ਼ੀ ਗੰਭੀਰ ਹੈ।

ਸ਼ਾਇਦ ਮੋਦੀ ਆਪਣੀਆਂ ਪਾਲਤੂ ਸੰਸਥਾਵਾਂ ਈ.ਡੀ., ਸੀ.ਬੀ.ਆਈ., ਆਈ.ਟੀ. ਸੈੱਲ ਅਤੇ ਪੁਲਿਸ ਦੁਆਰਾ ਆਪਣੇ ਵਿਰੋਧੀਆਂ ਨੂੰ ਦਹਿਸ਼ਤਜ਼ਦਾ ਕਰਨ ਅਤੇ ਉਨ੍ਹਾਂ ਨੂੰ ਕੁਚਲਣ ਦੀਆਂ ਕਾਰਵਾਈਆਂ ਤੋਂ ਸੰਤੁਸ਼ਟ ਨਹੀਂ ਹੈ, ਉਸ ਨੇ ਸਿਰਫ਼ ਚਾਰ ਦਿਨ ਪਹਿਲਾਂ ਹੀ ਵਿਰੋਧੀ ਧਿਰ ਨੂੰ ਸਖ਼ਤ ਕਾਰਵਾਈ ਕਰਨ ਦੀ ਦੁਬਾਰਾ ਧਮਕੀ ਦਿੱਤੀ ਹੈ ਪਰ ਉਸ ਨੇ ਉਨ੍ਹਾਂ ਸਖ਼ਤ ਕਾਰਵਾਈਆਂ ਦੇ ਸੁਭਾਅ ਅਤੇ ਖ਼ਾਸੇ ਬਾਰੇ ਸਪਸ਼ਟ ਨਹੀਂ ਕੀਤਾ ਜਿਸ ਦਾ ਸਹਾਰਾ ਲੈਣ ਦੀ ਯੋਜਨਾ ਉਹ ਬਣਾ ਰਿਹਾ ਹੈ। ਮੇਰਠ ਵਿਚ ਚੋਣ ਰੈਲੀ ਦੌਰਾਨ ਉਸ ਦਾ ਇਰਾਦਾ ਸਪੱਸ਼ਟ ਸਾਹਮਣੇ ਆਇਆ: ਪਿਛਲੇ 10 ਸਾਲੋਂ ਮੇਂ ਆਪਨੇ ਵਿਕਾਸ ਕਾ ਸਿਰਫ਼ ਟ੍ਰੇਲਰ ਦੇਖਾ ਹੈ, ਅਬ ਹਮੇਂ ਦੇਸ਼ ਕੋ ਬਹੁਤ ਆਗੇ ਲੇ ਜਾਨਾ ਹੈ। ਮੈਂ 2029 ਮੇਂ ਆਪ ਕੇ ਪਾਸ ਰਿਪੋਰਟ ਕਾਰਡ ਲੇਕਰ ਆਨੇ ਕੇ ਲੀਏ ਤੈਯਾਰ ਹੂੰ।

ਉਹ ਇਹ ਦੱਸਣ ਲਈ ਇਕ ਵੀ ਮੌਕਾ ਹੱਥੋਂ ਨਹੀਂ ਜਾਣ ਦਿੰਦਾ ਕਿ ਉਹ ਪੁਰਾਣੇ ਜ਼ਮਾਨੇ ਦੇ ਤਾਕਤਵਰ ਬਾਦਸ਼ਾਹਾਂ ਦਾ ਆਧੁਨਿਕ ਰੂਪ ਹੈ ਜੋ ਸਿਰਫ਼ ਆਪਣੀ ਹਮਲਾਵਰ ਸਮਰੱਥਾ ਵਿਚ ਯਕੀਨ ਰੱਖਦੇ ਸਨ। ਉਸ ਨੇ ਕਿਹਾ, ਕਦੇ ਅਯੁੱਧਿਆ ਵਿਚ ਮੰਦਰ ਬਣੇਗਾ, ਇਹ ਲੋਕਾਂ ਨੂੰ ਮੁਸ਼ਕਲ ਲੱਗਦਾ ਸੀ ਪਰ ਰਾਮ ਮੰਦਰ ਬਣਿਆ ਅਤੇ ਇਸ ਵਾਰ ਅਵਧ ਵਿਚ ਰਾਮ ਲੱਲਾ ਨੇ ਵੀ ਖ਼ੂਬ ਹੋਲੀ ਖੇਡੀ, ਜਿਵੇਂ ਮਥੁਰਾ ਵਿਚ ਖੇਡੀ ਜਾਂਦੀ ਹੈ।

ਉਸ ਨੇ ਇਹ ਵੀ ਚੇਤੇ ਕਰਾਇਆ: ਤਿੰਨ ਤਲਾਕ ਦਾ ਕਾਨੂੰਨ ਵੀ ਲੋਕਾਂ ਨੂੰ ਅਸੰਭਵ ਲੱਗਦਾ ਸੀ, ਹੁਣ ਨਾ ਸਿਰਫ਼ ਇਹ ਕਾਨੂੰਨ ਬਣ ਚੁੱਕਾ ਹੈ ਬਲਕਿ ਇਹ ਹਜ਼ਾਰਾਂ ਮੁਸਲਮਾਨ ਭੈਣਾਂ ਦੀ ਜ਼ਿੰਦਗੀ ਬਚਾ ਰਿਹਾ ਹੈ। ਜੰਮੂ ਕਸ਼ਮੀਰ ਵਿਚ ਧਾਰਾ 370 ਕਦੇ ਹਟੇਗੀ, ਇਹ ਵੀ ਅਸੰਭਵ ਲੱਗਦਾ ਸੀ ਲੇਕਿਨ ਧਾਰਾ 370 ਵੀ ਹਟੀ ਅਤੇ ਜੰਮੂ ਕਸ਼ਮੀਰ ਦਾ ਤੇਜ਼ ਵਿਕਾਸ ਵੀ ਹੋ ਰਿਹਾ ਹੈ। ਇਸੇ ਲਈ ਅੱਜ ਲੋਕ ਬੀ.ਜੇ.ਪੀ. ਨੂੰ 370 ਸੀਟਾਂ ਦਾ ਆਸ਼ੀਰਵਾਦ ਵੀ ਦੇ ਰਹੇ ਹਨ। ਉਸ ਦਾ ਮੇਰਠ ਵਾਲਾ ਭਾਸ਼ਣ ਨਿਰਾ ਉਸ ਦੀ ਸਵੈ-ਪ੍ਰਸ਼ੰਸਾ ਜਾਂ ਸਵੈ-ਪੁਸ਼ਟੀ ਫ਼ਿਤਰਤ ਵਾਲਾ ਨਹੀਂ ਸੀ।

ਲੋਕਤੰਤਰ ਬਾਰੇ ਉਸ ਦੀ ਜਨਤਕ ਵਚਨਬੱਧਤਾ ਉਸ ਦੇ ਅਸਲੀ ਤਾਨਾਸ਼ਾਹ ਕਿਰਦਾਰ ਨੂੰ ਛੁਪਾਉਣ ਲਈ ਸਿਰਫ਼ ਓਹਲਾ ਹੈ। ਇਤਿਹਾਸਕ ਤੱਥ ਇਸ਼ਾਰਾ ਕਰਦੇ ਹਨ ਕਿ ਦੱਬੀਆਂ ਹੋਈਆਂ ਭਾਵਨਾਵਾਂ ਦਾ ਸ਼ਿਕਾਰ ਹੁਕਮਰਾਨ ਅਕਸਰ ਤਾਨਾਸ਼ਾਹ ਬਣ ਜਾਂਦਾ ਹੈ। ਉਹ ਆਪਣੀ ਸਰਵਉੱਚਤਾ ਦਾ ਦਾਅਵਾ ਕਰਨ 'ਚ ਪੀੜ ਪਰੁੰਨੀ ਖੁਸ਼ੀ ਦਾ ਆਨੰਦ ਲੈਂਦਾ ਹੈ। ਇਹ ਸੱਚ ਹੈ, ਮੋਦੀ ਦੇ ਮਾਮਲੇ 'ਚ ਵੀ ਇਹੀ ਹੋਇਆ ਹੈ। ਫਿਰ ਵੀ ਬਾਦਸ਼ਾਹਾਂ ਅਤੇ ਮੋਦੀ ਵਿਚ ਇਕ ਮਹੀਨ ਅੰਤਰ ਹੈ। ਉਹ ਕਿਉਂਕਿ ਲੋਕਤੰਤਰੀ ਨਿਯਮਾਂ ਅਤੇ ਦਸਤੂਰਾਂ 'ਤੇ ਸਵਾਰ ਹੋ ਕੇ ਸੱਤਾ 'ਚ ਆਇਆ ਹੈ, ਇਸ ਲਈ ਉਸ ਵਿਚ ਲੋਕਤੰਤਰ ਨੂੰ ਰੱਦ ਕਰਨ ਦੀ ਹਿੰਮਤ ਨਹੀਂ ਹਾਲਾਂਕਿ ਉਸ ਦੀਆਂ ਕੁਲ ਕਾਰਵਾਈਆਂ ਇਸੇ ਪਾਸੇ ਇਸ਼ਾਰਾ ਕਰਦੀਆਂ ਹਨ। ਉਹ ਦੂਜਿਆਂ ਨਾਲੋਂ ਜ਼ਿਆਦਾ ਲੋਕਤੰਤਰੀ ਹੋਣ ਦਾ ਦਿਖਾਵਾ ਕਰਦਾ ਹੈ।

ਆਪਣੇ 10 ਸਾਲਾਂ ਦੇ ਰਾਜ ਦੌਰਾਨ ਮੋਦੀ ਦੋ ਥੰਮ੍ਹਾਂ- ਵਿਧਾਨ ਅਤੇ ਨੌਕਰਸ਼ਾਹੀ ਨੂੰ ਵੱਖ ਕਰਨ ਵਿਚ ਕਾਮਯਾਬ ਰਿਹਾ ਹੈ। ਸੰਸਦ ਵਿਚ ਜਨਤਕ ਮੁੱਦਿਆਂ 'ਤੇ ਲੋਕ ਚਰਚਾ ਨਹੀਂ ਕਰਦੇ ਅਤੇ ਨੌਕਰਸ਼ਾਹਾਂ ਨੂੰ ਉਸ ਦੇ ਪੈਰਾਂ ਵਿਚ ਵਿਛਦੇ ਦੇਖ ਚੁੱਕੇ ਹਨ। ਕਿਰਨ ਰਿਜਿਜੂ ਦੇ ਰੂਪ 'ਚ ਉਸ ਕੋਲ ਨਿਆਂਪਾਲਿਕਾ ਨੂੰ ਸ਼ਾਂਤ ਕਰਨ ਲਈ ਆਦਰਸ਼ ਸ਼ਖ਼ਸ ਸੀ। ਕਾਨੂੰਨ ਮੰਤਰੀ ਰਿਜਿਜੂ ਨੇ ਨਿਆਂਪਾਲਿਕਾ ਨੂੰ ਮੋਦੀ ਦੇ ਹੁਕਮ ਮੰਨਣ ਲਈ ਮਜਬੂਰ ਕਰਨ ਵਾਸਤੇ ਹਰ ਤਰ੍ਹਾਂ ਦੀਆਂ ਸਾਜ਼ਿਸ਼ਾਂ ਦਾ ਸਹਾਰਾ ਲਿਆ ਪਰ ਉਹ ਸੀ.ਜੇ.ਆਈ. (ਚੀਫ ਜਸਟਿਸ) ਡੀ.ਵਾਈ. ਚੰਦਰਚੂੜ ਦੇ ਸਾਹਮਣੇ ਬੇਹੱਦ ਬੌਣਾ ਸਾਬਤ ਹੋਇਆ ਅਤੇ ਆਖ਼ਿਰਕਾਰ ਉਸ ਨੂੰ ਅਹੁਦਾ ਛੱਡਣਾ ਪਿਆ। ਉਦੋਂ ਤੋਂ ਹੀ ਮੋਦੀ ਜਸਟਿਸ ਚੰਦਰਚੂੜ ਨੂੰ ਹਰਾਉਣ ਅਤੇ ਉਸ ਨੂੰ ਝੁਕਣ ਲਈ ਮਜਬੂਰ ਕਰਨ ਦੀ ਯੋਜਨਾ ਬਣਾ ਰਿਹਾ ਹੈ।

ਹਾਲ ਹੀ ਵਿਚ 600 ਤੋਂ ਵੱਧ ਵਕੀਲਾਂ ਵੱਲੋਂ ਜਸਟਿਸ ਚੰਦਰਚੂੜ ਨੂੰ ਚਿੱਠੀ ਲਿਖ ਕੇ ਦੋਸ਼ ਲਾਇਆ ਗਿਆ ਹੈ ਕਿ ਇਕ ਸਵਾਰਥੀ ਸਮੂਹ ਨਿਆਂਪਾਲਿਕਾ ▼ਤੇ ਦਬਾਅ ਬਣਾਉਣ ਅਤੇ ਅਦਾਲਤਾਂ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ ਜੋ ਵੱਡੀ ਗੇਮ ਦਾ ਹਿੱਸਾ ਹੈ। ਮੋਦੀ ਨੂੰ ਪਤਾ ਹੈ ਕਿ ਚੀਫ ਜਸਟਿਸ ਉੱਪਰ ਕਿਸੇ ਵੀ ਤਰ੍ਹਾਂ ਦਾ ਸਿੱਧਾ ਹਮਲਾ ਕਰਨਾ ਜਾਂ ਉਸ ਵਿਰੁੱਧ ਭੰਡੀ ਮੁਹਿੰਮ ਸ਼ੁਰੂ ਕਰਨਾ ਘਾਤਕ ਸਾਬਤ ਹੋਵੇਗਾ ਅਤੇ ਉਸ ਦਾ ਮੋੜਵਾਂ ਜਵਾਬ ਵੀ ਆਵੇਗਾ। ਉਹ ਜਾਣਦਾ ਹੈ ਕਿ ਕੋਈ ਵੀ ਜਨਤਕ ਸੰਕੇਤ ਲੋਕਾਂ ਨੂੰ ਉਸ ਦੇ ਵਿਰੋਧੀ ਬਣਾ ਦੇਵੇਗਾ।

ਇਨ੍ਹਾਂ ਵਕੀਲਾਂ ਨੇ ਆਪਣੀ ਚਿੱਠੀ ਵਿਚ ਚੀਫ ਜਸਟਿਸ ਦੀ ਤਾਰੀਫ਼ ਕੀਤੀ ਅਤੇ ਉਸ ਨੂੰ ਇਹ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਮੋਦੀ ਦੇ ਵਿਰੋਧੀ ਵਕੀਲ ਉਸ ਦੀ ਦੁਰਵਰਤੋਂ ਕਰਨ ਅਤੇ ਉਸ ਦਾ ਲਾਹਾ ਲੈਣ ਦੀ ਕੋਸ਼ਿਸ਼ ਕਰ ਰਹੇ ਹਨ। ਚਿੱਠੀ ਵਿਚ ਲਿਖਿਆ ਹੈ, ਚੀਫ ਜਸਟਿਸ ਚੰਦਰਚੂੜ ਦੀ ਅਗਵਾਈ ਇਸ 'ਮੁਸ਼ਕਲ ਸਮੇਂ▼ ਵਿਚ ਮਹੱਤਵਪੂਰਨ ਹੈ ਅਤੇ ਸੁਪਰੀਮ ਕੋਰਟ ਨੂੰ ਮਜ਼ਬੂਤ ਰਹਿਣਾ ਚਾਹੀਦਾ ਹੈ। ਇਹ ਸਨਮਾਨਜਨਕ ਚੁੱਪ ਬਣਾਈ ਰੱਖਣ ਦਾ ਵਕਤ ਨਹੀਂ ਹੈ। ਸੀਨੀਅਰ ਐਡਵੋਕੇਟ ਹਰੀਸ਼ ਸਾਲਵੇ ਅਤੇ ਬਾਰ ਕੌਂਸਲ ਦੇ ਚੇਅਰਮੈਨ ਮਨਨ ਕੁਮਾਰ ਮਿਸ਼ਰਾ ਦੀ ਅਗਵਾਈ ਹੇਠ ਵਕੀਲਾਂ ਨੇ ਚੀਫ ਜਸਟਿਸ ਨੂੰ ਲਿਖੀ ਚਿੱਠੀ 'ਚ ਦੋਸ਼ ਲਾਇਆ ਕਿ ਸਵਾਰਥੀ ਸਮੂਹ ਨਿਆਂਪਾਲਿਕਾ ▼ਤੇ ਦਬਾਅ ਬਣਾਉਣ ਅਤੇ ਅਦਾਲਤਾਂ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ, ਖ਼ਾਸ ਕਰ ਕੇ ਸਿਆਸਤਦਾਨਾਂ ਦੇ ਭ੍ਰਿਸ਼ਟਾਚਾਰ ਦੇ ਮਾਮਲਿਆਂ ਵਿਚ। ਗ਼ੌਰ ਕਰਨ ਵਾਲੀ ਗੱਲ ਇਹ ਹੈ ਕਿ ਉਨ੍ਹਾਂ ਦੀ ਚਿੱਠੀ ਨੇ ਸਮਾਜ ਦੇ ਕੁਲੀਨ ਲਾਣੇ ਦੇ ਡਰਾਇੰਗ ਰੂਮਾਂ ਵਿਚ ਕੋਈ ਤੂਫ਼ਾਨ ਨਹੀਂ ਲਿਆਂਦਾ। ਇਹ ਮੁਲਕ ਦੇ ਆਮ ਲੋਕਾਂ ਨੂੰ ਉਕਸਾਉਣ ਵਿਚ ਵੀ ਅਸਫ਼ਲ ਰਹੀ। ਫਿਰ ਵੀ ਉਸ ਨੇ ਚੀਫ ਜਸਟਿਸ 'ਤੇ ਦਬਾਅ ਪਾਉਣ ਲਈ ਇਸ ਨੂੰ ਵਰਤਣ ਦੀ ਪੂਰੀ ਕੋਸ਼ਿਸ਼ ਕੀਤੀ। ਪਿਛਲੇ ਮੌਕਿਆਂ ਵਾਂਗ ਉਸ ਨੇ ਇਕ ਵਾਰ ਫਿਰ ਕਾਂਗਰਸ 'ਤੇ ਨਿਸ਼ਾਨਾ ਸਾਧਿਆ। ਇਸ ਵਿਚ ਗੁਪਤ ਮਨੋਰਥ ਅਤੇ ਮਨਸ਼ੇ ਹਨ। ਉਹ ਲੋਕਾਂ ਨੂੰ ਦੱਸਣਾ ਚਾਹੁੰਦਾ ਸੀ ਕਿ ਆਰ.ਐੱਸ.ਐੱਸ. ਜਾਂ ਭਗਵਾਕਰਨ ਨਿਆਂਪਾਲਿਕਾ ਨੂੰ ਨਿਰਦੇਸ਼ ਨਹੀਂ ਦੇ ਰਿਹਾ ਸਗੋਂ ਇਹ ਤਾਂ ਉਸ ਦੇ ਹੁਕਮਾਂ ਦੀ ਪਾਲਣਾ ਕਰ ਰਿਹਾ ਹੈ। ਇਕ ਤਰ੍ਹਾਂ ਨਾਲ ਮੋਦੀ ਨੇ ਨਿਆਂਪਾਲਿਕਾ ਨੂੰ ਪਲੀਤ ਕਰ ਦਿੱਤਾ। ਉਸ ਦੇ ਬਿਆਨ ਨੂੰ ਗੰਭੀਰਤਾ ਨਾਲ ਦੇਖਣਾ ਜ਼ਰੂਰੀ ਹੈ: ਦੂਜਿਆਂ ਨੂੰ ਡਰਾਉਣਾ ਅਤੇ ਧਮਕਾਉਣਾ ਕਾਂਗਰਸ ਦੀ ਪੁਰਾਣੀ ਸੰਸਕ੍ਰਿਤੀ ਹੈ। ਪੰਜ ਦਹਾਕੇ ਪਹਿਲਾਂ ਉਨ੍ਹਾਂ ਨੇ ਪ੍ਰਤੀਬੱਧ ਨਿਆਂਪਾਲਿਕਾ ਦਾ ਹੋਕਾ ਦਿੱਤਾ ਸੀ- ਉਹ ਬੇਸ਼ਰਮੀ ਨਾਲ ਆਪਣੇ ਸਵਾਰਥਾਂ ਦੀ ਖ਼ਾਤਰ ਦੂਜਿਆਂ ਤੋਂ ਤਾਂ ਪ੍ਰਤੀਬੱਧਤਾ ਚਾਹੁੰਦੇ ਹਨ ਪਰ ਰਾਸ਼ਟਰ ਦੇ ਪ੍ਰਤੀ ਕਿਸੇ ਵੀ ਪ੍ਰਤੀਬੱਧਤਾ ਤੋਂ ਟਲਦੇ ਹਨ। ਇਸ ਵਿਚ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੈ ਕਿ 140 ਕਰੋੜ ਭਾਰਤੀ ਲੋਕ ਉਨ੍ਹਾਂ ਨੂੰ ਰੱਦ ਕਰ ਰਹੇ ਹਨ। ਝੂਠ ਬੋਲਣ ਅਤੇ ਇਤਿਹਾਸਕ ਤੱਥ ਤੋੜ-ਮਰੋੜ ਕੇ ਪੇਸ਼ ਕਰਨ ਲਈ ਮਸ਼ਹੂਰ ਮੋਦੀ ਇਸ ਚਿੱਠੀ ਦੀ ਵਰਤੋਂ ਖ਼ੁਦ ਨੂੰ ਨਿਆਂਇਕ ਕਾਰਵਾਈਆਂ ਅਤੇ ਵਿਰੋਧੀ ਧਿਰ ਦੀ ਆਲੋਚਨਾ ਦੇ ਪੀੜਤ ਦੇ ਰੂਪ 'ਚ ਪੇਸ਼ ਕਰਨ ਲਈ ਕਰ ਰਿਹਾ ਹੈ। ਕਾਂਗਰਸ ਸਹੀ ਕਹਿ ਰਹੀ ਸੀ: ਨਿਆਂਪਾਲਿਕਾ ਦੀ ਰੱਖਿਆ ਦੇ ਨਾਂ 'ਤੇ ਉਸ ਉੱਪਰ ਹਮਲੇ ਦੀ ਯੋਜਨਾ ਬਣਾਉਣ 'ਚ ਪ੍ਰਧਾਨ ਮੰਤਰੀ ਦੀ ਬੇਸ਼ਰਮੀ 'ਦੰਭ ਦੀ ਸਿਖਰ' ਹੈ। ਸੁਪਰੀਮ ਕੋਰਟ ਨੇ ਹਾਲੀਆ ਹਫ਼ਤਿਆਂ ਵਿਚ ਉਸ ਉੱਪਰ ਗੰਭੀਰ ਹਮਲੇ ਕੀਤੇ ਹਨ। ਚੋਣ ਬੌਂਡ ਯੋਜਨਾ ਇਸ ਦੀ ਮਿਸਾਲ ਹੈ। ਸੁਪਰੀਮ ਕੋਰਟ ਨੇ ਉਨ੍ਹਾਂ ਨੂੰ ਅਸੰਵਿਧਾਨਕ ਕਰਾਰ ਦਿੱਤਾ ਹੈ, ਤੇ ਹੁਣ ਇਹ ਸਾਬਤ ਹੋ ਗਿਆ ਹੈ ਕਿ ਉਹ ਭੈਅ, ਬਲੈਕਮੇਲ ਕਰਨ ਅਤੇ ਬਾਂਹ ਮਰੋੜ ਕੇ ਕੰਪਨੀਆਂ ਨੂੰ ਭਾਜਪਾ ਨੂੰ ਚੰਦਾ ਦੇਣ ਲਈ ਮਜਬੂਰ ਕਰਨ ਦਾ ਜ਼ਬਰਦਸਤ ਸਾਧਨ ਸਨ।

ਦੇਸੀ ਟਾਈਮਜ਼

Head Office :
424 Bourbonnais
LaSalle, QC H8R 2Z1

Tel : 514-827-2929
Fax : 514-363-0957

Publisher : Manjeet Singh Athwal
Managing Director : Manpreet Singh
Editor-in-Chief : Amarjit singh
Office Admin : Satnam Singh
Design by :
Videographer : Navjeet Sharma
Photographer : Paul Awasthi, Nirmal Bal GKB Media
Arts Critic : Wendy Rockburn
Free Lance Reporter : Joanne Penhale

Email : singhatthwal@gmail.com smanjeet@sympatico.ca

## Publishers Note

Desi Times and people associated with it are not responsible for any claims made by the advertisers or endorse any of their products or service advertised within. The views expressed in the Desi Times don not necessarily reflect the views of the publisher and editor. Desi Times is in the business of selling space but does not test or confirm the legilmacy of the claim made in the paper. Desi Times dones promote a healthy forum for discussion of a myriad of views in peaceful civilized manner while trying to dissuade any form of discrimination and abuse.

Contribution to the growth of the paper is most appreciated and sponsors and advertisers are trained for their support. We would like to thanks all the well wishers and supporters of Desi Times for making this endeavor possible. Let us be proud of our roots, humble in our temperament and rigorous in our efforts to attain greatness in our achievements

# ਮਕਾਨ ਮਾਲਕਾਂ ਦੀਆਂ ਮਨਮਰਜ਼ੀਆਂ ਨੂੰ ਨਿਕੇਲ ਕਸਣ ਲਈ ਲਿਬਰਲ ਸਰਕਾਰ ਪੇਸ਼ ਕਰੇਗੀ ਬਿਲ

## ਲਗਾਤਾਰ ਵਧ ਰਹੇ ਕਿਰਾਇਆ ਦੇ ਹੱਲ ਲਈ 15 ਮਿਲੀਅਨ ਡਾਲਰ ਦਾ ਨਿਵੇਸ਼ ਕਰੇਗੀ ਸਰਕਾਰ : ਟਰੂਡੋ




ਵੈਨਕੂਵਰ : ਬੀਤੇ ਦਿਨੀਂ ਵੈਨਕੂਵਰ ਪਹੁੰਚੇ ਪ੍ਰਧਾਨ ਮੰਤਰੀ ਟਰੂਡੋ ਵੱਲੋਂ ਐਲਾਨ ਕੀਤਾ ਗਿਆ ਕਿ ਉਨ੍ਹਾਂ ਦੀ ਸਰਕਾਰ ਹਾਊਸਿੰਗ ਸੰਕਟ ਦੇ ਹੱਲ ਲਈ ਕਈ ਤਰ੍ਹਾਂ ਦੇ ਉਪਰਾਲੇ ਕਰ ਰਹੀ ਹੈ ਅਤੇ ਉਹ ਲੋਕਾਂ ਦੀ ਹਰ ਸੰਭਵ ਮਦਦ ਕਰਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਇਸੇ ਲੜੀ ਵਿੱਚ ਉਹ ਇੱਕ ਨਵਾਂ ਕੈਨੇਡੀਅਨ ਰੈਂਟਰਜ਼ ਬਿਲ ਆਫ਼ ਰਾਈਟਸ ਪੇਸ਼ ਕਰਨ ਜਾ ਰਹੇ ਹਨ। ਟਰੂਡੋ ਨੇ ਕਿਹਾ, ਇਹ ਬਿੱਲ ਲੀਜ਼ ਸਮਝੌਤਿਆਂ ਲਈ ਇੱਕ ਦੇਸ਼ ਵਿਆਪੀ ਮਿਆਰ ਬਣਾਏਗਾ, ਜਿਸ ਨਾਲ ਕਿਰਾਏਦਾਰਾਂ ਨੂੰ ਅਪਾਰਟਮੈਂਟ ਦੀਆਂ ਕੀਮਤਾਂ ਲਈ ਪਾਰਦਰਸ਼ਤਾ ਕਾਇਮ ਕੀਤੀ ਜਾ ਸਕੇਗੀ ਤਾਂ ਜੋ ਉਹ ਨਿਰਪੱਖ ਢੰਗ ਨਾਲ ਸੌਦੇਬਾਜ਼ੀ ਕੀਤੀ ਜਾ ਸਕੇ ਅਤੇ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਨ੍ਹਾਂ ਕੋਲ ਹੋਰ ਵਿਕੱਲਪ ਹਨ। ਪ੍ਰਧਾਨ ਮੰਤਰੀ ਨੇ ਕਿਹਾ ਕਿ ਅਸੀਂ ਇੱਕ ਨਵਾਂ 15 ਮਿਲੀਅਨ ਡਾਲਰ ਦਾ ਕਾਨੂੰਨੀ ਸਹਾਇਤਾ ਫੰਡ ਵੀ ਜਲਦ ਜਾਰੀ ਕਰਨ ਜਾ ਰਹੇ ਹਨ ਜੋ ਕਿ ਕਿਰਾਏਦਾਰਾਂ ਨੂੰ ਗਲਤ ਤਰੀਕੇ ਨਾਲ ਵਧ ਰਹੇ ਕਿਰਾਏ, ਬੇਦਖਲੀ ਅਤੇ ਬੁਰੇ ਮਕਾਨ ਮਾਲਕਾਂ ਤੋਂ ਬਚਾਏਗਾ।ਉਪ ਪ੍ਰਧਾਨ ਮੰਤਰੀ ਕ੍ਰਿਸਟੀਆ ਫ੍ਰੀਲੈਂਡ ਨੇ ਅੱਗੇ ਕਿਹਾ ਕਿ ਫੈਡਰਲ ਸਰਕਾਰ ਸੂਬਿਆਂ ਅਤੇ ਪ੍ਰਦੇਸ਼ਾਂ ਦੇ ਨਾਲ ਕਿਰਾਏਦਾਰਾਂ ਦੇ ਅਧਿਕਾਰਾਂ ਦੇ ਇਸ ਬਿੱਲ ਨੂੰ ਵਿਕਸਤ ਕਰੇਗੀ। ਪਰ ਫਿਲਹਾਲ ਇਸ ਬਿੱਲ ਬਾਰੇ ਕੋਈ ਖਾਸ ਜਾਣਕਾਰੀ ਸਾਂਝੀ ਨਹੀਂ ਕੀਤੀ ਗਈ ਕਿ ਇਸ ਵਿੱਚ ਕੀ ਕੀ ਉਪਰਾਲੇ ਹੋਣਗੇ ਅਤੇ ਲਾਗੂ ਕਦੋਂ ਤੱਕ ਕੀਤਾ ਜਾਵੇਗਾ। ਟਰੂਡੋ ਨੇ ਕਿਹਾ ਕਿ ਇਹ ਬੇਇਨਸਾਫ਼ੀ ਹੈ ਕਿ ਘਰ ਦੇ ਮਾਲਕਾਂ ਨੂੰ ਉਨ੍ਹਾਂ ਦੇ ਮੌਰਗੇਜ ਦਾ ਭੁਗਤਾਨ ਕਰੈਡਿਟ ਮਿਲਦਾ ਹੈ, ਜਦੋਂ ਕਿ ਕਿਰਾਏਦਾਰਾਂ ਨੂੰ ਉਹ ਲਾਭ ਨਹੀਂ ਮਿਲਦਾ। ਅਜਿਹੀ ਤਬਦੀਲੀ ਲਈ ਕੈਨੇਡੀਅਨ ਮੋਰਟਗੇਜ ਚਾਰਟਰ ਵਿੱਚ ਵਿਧਾਨਿਕ ਤਬਦੀਲੀਆਂ ਅਤੇ ਮਕਾਨ ਮਾਲਕਾਂ, ਬੈਂਕਾਂ, ਕ੍ਰੈਡਿਟ ਬਿਊਰੋਜ਼ ਅਤੇ ਫਿਨਟੈਕ ਕੰਪਨੀਆਂ ਤੋਂ ਖਰੀਦਦਾਰੀ ਕਰਨ ਦੀ ਲੋੜ ਹੋਵੇਗੀ। ਜ਼ਿਕਰਯੋਗ ਹੈ ਕਿ ਮੈਟਰੋ ਵੈਨਕੂਵਰ ਵਿੱਚ 10 ਵਿੱਚੋਂ ਲਗਭਗ ਚਾਰ ਘਰ (37 ਪ੍ਰਤੀਸ਼ਤ) ਕਿਰਾਏ 'ਤੇ ਹਨ ਅਤੇ ਵੈਨਕੂਵਰ ਸਿਟੀ ਦੇ ਅੱਧੇ ਤੋਂ ਵੱਧ ਘਰਾਂ (54 ਪ੍ਰਤੀਸ਼ਤ) ਕਿਰਾਏ 'ਤੇ ਹਨ। ਕੈਨੇਡਾ ਮੋਰਟਗੇਜ ਐਂਡ ਹਾਊਸਿੰਗ ਕਾਰਪੋਰੇਸ਼ਨ ਦੇ ਅੰਕੜੇ ਮੈਟਰੋ ਵੈਨਕੂਵਰ ਨੂੰ ਕੈਨੇਡਾ ਵਿੱਚ ਸਭ ਤੋਂ ਮਹਿੰਗੇ ਕਿਰਾਏ ਦੇ ਬਾਜ਼ਾਰ ਵਜੋਂ ਪਛਾਣਦੇ ਹਨ ਜਿਸ ਵਿੱਚ ਦੋ ਬੈੱਡਰੂਮ-ਅਪਾਰਟਮੈਂਟ ਦਾ ਔਸਤ ਮਹੀਨਾਵਾਰ ਕਿਰਾਇਆ 2,181 ਡਾਲਰ ਤੋਂ ਵੀ ਵੱਧ ਹੈ। ਟਰੂਡੋ ਨੇ ਕਿਹਾ ਕਿ ਉਹ ਨੌਜਵਾਨਾਂ ਦੀ ਮਦਦ ਕਰਨ ਲਈ ਰਾਜਨੀਤੀ ਵਿੱਚ ਆਏ ਹਨ, ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਕੀ ਅੱਜ ਐਲਾਨ ਕੀਤੇ ਗਏ ਵਾਅਦੇ ਦੇ ਉਦੇਸ਼ ਉਨ੍ਹਾਂ ਵੋਟਰਾਂ ਨੂੰ ਫੈਡਰਲ ਲਿਬਰਲਾਂ ਵਿੱਚ ਵਾਪਸ ਲਿਆਉਣਾ ਹੈ ਤਾਂ ਉਨ੍ਹਾਂ ਕਿਹਾ ਮੈਂ ਪ੍ਰਧਾਨ ਮੰਤਰੀ ਬਣਨ ਲਈ ਨੌਜਵਾਨਾਂ ਲਈ ਕੰਮ ਕਰਨਾ ਆਪਣੀ ਮੁਹਿਮ ਦਾ ਕੇਂਦਰ ਬਣਾਇਆ ਅਤੇ ਉਦੋਂ ਤੋਂ ਮੈਂ ਉਨ੍ਹਾਂ 'ਤੇ ਧਿਆਨ ਕੇਂਦਰਿਤ ਕੀਤਾ ਹੈ, ਉਸਨੇ ਕਿਹਾ। ਹਕੀਕਤ ਇਹ ਹੈ ਕਿ ਨੌਜਵਾਨ ਲੋਕ, ਜੋ ਸਾਡੇ ਵਰਤਮਾਨ ਦੀ ਕੁੰਜੀ ਹਨ ਅਤੇ ਸਪੱਸ਼ਟ ਤੌਰ 'ਤੇ ਸਾਡੇ ਭਵਿੱਖ ਦੀ ਕੁੰਜੀ ਹਨ, ਇੱਕ ਅਜਿਹੀ ਪ੍ਰਣਾਲੀ ਦੇਖ ਰਹੇ ਹਨ ਜੋ ਉਨ੍ਹਾਂ ਦੇ ਵਿਰੁੱਧ ਸਟੈਕਡ ਹੈ

# ਹੈਤੀ ਤੋਂ 18 ਹੋਰ ਕੈਨੇਡੀਅਨਜ਼ ਦੀ ਹੋਈ ਘਰ ਵਾਪਸੀ3000 ਤੋਂ ਵੱਧ ਕੈਨੇਡੀਅਨ ਅਜੇ ਵੀ ਹੈਤੀ 'ਚ

ਓਟਾਵਾ : ਵਿਦੇਸ਼ ਮਾਮਲਿਆਂ ਦੀ ਮੰਤਰੀ ਮੇਲਾਨੀ ਜੌਲੀ ਨੇ ਕਿਹਾ ਕਿ ਕੈਨੇਡਾ ਵਲੋਂ ਬੀਤੇ ਦਿਨੀਂ ਹੈਤੀ ਤੋਂ 18 ਹੋਰ ਕੈਨੇਡੀਅਨਾਂ ਨੂੰ ਹੈਲੀਕਾਪਟਰ ਰਾਹੀਂ ਡੋਮਿਨਿਕਨ ਰੀਪਬਲਿਕ ਪਹੁੰਚਾਇਆ ਅਤੇ ਇਸ ਨਾਲ ਹੀ ਇਹ ਵੀ ਕਿਹਾ ਹੈ ਕਿ ਆਉਣ ਵਾਲੇ ਕੁਝ ਦਿਨਾਂ ਵਿੱਚ ਹੋਰ ਕੈਨੇਡੀਅਨਜ਼ ਨੂੰ ਉਥੋਂ ਕੱਢਿਆ ਜਾਵੇਗਾ।ਜ਼ਿਕਰਯੋਗ ਹੈ ਕਿ ਹੈਤੀ 2021 ਦੇ ਅੱਧ ਤੋਂ ਡੂੰਘੇ ਸੁਰੱਖਿਆ ਸੰਕਟ ਵਿੱਚ ਹੈ, ਕਈ ਗਿਰੋਹਾਂ ਨੇ ਦੇਸ਼ ਦੇ ਬੁਨਿਆਦੀ ਢਾਂਚੇ ਨੂੰ ਆਪਣੇ ਕਬਜ਼ੇ ਵਿੱਚ ਲਿਆ ਹੋਇਆ ਅਤੇ ਹਿੰਸਕ ਯੁੱਧ ਚਲ ਰਹੇ ਹਨ ਜਿਸ ਕਾਰਨ ਦੇਸ਼ ਵਿੱਚ ਜ਼ਿਆਦਾਤਰ ਮੈਡੀਕਲ ਅਤੇ ਭੋਜਨ ਪ੍ਰਣਾਲੀਆਂ ਢਹਿ-ਢੇਰੀ ਹੋ ਚੁੱਕੀ ਹੈ। ਦੋ ਹਫ਼ਤੇ ਪਹਿਲਾਂ, ਹੈਤੀਆਈ ਪ੍ਰਧਾਨ ਮੰਤਰੀ ਏਰੀਅਲ ਹੈਨਰੀ ਨੇ ਕੀਨੀਆ ਦੀ ਅਗਵਾਈ ਵਿੱਚ ਇੱਕ ਅੰਤਰਰਾਸ਼ਟਰੀ ਫੌਜੀ ਦਖਲ ਦੀ ਨਿਗਰਾਨੀ ਕਰਨ ਲਈ ਇੱਕ ਪਰਿਵਰਤਨਸ਼ੀਲ ਕੌਂਸਲ ਦਾ ਗਠਨ ਹੋਣ ਤੋਂ ਬਾਅਦ ਅਸਤੀਫਾ ਦੇਣ ਲਈ ਸਹਿਮਤੀ ਦਿੱਤੀ ਸੀ।ਕੈਨੇਡਾ ਦੋ ਸਾਲਾਂ ਤੋਂ ਕੈਨੇਡੀਅਨਾਂ ਨੂੰ ਹੈਤੀ ਦੀ ਯਾਤਰਾ ਨਾ ਕਰਨ ਦੀ ਸਲਾਹ ਦੇ ਰਿਹਾ ਹੈ ਅਤੇ ਦੇਸ਼ ਦੀਆਂ ਸਾਰੀਆਂ ਵਪਾਰਕ ਉਡਾਣਾਂ ਨੂੰ ਰੱਦ ਕਰ ਚੁੱਕਾ ਹੈ ਅਤੇ ਉਥੇ ਫਸੇ ਲੋਕਾਂ ਨੂੰ ਵਾਪਸ ਕੈਨੇਡਾ ਲਿਆਉਣ ਲਈ ਯਤਨ ਕਰ ਰਿਹਾ ਹੈ।ਜੌਲੀ ਨੇ ਬੀਤੇ ਕੱਲ੍ਹ ਔਟਵਾ ਵਿੱਚ ਇੱਕ ਪ੍ਰੈਸ ਕਾਨਫਰੰਸ ਦੌਰਾਨ ਕਿਹਾ, ਹੁਣ ਉਥੇ ਹਵਾਈ ਅੱਡੇ ਕਾਰਜਸ਼ੀਲ ਨਹੀਂ ਹਨ, ਹਵਾਈ ਅੱਡੇ ਦੀ ਸੁਰੱਖਿਆ ਸਥਿਤੀ ਅਸਥਿਰ ਹੈ। ਇਸ ਲਈ ਇਨ੍ਹਾਂ ਹਾਲਾਤਾਂ ਵਿੱਚ ਸਾਡੇ ਲਈ ਕੈਨੇਡੀਅਨਾਂ ਨੂੰ ਸੁਰੱਖਿਆ ਵਿੱਚ ਲਿਆਉਣ ਲਈ ਸਾਨੂੰ ਯੋਗ ਹੋਣਾ ਮਹੱਤਵਪੂਰਨ ਹੈ। ਜੋਲੀ ਨੇ ਕਿਹਾ ਬੇਹੱਦ ਨਾਜ਼ੁਕ ਹਾਲਤਾਂ ਵਿੱਚ ਕੈਨੇਡਾ ਵਾਪਸੀ ਕੇਵਲ ਉਨ੍ਹਾਂ ਲੋਕਾਂ ਦੀ ਹੀ ਕਰਵਾਈ ਜਾ ਰਹੀ ਹੈ ਜੋ ਕੈਨੇਡੀਅਨ ਪਾਸਪੋਰਟ ਵਾਲੇ ਹਨ।ਕੈਨੇਡੀਅਨ ਸਥਾਈ ਨਿਵਾਸੀ, ਵੈਧ ਪਾਸਪੋਰਟ ਤੋਂ ਬਿਨਾਂ ਨਾਗਰਿਕ, ਅਤੇ ਕੈਨੇਡੀਅਨਾਂ ਦੇ ਪਰਿਵਾਰਕ ਮੈਂਬਰ ਹੈਲੀਕਾਪਟਰ ਏਅਰਲਿਫਟ ਲਈ ਫਿਲਹਾਲ ਯੋਗ ਨਹੀਂ ਹਨ। ਜੋਲੀ ਨੇ ਕਿਹਾ ਕਿ ਸਰਕਾਰ ਉਨ੍ਹਾਂ ਲੋਕਾਂ ਦੀ ਦੇਸ਼ ਛੱਡਣ ਵਿੱਚ ਮਦਦ ਕਰਨ ਲਈ ਹੋਰ ਤਰੀਕਿਆਂ 'ਤੇ ਕੰਮ ਕਰ ਰਹੀ ਹੈ। ਕੌਂਸਲਰ, ਸੁਰੱਖਿਆ ਅਤੇ ਐਮਰਜੈਂਸੀ ਪ੍ਰਬੰਧਨ ਦੀ ਸਹਾਇਕ ਉਪ ਮੰਤਰੀ ਜੂਲੀ ਨੇ ਕਿਹਾ ਕਿ ਦੇਸ਼ ਵਿੱਚ 3,000 ਦੇ ਕਰੀਬ ਕੈਨੇਡੀਅਨ ਅਧਿਕਾਰਤ ਤੌਰ 'ਤੇ ਰਜਿਸਟਰਡ ਹਨ ਜੋ ਬਾਕੀ ਰਹਿੰਦੇ ਹਨ। ਹਾਲਾਂਕਿ 300 ਤੋਂ ਘੱਟ ਲੋਕਾਂ ਨੇ ਦੇਸ਼ ਛੱਡਣ ਲਈ ਸਹਾਇਤਾ ਦੀ ਬੇਨਤੀ ਕੀਤੀ ਹੈ



# ਲੋਕ ਸਭਾ 2024: ਪੰਜਾਬ ਵਿੱਚ ਕਿਸਾਨੀ ਕਿਵੇਂ ਵੱਡਾ ਮੁੱਦਾ ਹੈ ? 5 ਉਹ ਮੁੱਦੇ ਜੋ ਚੋਣਾਂ ਨੂੰ ਪ੍ਰਭਾਵਿਤ ਕਰਨਗੇ



ਨਵੀਂ ਦਿੱਲੀ : ਪੰਜਾਬ ਵਿੱਚ 2024 ਦੀਆਂ ਲੋਕ ਸਭਾ ਚੋਣਾਂ ਲਈ ਵੋਟਿੰਗ ਆਖਰੀ ਗੇੜ ਵਿੱਚ 1 ਜੂਨ ਨੂੰ ਹੋਣੀ ਹੈ। ਕੇਂਦਰ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਖਿਲਾਫ਼ ਮੋਹਰੀ ਚਿਹਰਾ ਬਣੇ ਇਸ ਸੂਬੇ ਦੇ ਆਪਣੇ ਮੁੱਦੇ ਹਨ ਜਿਨ੍ਹਾਂ ਦੇ ਹੱਲ ਅਜੇ ਤੱਕ ਨਹੀਂ ਹੋਏ ਹਨ।

ਲੋਕ ਸਭਾ ਚੋਣਾਂ ਦੇ ਐਲਾਨ ਤੱਕ ਪੰਜਾਬ ਵਿੱਚ ਕਿਸੇ ਵੀ ਪਾਰਟੀ ਨੇ ਕੋਈ ਅਜਿਹਾ ਏਜੰਡਾ ਨਹੀਂ ਐਲਾਨਿਆ ਜਿਸ ਉੱਤੇ ਉਹ ਸੂਬੇ ਵਿੱਚ ਚੋਣਾਂ ਲੜ ਸਕੇ। 2019 ਦੀਆਂ ਲੋਕ ਸਭਾ ਚੋਣਾਂ ਦੀ ਜੇਕਰ ਗੱਲ ਕਰੀਏ ਤਾਂ ਪੰਜਾਬ ਵਿੱਚ ਨਸ਼ਾ, ਕਿਸਾਨੀ ਸੰਕਟ ਤੇ ਬੇਅਦਬੀ ਵਰਗੇ ਮੁੱਦਿਆਂ ਉੱਤੇ ਚੋਣਾਂ ਲੜੀਆਂ ਗਈਆਂ ਸਨ। 2024 ਦੀਆਂ ਲੋਕ ਸਭਾ ਚੋਣਾਂ ਬਾਰੇ ਖ਼ਾਸ ਗੱਲ ਇਹ ਹੈ ਕਿ ਪੰਜਾਬ ਦੀਆਂ ਮੁੱਖ ਸਿਆਸੀ ਪਾਰਟੀਆਂ ਇਕੱਲੇ ਚੋਣਾਂ ਲੜ ਰਹੀਆਂ ਹਨ। ਕਿਸੇ ਵੀ ਪਾਰਟੀ ਦਾ ਗਠਜੋੜ ਦੂਜੀ ਪਾਰਟੀ ਨਾਲ ਨਹੀਂ ਹੋ ਸਕਿਆ ਹੈ। ਅਕਾਲੀ-ਭਾਜਪਾ ਵਿਚਾਲੇ ਗਠਜੋੜ ਦੀਆਂ ਕੋਸ਼ਿਸ਼ਾਂ ਹੋਈਆਂ ਪਰ ਹੁਣ ਦੋਵਾਂ ਪਾਰਟੀਆਂ ਨੇ ਇਕੱਲੇ ਚੋਣ ਲੜਨ ਦਾ ਐਲਾਨ ਕਰ ਦਿੱਤਾ ਹੈ। ਆਮ ਆਦਮੀ ਪਾਰਟੀ ਤੇ ਕਾਂਗਰਸ ਭਾਵੇਂ ਕੌਮੀ ਪੱਧਰ ਉੱਤੇ 'ਇੰਡੀਆ ਗਠਜੋੜ' ਦਾ ਹਿੱਸਾ ਹਨ ਪਰ ਦੋਵੇਂ ਪਾਰਟੀਆਂ ਨੇ ਪੰਜਾਬ ਵਿੱਚ ਵੱਖ ਹੋ ਕੇ ਜਾਂ ਕਹੀਏ ਇੱਕ ਦੂਜੇ ਦੇ ਖਿਲਾਫ਼ ਚੋਣ ਲੜਨ ਦਾ ਐਲਾਨ ਕੀਤਾ ਹੈ। ਪੰਜਾਬ ਨੂੰ ਖੇਤੀ ਪ੍ਰਧਾਨ ਸੂਬਾ ਕਿਹਾ ਜਾਂਦਾ ਹੈ। 13 ਲੋਕ ਸਭਾ ਸੀਟਾਂ ਵਾਲਾ ਇਹ ਸੂਬਾ ਪੂਰੇ ਦੇਸ਼ ਦੇ ਖੇਤੀ ਉਤਪਾਦਨ ਵਿੱਚ ਇੱਕ ਵੱਡਾ ਹਿੱਸਾ ਪਾਉਂਦਾ ਹੈ। ਖੇਤੀ ਤੇ ਅਰਥਚਾਰੇ ਦੇ ਮਾਹਿਰ ਰਣਜੀਤ ਸਿੰਘ ਘੁੰਮਣ ਮੁਤਾਬਕ ਪੂਰੇ ਦੇਸ਼ ਦੇ ਕਣਕ ਉਤਪਾਦਨ ਵਿੱਚ ਪੰਜਾਬ ਦੀ 35 ਫੀਸਦੀ ਹਿੱਸੇਦਾਰੀ ਹੈ। ਇਸ ਦੇ ਨਾਲ ਹੀ ਝੋਨੇ ਦੇ ਉਤਪਾਦਨ ਵਿੱਚ ਪੰਜਾਬ ਦਾ 25 ਫੀਸਦ ਦਾ ਹਿੱਸਾ ਹੈ।

ਜਦੋਂ 2020 ਵਿੱਚ ਕੇਂਦਰ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਖਿਲਾਫ਼ ਪ੍ਰਦਰਸ਼ਨ ਸ਼ੁਰੂ ਹੋਇਆ ਤਾਂ ਪੰਜਾਬ ਦੇ ਕਿਸਾਨਾਂ ਦੀ ਉਸ ਵਿੱਚ ਵੱਡੀ ਸ਼ਮੂਲੀਅਤ ਸੀ। ਉਹ ਅੰਦੋਲਨ ਸਫਲ ਵੀ ਹੋਇਆ ਤੇ ਤਿੰਨ ਖੇਤੀ ਕਾਨੂੰਨ ਕੇਂਦਰ ਸਰਕਾਰ ਨੂੰ ਵਾਪਸ ਵੀ ਲੈਣੇ ਪਏ ਸਨ। ਕਾਨੂੰਨ ਤਾਂ ਵਾਪਸ ਲਏ ਗਏ ਪਰ ਕਿਸਾਨਾਂ ਮੁਤਾਬਕ ਉਸ ਵੇਲੇ ਕੀਤੇ ਕਈ ਵਾਅਦੇ ਸਰਕਾਰ ਵੱਲੋਂ ਪੂਰੇ ਨਹੀਂ ਕੀਤੇ ਗਏ। ਮਾਹਿਰਾਂ ਮੁਤਾਬਕ ਅਗਾਮੀ ਲੋਕ ਸਭਾ ਚੋਣਾਂ ਵਿੱਚ ਕਿਸਾਨੀ ਅਜੇ ਵੀ ਇੱਕ ਵੱਡਾ ਮੁੱਦਾ ਹੈ। ਆਰ ਐੱਸ ਘੁੰਮਣ ਕਹਿੰਦੇ ਹਨ, "ਸਾਰੀਆਂ ਪਾਰਟੀਆਂ ਕਹਿੰਦੀਆਂ ਹਨ ਕਿ ਪੰਜਾਬ ਇੱਕ ਖੇਤੀ ਪ੍ਰਧਾਨ ਸੂਬਾ ਹੈ। ਪਰ ਉਨ੍ਹਾਂ ਨੇ ਖੇਤੀ ਲਈ ਕੁਝ ਖਾਸ ਨਹੀਂ ਕੀਤਾ ਹੈ। ਪੰਜਾਬ ਅਜੇ ਵੀ ਦੇਸ਼ ਦੇ ਅਨਾਜ ਭੰਡਾਰ ਵਿੱਚ ਇੱਕ ਵੱਡਾ ਹਿੱਸਾ ਪਾਉਂਦਾ ਹੈ। ਆਰ ਐੱਸ ਘੁੰਮਣ ਮੰਨਦੇ ਹਨ ਕਿ ਅਸਲ ਵਿੱਚ ਪੰਜਾਬ ਦੇ ਕਿਸਾਨਾਂ ਦੇ ਲਈ ਇੱਕ ਖੇਤੀ ਨੀਤੀ ਦੀ ਲੋੜ ਹੈ। ਉਹ ਕਹਿੰਦੇ ਹਨ, "ਜੇ ਲੋਕ ਸਭਾ ਵਿੱਚ ਕਿਸਾਨੀ ਨੂੰ ਮੁੱਦਾ ਬਣਾਇਆ ਜਾਂਦਾ ਹੈ ਤਾਂ ਕਿਸਾਨ ਸਰਕਾਰ ਬਣਨ ਤੋਂ ਬਾਅਦ ਪਾਰਟੀਆਂ ਤੋਂ ਜਵਾਬ ਮੰਗ ਸਕਦੇ ਹਨ। ਜੇ ਪਾਰਟੀਆਂ ਵੋਟ ਮੰਗਣ ਆਉਂਦੀਆਂ ਹਨ ਤਾਂ ਕਿਸਾਨਾਂ ਨੂੰ ਵੀ ਪਾਰਟੀਆਂ ਨੂੰ ਪੁੱਛਣਾ ਚਾਹੀਦਾ ਹੈ ਕਿ ਉਹ ਕਿਸਾਨਾਂ ਲਈ ਕਿਹੜੀ ਨੀਤੀ ਬਣਾਉਣ ਦੀ ਵਾਅਦਾ ਕਰ ਰਹੇ ਹਨ।

ਸਮਾਜਿਕ ਕਾਰਕੁਨ ਡਾਕਟਰ ਪਿਆਰੇ ਲਾਲ ਗਰਗ ਮੰਨਦੇ ਹਨ ਕਿ ਕਿਸਾਨੀ ਪੰਜਾਬ ਵਿੱਚ ਇੱਕ ਅਹਿਮ ਮੁੱਦਾ ਰਹੇਗੀ। ਉਹ ਕਹਿੰਦੇ ਹਨ, "ਕਿਸਾਨਾਂ ਨੇ ਭਾਜਪਾ ਖਿਲਾਫ ਮੋਰਚਾ ਖੋਲ੍ਹਿਆ ਹੈ। ਕਿਸਾਨਾਂ ਨੇ ਐਲਾਨ ਕੀਤਾ ਹੈ ਕਿ ਭਾਜਪਾ ਨੂੰ ਪੰਜਾਬ ਦੇ ਪਿੰਡਾਂ ਵਿੱਚ ਨਹੀਂ ਵੜ੍ਹਨ ਦਿੱਤਾ ਜਾਵੇਗਾ। ਦੂਜੇ ਪਾਸੇ ਸ਼ੰਭੂ ਬਾਰਡਰ ਉੱਤੇ ਜਿਵੇਂ ਕਿਸਾਨਾਂ ਨੂੰ ਰੋਕਿਆ ਗਿਆ ਹੈ ਉਹ ਵੀ ਵੋਟ ਪਾਉਣ ਵੇਲੇ ਕਿਸਾਨਾਂ ਦੇ ਦਿਮਾਗ ਵਿੱਚ ਰਹੇਗਾ। "ਕਿਸਾਨਾਂ ਦੇ ਮੁਜ਼ਾਹਰੇ ਵਿਚਾਲੇ ਸ਼ੰਭੂ ਬਾਰਡਰ ਉੱਤੇ ਸ਼ੁਭਕਰਨ ਸਿੰਘ ਦੀ ਮੌਤ ਵੀ ਇੱਕ ਵੱਡਾ ਮੁੱਦਾ ਰਹੇਗੀ। ਭਾਵੇਂ ਦੋ ਮੁੱਖ ਗਰੁੱਪ ਹੀ ਸ਼ੰਭੂ ਬਾਰਡਰ ਉੱਤੇ ਪ੍ਰਦਰਸ਼ਨ ਕਰ ਰਹੇ ਹਨ ਪਰ ਫਿਰ ਵੀ ਕਿਸਾਨਾਂ ਦੇ ਮਨ ਵਿੱਚ ਇਸ ਗੱਲ ਦਾ ਰੋਸ ਹੈ ਕਿ ਉਨ੍ਹਾਂ ਨੂੰ ਦਿੱਲੀ ਜਾਣ ਤੋਂ ਰੋਕਿਆ ਗਿਆ ਤੇ ਜਿਸ ਤਰੀਕੇ ਦਾ ਰਵੱਈਆ ਸਰਕਾਰ ਵੱਲੋਂ ਕਿਸਾਨਾਂ ਲਈ ਅਪਣਾਇਆ ਗਿਆ, ਉਸ ਦਾ ਗੁੱਸਾ ਵੀ ਕਿਸਾਨਾਂ ਵਿੱਚ ਹੈ। ਕਿਸਾਨਾਂ ਦੇ ਦੂਜੀਆਂ ਪਾਰਟੀਆਂ ਬਾਰੇ ਰੁਖ਼ 'ਤੇ ਪਿਆਰੇ ਲਾਲ ਗਰਗ ਕਹਿੰਦੇ ਹਨ, "ਕਿਸਾਨਾਂ ਵੱਲੋਂ ਆਮ ਆਦਮੀ ਪਾਰਟੀ ਨੂੰ ਸਵਾਲ ਤਾਂ ਹੋਣਗੇ। ਇਹ ਵੀ ਗੱਲ ਸੱਚ ਹੈ ਕਿ ਜੇ ਕਿਸਾਨ ਆਮ ਆਦਮੀ ਪਾਰਟੀ ਤੋਂ ਖੁਸ਼ ਨਹੀਂ ਹਨ ਤਾਂ ਉਹ ਨਰਾਜ਼ ਵੀ ਨਹੀਂ ਹਨ। ਕਾਂਗਰਸ ਨੇ ਵੀ ਤਿੰਨ ਖੇਤੀ ਕਾਨੂੰਨਾਂ ਖਿਲਾਫ ਕਿਸਾਨਾਂ ਨੂੰ ਸਮਰਥਨ ਦਿੱਤਾ ਸੀ ਇਸ ਲਈ ਉਨ੍ਹਾਂ ਪ੍ਰਤੀ ਕਿਸਾਨਾਂ ਦੀ ਕੋਈ ਖ਼ਾਸ ਨਰਾਜ਼ਗੀ ਨਜ਼ਰ ਨਹੀਂ ਆ ਰਹੀ ਹੈ। ਅਕਾਲੀ ਦਲ ਬਾਰੇ ਪਿਆਰੇ ਲਾਲ ਗਰਗ ਕਹਿੰਦੇ ਹਨ, "ਕਿਸ਼ਾਨਾਂ ਦਾ ਅਕਾਲੀ ਦਲ ਪ੍ਰਤੀ ਰੋਸ ਘਟਿਆ ਹੈ। ਭਾਜਪਾ ਨਾਲ ਗਠਜੋੜ ਨਾ ਹੋਣਾ ਵੀ ਅਕਾਲੀ ਦਲ ਦੇ ਹੱਕ ਵਿੱਚ ਜਾ ਸਕਦਾ ਹੈ। ਮੁੱਖ ਤੌਰ ਉੱਤੇ ਕਿਸਾਨਾਂ ਦਾ ਵਿਰੋਧ ਭਾਜਪਾ ਪ੍ਰਤੀ ਹੋਵੇਗਾ। ਪ੍ਰੋਫ਼ੈਸਰ ਘੁੰਮਣ ਅਨੁਸਾਰ ਪੰਜਾਬ ਦੇ ਕਿਸਾਨਾਂ ਦੀਆਂ ਸਮੱਸਿਆਵਾਂ ਅਜੇ ਤੱਕ ਉਸੇ ਤਰ੍ਹਾਂ ਹੀ ਕਾਇਮ ਹਨ ਤੇ ਕਿਸਾਨੀ ਦੇ ਹਾਲਾਤ ਵੀ ਚਿੰਤਾਜਨਕ ਹਨ। ਉਹ ਕਹਿੰਦੇ ਹਨ, "ਖੇਤੀ ਵਿੱਚ ਰੁਜ਼ਗਾਰ ਤੇ ਰੁਜ਼ਗਾਰ ਦੇ ਮੌਕੇ ਕਾਫੀ ਘੱਟ ਗਏ ਹਨ ਤੇ ਇਹ ਵੀ ਸਿੱਧਾ ਆਮਦਨ ਨਾਲ ਜੁੜਿਆ ਹੋਇਆ ਹੈ। ਇਸ ਦੇ ਨਾਲ ਹੀ ਪੰਜਾਬ ਵਿੱਚ ਕੇਵਲ ਦੋ ਫਸਲਾਂ ਉੱਤੇ ਹੀ ਐੱਮਐੱਸਪੀ ਮਿਲ ਰਹੀ ਹੈ ਜਿਸ ਕਾਰਨ ਪੰਜਾਬ ਦੀ ਖੇਤੀ ਦੋ ਫਸਲਾਂ ਤੱਕ ਸੀਮਿਟ ਕੇ ਰਹਿ ਗਈ ਹੈ। ਇਸ ਵੇਲੇ ਪੰਜਾਬ ਨੂੰ ਫਸਲੀ ਵਿਭਿੰਨਤਾ ਦੀ ਬਹੁਤ ਜ਼ਿਆਦਾ ਜ਼ਰੂਰਤ ਹੈ। "ਭਾਰਤ ਸਰਕਾਰ ਦੀ ਰਿਪੋਰਟ ਮੁਤਾਬਕ ਪੰਜਾਬ ਦੇ ਕਿਸਾਨਾਂ ਉੱਤੇ ਪੂਰੇ ਦੇਸ਼ ਦੇ ਮੁਕਾਬਲੇ ਵੱਧ ਕਰਜ਼ਾ ਹੈ। ਪੰਜਾਬ ਦੇ ਪ੍ਰਤੀ ਕਿਸਾਨ ਪਰਿਵਾਰ ਉੱਤੇ 2 ਲੱਖ 95 ਹਜ਼ਾਰ ਰੁਪਏ ਦਾ ਕਰਜ਼ਾ ਹੈ। "ਪੰਜਾਬ ਦੇ ਖੇਤੀ ਸੰਕਟ ਦਾ ਅੰਦਾਜ਼ਾ ਇਸੇ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਸਾਲ 2000 ਤੋਂ 2024 ਤੱਕ 20 ਤੋਂ 22 ਹਜ਼ਾਰ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਨੇ ਪੰਜਾਬ ਵਿੱਚ ਖੁਦਕੁਸ਼ੀ ਕੀਤੀ ਹੈ।

**ਬੇਅਦਬੀ ਤੇ ਬੰਦੀ ਸਿੱਖਾਂ ਦੀ ਰਿਹਾਈ ਵਰਗੇ ਪੰਥਕ ਮੁੱਦੇ**

ਸ਼ੋਮਣੀ ਗੁਰਦੁਆਰਾ ਮੈਨੇਜਮੈਂਟ ਕਮੇਟੀ ਤੇ ਸ਼ ?ਰੋਮਣੀ ਅਕਾਲੀ ਦਲ ਨੇ ਬੀਤੇ ਮਹੀਨਿਆਂ ਵਿੱਚ ਬੰਦੀ ਸਿੱਖਾਂ ਦੀ ਰਿਹਾਈ ਦਾ ਮੁੱਦਾ ਜ਼ੋਰ-ਸ਼ੋਰ ਨਾਲ ਚੁੱਕਿਆ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਵਿੱਚ ਸ਼ ?ਰੋਮਣੀ ਕਮੇਟੀ ਨੇ ਦਸਤਖ਼ਤ ਮੁਹਿੰਮ ਵੀ ਚਲਾਈ ਸੀ। ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿੱਚ ਕਾਲੇ ਕੱਪੜੇ ਤੇ ਜੰਜੀਰਾਂ ਨਾਲ ਰੋਸ ਮਾਰਚ ਵੀ ਕੱਢੇ ਸੀ। ਸੰਸਦ ਮੈਂਬਰ ਰਹਿੰਦਿਆਂ ਸੁਖਬੀਰ ਬਾਦਲ ਤੇ ਹਰਸਿਮਰਤ ਕੌਰ ਬਾਦਲ ਪਾਰਲੀਮੈਂਟ ਦੇ ਬਾਹਰ ਬੰਦੀ ਸਿੱਖਾਂ ਦੀ ਰਿਹਾਈ ਦੀ ਮੰਗ ਦੇ ਪੋਸਟਰ ਲੈ ਕੇ ਖੜ੍ਹੇ ਹੁੰਦੇ ਦੇਖੇ ਗਏ ਸਨ। ਕੀ ਇਨ੍ਹਾਂ ਚੋਣਾਂ ਵਿੱਚ ਬੰਦੀ ਸਿੱਖਾਂ ਦੀ ਰਿਹਾਈ ਦਾ ਮੁੱਦਾ ਰਹੇਗਾ, ਇਸ ਬਾਰੇ ਸੀਨੀਅਰ ਪੱਤਰਕਾਰ ਸਰਬਜੀਤ ਸਿੰਘ ਧਾਲੀਵਾਲ ਕਹਿੰਦੇ ਹਨ, "ਅਕਾਲੀ ਦਲ ਬੰਦੀ ਸਿੱਖਾਂ ਦੀ ਰਿਹਾਈ ਦਾ ਮੁੱਦਾ ਵੱਡੇ ਪੱਧਰ ਉੱਤੇ ਚੁੱਕੇਗਾ। ਉਨ੍ਹਾਂ ਦੇ ਲਈ ਇਹ ਇੱਕ ਵੱਡਾ ਮੁੱਦਾ ਹੈ। 2022 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਵੀ ਵੱਡਾ ਮੁੱਦਾ ਰਿਹਾ ਸੀ। 2015 ਵਿੱਚ ਬਰਗਾੜੀ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਘਟਨਾ ਵਾਪਰੀ ਸੀ। ਇਸ ਦੇ ਨਾਲ ਹੀ ਬਹਿਬਲ ਕਲਾਂ ਵਿੱਚ ਬੇਅਦਬੀ ਦੇ ਵਿਰੋਧ ਵਿੱਚ ਲੱਗੇ ਧਰਨੇ ਦੌਰਾਨ ਗੋਲੀ ਚੱਲੀ ਸੀ। ਇਹ ਦੋਵੇਂ ਘਟਨਾਵਾਂ ਅਕਾਲੀ ਭਾਜਪਾ ਸਰਕਾਰ ਵੇਲੇ ਹੋਈਆਂ ਸਨ। ਕਾਂਗਰਸ ਤੇ ਆਮ ਆਦਮੀ ਪਾਰਟੀ ਨੇ ਭਾਵੇਂ ਪਿਛਲੀਆਂ ਚੋਣਾਂ ਵਿੱਚ ਬੇਅਦਬੀ ਨੂੰ ਮੁੱਦਾ ਬਣਾਇਆ ਸੀ। ਪਰ ਉਨ੍ਹਾਂ ਦੀਆਂ ਸਰਕਾਰਾਂ ਵੇਲੇ ਬੇਅਦਬੀ ਦੇ ਮੁੱਦੇ ਉੱਤੇ ਕੋਈ ਕਾਰਵਾਈ ਨਹੀਂ ਹੋਈ। ਮੌਜੂਦਾ ਸਰਕਾਰ ਦੇ ਵਿਧਾਇਕ ਕੁੰਵਰ ਵਿਜੇ ਪ੍ਰਤਾਪ ਸਿੰਘ ਵੀ ਬੇਅਦਬੀ ਦੇ ਮਸਲੇ ਉੱਤੇ ਆਪਣੀ ਪਾਰਟੀ ਦੀ ਕਾਰਗੁਜ਼ਾਰੀ ਉੱਤੇ ਸਵਾਲ ਖੜ੍ਹੇ ਕਰ ਚੁੱਕੇ ਹਨ। ਇਨ੍ਹਾਂ ਹਾਲਾਤ ਵਿੱਚ ਇਸ ਲਈ ਇਹ ਨਹੀਂ ਲਗਦਾ ਕਿ ਬੇਅਦਬੀ ਲੋਕ ਸਭਾ ਚੋਣਾਂ ਵਿੱਚ ਮੁੱਦਾ ਬਣੇਗੀ। ਡਾ. ਪ੍ਰਮੋਦ ਮੰਨਦੇ ਹਨ ਕਿ ਪੰਥਕ ਮੁੱਦਿਆਂ ਬਾਰੇ ਪੰਜਾਬ ਦੀ ਸਿਆਸਤ ਵਿੱਚ ਚਰਚਾ ਤਾਂ ਹੁੰਦੀ ਹੈ ਪਰ ਇਹ ਚਰਚਾ ਵੋਟ ਦੇਣ ਦੇ ਫੈਸਲੇ ਨੂੰ ਪ੍ਰਭਾਵਿਤ ਨਹੀਂ ਕਰਦੀ ਹੈ। ਸੀਨੀਅਰ ਪੱਤਰਕਾਰ ਜਸਪਾਲ ਸਿੱਧੂ ਮੰਨਦੇ ਹਨ ਕਿ ਪੰਜਾਬ ਵਿੱਚ ਪੰਥਕ ਮੁੱਦਿਆਂ ਤੋਂ ਵੱਧ ਸੂਬਿਆਂ ਦੇ ਵੱਧ ਅਧਿਕਾਰਾਂ ਦਾ ਮੁੱਦਾ ਚਰਚਾ ਵਿੱਚ ਆ ਸਕਦਾ ਹੈ।

**ਮੁਫ਼ਤ ਸਕੀਮਾਂ ਤੇ ਸਹੂਲਤਾਂ**

ਕੀ ਮੁਫ਼ਤ ਸਹੂਲਤਾਂ ਇਨ੍ਹਾਂ ਚੋਣਾਂ ਵਿੱਚ ਮੁੱਦਾ ਬਣਨਗੀਆਂ। ਆਮ ਆਦਮੀ ਪਾਰਟੀ ਵੱਲੋਂ ਮੁਫ਼ਤ ਘਰ-ਘਰ ਰਾਸ਼ਨ ਦੀ ਸਕੀਮ ਚਲਾਈ ਜਾ ਰਹੀ ਹੈ। ਇਸ ਦੇ ਨਾਲ ਹੀ ਮੁਫ਼ਤ ਬਿਜਲੀ ਦੀ ਸਹੂਲਤ ਵੀ ਪਾਰਟੀ ਦੀ ਸਰਕਾਰ ਵੱਲੋਂ ਦਿੱਤੀ ਗਈ ਹੈ। ਆਮ ਆਦਮੀ ਪਾਰਟੀ ਇਨ੍ਹਾਂ ਸਕੀਮਾਂ ਦਾ ਪ੍ਰਚਾਰ ਵੀ ਵੱਧ-ਚੜ੍ਹ ਕੇ ਕਰ ਰਹੀ ਹੈ। ਪਾਰਟੀ ਵੱਲੋਂ ਜਦੋਂ ਵੋਟਰਾਂ ਤੱਕ ਪਹੁੰਚ ਕੀਤੀ ਜਾਵੇਗੀ ਤਾਂ ਇਨ੍ਹਾਂ ਮੁਫਤ ਸਹੂਲਤਾਂ ਨੂੰ ਮੁੱਦਾ ਬਣਾਇਆ ਜਾ ਸਕਦਾ ਹੈ। ਭਾਜਪਾ ਵੀ ਕੇਂਦਰ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਸਕੀਮਾਂ ਨੂੰ ਇਨ੍ਹਾਂ ਚੋਣਾਂ ਵਿੱਚ ਮੁੱਦਾ ਬਣਾ ਕੇ ਪੇਸ਼ ਕਰ ਸਕਦੀ ਹੈ। ਉਂਝ ਤਾਂ ਪਿਛਲੀਆਂ ਸਰਕਾਰਾਂ ਵੱਲੋਂ ਵੀ ਅਜਿਹੀਆਂ ਮੁਫ਼ਤ ਸਹੂਲਤਾਂ ਦਿੱਤੀਆਂ ਗਈਆਂ ਸਨ। ਅਕਾਲੀ ਦਲ-ਭਾਜਪਾ ਸਰਕਾਰ ਵੱਲੋਂ ਆਟਾ-ਦਾਲ ਸਕੀਮ ਲਿਆਈ ਗਈ ਸੀ। ਕਾਂਗਰਸ ਸਰਕਾਰ ਨੇ ਵੀ ਐੱਸੀ, ਬੀਸੀ ਭਾਈਚਾਰੇ, ਅਜ਼ਾਦੀ ਦੇ ਘੁਲਾਟੀਏ ਪਰਿਵਾਰਾਂ ਤੇ ਗਰੀਬੀ ਰੇਖਾ ਤੋਂ ਥੱਲੇ ਦੇ ਪਰਿਵਾਰਾਂ ਲਈ 300 ਯੂਨੀਟ ਮੁਫ਼ਤ ਬਿਜਲੀ ਦਿੱਤੀ ਸੀ। ਇਸ ਵੇਲੇ ਪੰਜਾਬ ਦੀ ਸੱਤਾ ਵਿੱਚ ਕਾਬਿਜ਼ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਕੀ ਉਨ੍ਹਾਂ ਵੱਲੋਂ ਦਿੱਤੀਆਂ ਜਾ ਰਹੀਆਂ ਮੁਫ਼ਤ ਸਹੂਲਤਾਂ ਦਾ ਫਾਇਦਾ ਮਿਲੇਗਾ। ਇਸ ਬਾਰੇ ਪਿਆਰੇ ਲਾਲ ਗਰਗ ਕਹਿੰਦੇ ਹਨ, "ਘਰ-ਘਰ ਮੁਫ਼ਤ ਰਾਸ਼ਨ ਦੀ ਸਕੀਮ ਕਾਮਯਾਬ ਸਾਬਿਤ ਨਹੀਂ ਹੋ ਰਹੀ ਹੈ। ਲੋਕ ਇਸ ਤੋਂ ਜਿੰਨਾ ਖੁਸ਼ ਹੁੰਦੇ ਹਨ, ਓਨਾ ਹੀ ਨਰਾਜ਼ ਹਨ। ਇਸ ਸਕੀਮ ਦੇ ਨਾਲ ਡੀਪੂ ਹੋਲਡਰ ਵੀ ਪ੍ਰੇਸ਼ਾਨ ਹਨ ਕਿਉਂਕਿ ਉਨ੍ਹਾਂ ਨੂੰ ਡਰ ਹੈ ਕਿ ਇਸ ਨਾਲ ਉਨ੍ਹਾਂ ਦਾ ਰੁਜ਼ਗਾਰ ਜਾ ਰਿਹਾ ਹੈ। ਪਿਆਰੇ ਲਾਲ ਗਰਗ ਕਹਿੰਦੇ ਹਨ ਕਿ ਮੁਫ਼ਤ ਬਿਜਲੀ ਦੀ ਸਕੀਮ ਆਮ ਆਦਮ ਪਾਰਟੀ ਨੂੰ ਫਾਇਦਾ ਪਹੁੰਚਾ ਸਕਦੀ ਹੈ। ਡਾ. ਪ੍ਰਮੋਦ ਮੁਤਾਬਕ ਮੁਫ਼ਤ ਸਹੂਲਤਾਂ ਦਾ ਮੁੱਦਾ ਇਸ ਵੇਲੇ ਭਾਰਤ ਦੇ ਹਰ ਸੂਬੇ ਵਿੱਚ ਚਰਚਾ ਵਿੱਚ ਰਹੇਗਾ। ਉਨ੍ਹਾਂ ਕਿਹਾ, "ਭਾਰਤ ਵਿੱਚ ਵੈਲਫੇਅਰ ਸਟੇਟ ਬਣਨ ਲਈ ਜ਼ਿਆਦਾਤਰ ਮੁਫ਼ਤ ਸਹੂਲਤਾਂ ਦਾ ਰਸਤਾ ਅਪਣਾਇਆ ਜਾਂਦਾ ਹੈ। ਇਸ ਲਈ ਇਹ ਕੁਝ ਹੱਦ ਤੱਕ ਮੁੱਦਾ ਰਹੇਗਾ। "ਪਰ ਮੁਫ਼ਤ ਸਹੂਲਤਾਂ ਕੇਵਲ ਆਮ ਆਦਮੀ ਪਾਰਟੀ ਨੇ ਹੀ ਨਹੀਂ ਦਿੱਤੀਆਂ। ਅਕਾਲੀ ਭਾਜਪਾ ਸਰਕਾਰ ਵੇਲੇ ਵੀ ਕਿਸਾਨਾਂ ਨੂੰ ਮੁਫਤ ਬਿਜਲੀ ਦੀ ਸਹੂਲਤ ਦਿੱਤੀ ਗਈ ਸੀ। ਡਾ. ਪ੍ਰਮੋਦ ਮੰਨਦੇ ਹਨ ਕਿ ਲੋਕਾਂ ਨੂੰ ਜੋ ਸਹੂਲਤਾਂ ਮਿਲ ਜਾਂਦੀਆਂ ਹਨ ਉਨ੍ਹਾਂ ਨੂੰ ਉਹ ਵੋਟ ਦੇਣ ਵੇਲੇ ਧਿਆਨ ਨਹੀਂ ਰੱਖਦੇ। ਸਗੋਂ ਉਹ ਆਪਣਾ ਵੋਟ ਦਾ ਫੈਸਲਾ ਉਨ੍ਹਾਂ ਸਹੂਲਤਾਂ ਦੇ ਵਾਅਦਿਆਂ ਦੇ ਅਧਾਰ ਉੱਤੇ ਕਰ ਸਕਦੇ ਹਨ ਜੋ ਸਿਆਸੀ ਪਾਰਟੀਆਂ ਇਸ ਵਾਰ ਕਰਨਗੀਆਂ।

**ਕਾਨੂੰਨ ਵਿਵਸਥਾ**

ਆਮ ਆਦਮੀ ਪਾਰਟੀ ਨੇ ਮਾਰਚ 2022 ਵਿੱਚ ਪੰਜਾਬ ਦੀ ਸੱਤਾ ਸਾਂਭੀ ਸੀ। ਮਾਰਚ 2022 ਵਿੱਚ ਮਸ਼ਹੂਰ ਕਬੱਡੀ ਖਿਡਾਰੀ ਸੰਦੀਪ ਸਿੰਘ ਨੰਗਲ ਅੰਬੀਆਂ ਦਾ ਕਤਲ ਹੋ ਗਿਆ ਸੀ। ਇਸ ਮਗਰੋਂ 29 ਮਈ 2022 ਨੂੰ ਮਸ਼ਹੂਰ ਪੰਜਾਬੀ ਸਿੰਗਰ ਸਿੱਧੂ ਮੂਸੇਵਾਲਾ ਦਾ ਕਤਲ ਹੋ ਗਿਆ ਸੀ। ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਆਉਣ ਮਗਰੋਂ ਕਾਨੂੰਨ ਵਿਵਸਥਾ ਨੂੰ ਵਿਰੋਧੀ ਪਾਰਟੀਆਂ ਨੇ ਮੁੱਦਾ ਬਣਾਇਆ ਹੈ। ਇਸ ਤੋਂ ਇਲਾਵਾ ਵਪਾਰੀਆਂ ਨੂੰ ਮਿਲੀਆਂ ਧਮਕੀਆਂ, ਕਥਿਤ ਗੈਂਗਸਟਰ ਲਾਰੈਂਸ ਬਿਸ਼ਨੋਈ ਦੇ ਜੇਲ੍ਹ ਵਿੱਚੋਂ ਇੰਟਰਵਿਊ ਦੇਣ ਤੇ ਬੰਟੀ ਬੈਂਸ ਵਰਗੀਆਂ ਹਸਤੀਆਂ ਉੱਤੇ ਹਮਲੇ ਨੇ ਬੀਤੇ ਵਕਤ ਵਿੱਚ ਕਾਨੂੰਨ ਵਿਵਸਥਾ ਦਾ ਮੁੱਦਾ ਵੀ ਪੰਜਾਬ ਵਿੱਚ ਉਭਾਰਿਆ ਹੈ।

## ਕੀ ਪੰਜਾਬ ਵਿੱਚ ਕੌਮੀ ਮੁੱਦੇ ਅਸਰ ਪਾਉਣਗੇ

ਇਨ੍ਹਾਂ ਸਿਆਸੀ ਸਮੀਕਰਨਾਂ ਵਿਚਾਲੇ ਅਜਿਹੇ ਕਈ ਮੁੱਦੇ ਹਨ ਜਿਨ੍ਹਾਂ ਉੱਤੇ ਅਗਾਮੀ ਲੋਕ ਸਭਾ ਚੋਣਾਂ ਲੜੀਆਂ ਜਾਣਗੀਆਂ। ਲੋਕ ਸਭਾ ਚੋਣਾਂ ਭਾਰਤ ਵਰਗੇ ਵੱਡੇ ਲੋਕਤੰਤਰ ਵਿੱਚ ਇੱਕ ਤਿਉਹਾਰ ਵਾਂਗ ਹੁੰਦੀਆਂ ਹਨ। ਲੋਕ ਸਭਾ ਚੋਣਾਂ ਲਈ ਸਿਆਸੀ ਪਾਰਟੀਆਂ ਮੁੱਖ ਤੌਰ ਉੱਤੇ ਆਪਣੇ ਚੋਣ ਮੈਨੀਫੈਸਟੋ ਵਿੱਚ ਉਨ੍ਹਾਂ ਮੁੱਦਿਆਂ ਦਾ ਜ਼ਿਕਰ ਕਰਦੀਆਂ ਹਨ ਜਿਨ੍ਹਾਂ ਦਾ ਕੌਮੀ ਪੱਧਰ ਉੱਤੇ ਅਸਰ ਹੁੰਦਾ ਹੈ। ਖੇਤਰੀ ਪਾਰਟੀਆਂ ਜ਼ਰੂਰ ਉੱਥੋਂ ਦੇ ਮੁੱਦਿਆਂ ਨੂੰ ਚੁੱਕਣ ਦਾ ਦਾਅਵਾ ਕਰਦੀਆਂ ਹਨ ਜਿਸ ਸੂਬੇ ਜਾਂ ਖੇਤਰ ਵਿੱਚ ਉਹ ਐਕਟਿਵ ਹੁੰਦੀਆਂ ਹਨ। ਜੇ ਅਸੀਂ ਪੰਜਾਬ ਦੀ ਗੱਲ ਕਰੀਏ ਤਾਂ ਕੀ ਪੰਜਾਬ ਵਿੱਚ ਰਾਸ਼ਟਰੀ ਮੁੱਦੇ ਜ਼ੋਰ ਫੜ੍ਹ ਸਕਦੇ ਹਨ ਜਾਂ ਪੰਜਾਬ ਦੇ ਆਪਣੇ ਮੁੱਦਿਆਂ ਉੱਤੇ ਹੀ ਚੋਣਾਂ ਲੜੀਆਂ ਜਾਣਗੀਆਂ। ਸਿਆਸੀ ਮਾਮਲਿਆਂ ਦੇ ਮਾਹਿਰ ਡਾ. ਪ੍ਰਮੋਦ ਮੰਨਦੇ ਹਨ ਕਿ ਪੰਜਾਬ ਵਿੱਚ ਕੌਮੀ ਮੁੱਦਿਆਂ ਦਾ ਕੋਈ ਅਸਰ ਲੋਕ ਸਭਾ ਚੋਣਾਂ ਵਿੱਚ ਨਜ਼ਰ ਨਹੀਂ ਆ ਰਿਹਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਅਗਾਮੀ ਚੋਣਾਂ ਵਿੱਚ ਪੰਜਾਬ ਦੇ ਆਪਣੇ ਮੁੱਦੇ ਹੀ ਜ਼ੋਰ ਫੜ੍ਹਨਗੇ ਤੇ ਲੋਕਾਂ ਦੇ ਵੋਟ ਪਾਉਣ ਦੇ ਫੈਸਲੇ ਉੱਤੇ ਅਸਰ ਪਾਉਣਗੇ।

ਡਾ. ਪ੍ਰਮੋਦ ਕਹਿੰਦੇ ਹਨ, "ਕੌਮੀ ਪੱਧਰ ਉੱਤੇ ਉੱਠ ਰਿਹਾ ਸੀਏਏ ਦਾ ਮੁੱਦਾ ਪੰਜਾਬ ਵਿੱਚ ਕੋਈ ਵੱਡਾ ਮੁੱਦਾ ਨਹੀਂ ਹੈ। ਰਾਮ ਮੰਦਰ ਦੀ ਪ੍ਰਾਣ ਪ੍ਰਤਿਸ਼ਠਾ ਵੀ ਪੰਜਾਬ ਵਿੱਚ ਇੱਕ ਛੋਟੇ ਜਿਹੇ ਹਿੱਸੇ ਨੂੰ ਹੀ ਪ੍ਰਭਾਵਿਤ ਕਰ ਸਕਦੀ ਹੈ। ਪੇਂਡੂ ਖੇਤਰਾਂ ਵਿੱਚ ਇਸ ਬਾਰੇ ਲੋਕ ਚੰਗਾ ਮਹਿਸੂਸ ਤਾਂ ਕਰ ਸਕਦੇ ਹਨ ਪਰ ਇਸ ਮੁੱਦੇ ਲਈ ਕੋਈ ਵੱਡੀ ਲਹਿਰ ਬਣੇ ਇਹ ਸੰਭਵ ਨਹੀਂ ਹੈ। ਤਾਂ ਪੰਜਾਬ ਦੇ ਮੁੱਦੇ ਕਿਹੜੇ ਹਨ ਜੋ ਅਗਾਮੀ ਲੋਕ ਸਭਾ ਚੋਣਾਂ ਵਿੱਚ ਹਾਵੀ ਰਹਿ ਸਕਦੇ ਹਨ। ਇਸ ਬਾਰੇ ਅਸੀਂ ਵੱਖ-ਵੱਖ ਮਾਹਿਰਾਂ ਨਾਲ ਗੱਲਬਾਤ ਕੀਤੀ। ਸੂਬੇ ਦੇ ਸਿਆਸੀ ਹਾਲਾਤ ਤੇ ਮਾਹਿਰਾਂ ਦੀ ਰਾਇ ਦੇ ਅਧਾਰ ਉੱਤੇ ਇਸ ਰਿਪੋਰਟ ਵਿੱਚ ਗੱਲ ਕਰਾਂਗੇ।

## ਅਤਿਵਾਦੀਆਂ ਨੂੰ ਉਨ੍ਹਾਂ ਦੀ ਜ਼ਮੀਨ 'ਤੇ ਹੀ ਮਾਰ ਰਹੀ ਹੈ ਸਰਕਾਰ: ਮੋਦੀ

ਰਿਸ਼ੀਕੇਸ਼ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਹੈ ਕਿ ਕੇਂਦਰ 'ਚ ਭਾਜਪਾ ਦੀ ਅਗਵਾਈ ਹੇਠਲੀ ਸਰਕਾਰ ਤਹਿਤ ਸੁਰੱਖਿਆ ਬਲਾਂ ਵੱਲੋਂ ਅਤਿਵਾਦੀਆਂ ਨੂੰ ਉਨ੍ਹਾਂ ਦੀ ਜ਼ਮੀਨ 'ਤੇ ਹੀ ਮਾਰ ਰਹੀ ਹੈ। ? ਇਥੇ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਮੋਦੀ ਨੇ ਕਿਹਾ ਕਿ ਲੋਕਾਂ ਨੇ ਸਥਿਰ ਸਰਕਾਰ ਦੇ ਫਾਇਦੇ ਦੇਖ ਲਏ ਹਨ ਅਤੇ 'ਫਿਰ ਏਕ ਬਾਰ ਮੋਦੀ ਸਰਕਾਰ' ਦਾ ਨਾਅਰਾ ਦੇਸ਼ ਭਰ 'ਚ ਗੂੰਜ ਰਿਹਾ ਹੈ। 'ਦੁਸ਼ਮਣਾਂ ਨੇ ਕਮਜ਼ੋਰ ਅਤੇ ਅਸਥਿਰ ਸਰਕਾਰਾਂ ਦਾ ਲਾਹਾ ਲਿਆ ਅਤੇ ਅਤਿਵਾਦ ਫੈਲਿਆ। ਪਰ ਮਜ਼ਬੂਤ ਮੋਦੀ ਸਰਕਾਰ ਦੇ ਅਧੀਨ ਸਾਡੇ ਸੁਰੱਖਿਆ ਬਲ ਅਤਿਵਾਦੀਆਂ ਨੂੰ ਉਨ੍ਹਾਂ ਦੇ ਘਰਾਂ ਅੰਦਰ ਘੁਸ ਕੇ ਮਾਰ ਰਹੇ ਹਨ।' ਪ੍ਰਧਾਨ ਮੰਤਰੀ ਨੇ ਕਿਹਾ ਕਿ ਉਨ੍ਹਾਂ ਭ੍ਰਿਸ਼ਟਾਚਾਰੀਆਂ ਨੂੰ ਦੇਸ਼ ਲੁੱਟਣ ਤੋਂ ਰੋਕ ਦਿੱਤਾ ਹੈ ਜਿਸ ਕਾਰਨ ਉਨ੍ਹਾਂ ਦਾ ਗੁੱਸਾ ਮੋਦੀ ਖ਼ਿਲਾਫ਼ ਸਿਖਰ 'ਤੇ ਪਹੁੰਚ ਗਿਆ ਹੈ। 'ਬੀਤੇ 'ਚ ਕਮਜ਼ੋਰ ਕਾਂਗਰਸ ਸਰਕਾਰਾਂ ਸਰਹੱਦੀ ਬੁਨਿਆਦੀ ਢਾਂਚਾ ਮਜ਼ਬੂਤ ਨਹੀਂ ਕਰ ਸਕੀਆਂ ਸਨ। ਹੁਣ ਸਰਹੱਦਾਂ 'ਤੇ ਸੜਕਾਂ ਅਤੇ ਆਧੁਨਿਕ ਸੁਰੰਗਾਂ ਬਣਾਈਆਂ ਜਾ ਰਹੀਆਂ ਹਨ।' ਅਯੁੱਧਿਆ 'ਚ ਰਾਮ ਮੰਦਰ ਦੀ ਉਸਾਰੀ ਦਾ ਵਿਰੋਧ ਅਤੇ ਭਗਵਾਨ ਰਾਮ ਬਾਰੇ ਸਵਾਲ ਖੜ੍ਹੇ ਕਰਨ ਲਈ ਕਾਂਗਰਸ ਨੂੰ ਘੇਰਦਿਆਂ ਮੋਦੀ ਨੇ ਕਿਹਾ ਕਿ ਪਾਰਟੀ ਨੂੰ ਪ੍ਰਾਣ ਪ੍ਰਤਿਸ਼ਠਾ ਸਮਾਗਮ ਲਈ ਸੱਦਾ ਭੇਜਿਆ ਗਿਆ ਸੀ ਪਰ ਉਨ੍ਹਾਂ ਇਸ ਦਾ ਬਾਈਕਾਟ ਕਰ ਦਿੱਤਾ।

## ਮੱਛੀ ਖਾਂਦਿਆਂ ਦੀ ਵੀਡੀਓ ਸਾਂਝੀ ਕਰਨ 'ਤੇ ਤੇਜਸਵੀ ਯਾਦਵ ਵਿਵਾਦਾਂ 'ਚ ਘਿਰੇ

ਪਟਨਾ : ਬਿਹਾਰ ਦੇ ਸਾਬਕਾ ਉਪ ਮੁੱਖ ਮੰਤਰੀ ਅਤੇ ਰਾਸ਼ਟਰੀ ਜਨਤਾ ਦਲ (ਆਰਜੇਡੀ) ਦੇ ਆਗੂ ਤੇਜਸਵੀ ਪ੍ਰਸਾਦ ਯਾਦਵ ਸੋਸ਼ਲ ਮੀਡੀਆ 'ਤੇ ਸਾਂਝੇ ਕੀਤੇ ਗਏ ਇੱਕ ਵੀਡੀਓ ਨੂੰ ਲੈ ਕੇ ਵਿਰੋਧੀਆਂ ਦੇ ਨਿਸ਼ਾਨੇ 'ਤੇ ਆ ਗਏ ਹਨ। ਵੀਡੀਓ ਵਿੱਚ ਉਹ ਨਰਾਤਿਆਂ ਦੌਰਾਨ ਮੱਛੀ ਖਾਂਦੇ ਨਜ਼ਰ ਆ ਰਹੇ ਹਨ। ਇਹ ਵੀਡੀਓ ਉਨ੍ਹਾਂ 9 ਅਪਰੈਲ ਨੂੰ ਪਹਿਲੇ ਨਰਾਤੇ 'ਤੇ ਸਾਂਝਾ ਕੀਤਾ ਸੀ। ਹਾਲਾਂਕਿ ਤੇਜਸਵੀ ਯਾਦਵ ਨੇ ਦਾਅਵਾ ਕੀਤਾ ਕਿ ਉਨ੍ਹਾਂ ਇਹ ਵੀਡੀਓ ਨਰਾਤਿਆਂ ਤੋਂ ਪਹਿਲਾਂ ਸ਼ੂਟ ਕੀਤੀ ਸੀ। ਐਕਸ 'ਤੇ ਸਾਂਝੇ ਕੀਤੇ ਗਏ ਵੀਡੀਓ 'ਚ ਤੇਜਸਵੀ ਯਾਦਵ 'ਵਿਕਾਸਸ਼ੀਲ ਇਨਸਾਨ ਪਾਰਟੀ' ਦੇ ਮੁਖੀ ਮੁਕੇਸ਼ ਸਾਹਨੀ ਨਾਲ ਹੈਲੀਕਾਪਟਰ 'ਚ ਖਾਣਾ ਖਾਂਦੇ ਨਜ਼ਰ ਆ ਰਹੇ ਹਨ। ਵੀਡੀਓ ਵਿੱਚ ਉਹ ਇਹ ਕਹਿੰਦੇ ਨਜ਼ਰ ਆ ਰਹੇ ਹਨ ਕਿ ਉਹ ਚੋਣ ਪ੍ਰਚਾਰ ਦੇ ਰੁਝੇਵਿਆਂ 'ਚੋਂ ਕੁੱਝ ਸਮਾਂ ਖਾਣਾ ਖਾਣ ਲਈ ਕੱਢ ਲੈਂਦੇ ਹਨ। ਇਸ ਦੌਰਾਨ ਸਾਹਨੀ ਮੱਛੀ ਦਿਖਾਉਂਦੇ ਕਹਿੰਦੇ ਹਨ ਕਿ ਇਹ ਮੱਛੀ ਕੋਸੀ ਖੇਤਰ ਦੇ ਤਾਜ਼ੇ ਪਾਣੀ ਵਿੱਚ ਪਾਈ ਜਾਂਦੀ ਹੈ। ਵੀਡੀਓ ਵਿੱਚ ਸਾਹਨੀ ਨੇ ਮਿਰਚ ਦੇਖ ਕੇ ਵਿਰੋਧੀਆ 'ਤੇ ਤਨਜ਼ ਕਸਦਿਆਂ ਕਿਹਾ, "ਸਾਡਾ ਵੀਡੀਓ ਦੇਖ ਕੇ ਕੁੱਝ ਲੋਕਾਂ ਨੂੰ ਮਿਰਚ ਲੱਗੇਗੀ।" ਇਸ ਵੀਡੀਓ 'ਤੇ ਪ੍ਰਤੀਕਿਰਿਆ ਦਿੰਦਿਆਂ ਕੇਂਦਰੀ ਮੰਤਰੀ ਗਿਰੀਰਾਜ ਸਿੰਘ ਨੇ ਯਾਦਵ ਨੂੰ 'ਮੌਸਮੀ ਸਨਾਤਨੀ' ਕਿਹਾ ਜੋ 'ਤੁਸ਼ਟੀਕਰਨ ਦੀ ਰਾਜਨੀਤੀ' ਕਰਦਾ ਹੈ। ਇਸੇ ਤਰ੍ਹਾਂ ਬਿਹਾਰ ਦੇ ਉਪ ਮੁੱਖ ਮੰਤਰੀ ਵਿਜੈ ਕੁਮਾਰ ਸਿਨਹਾ ਨੇ ਕਾਂਗਰਸ ਆਗੂ ਰਾਹੁਲ ਗਾਂਧੀ ਵੱਲੋਂ ਲਾਲੂ ਪ੍ਰਸਾਦ ਯਾਦਵ ਦੀ ਦਿੱਲੀ ਸਥਿਤ ਰਿਹਾਇਸ਼ 'ਤੇ ਮਾਸਾਹਾਰੀ ਭੋਜਨ ਪਕਾਉਣ ਅਤੇ ਖਾਣ ਦੀ ਘਟਨਾ ਦਾ ਹਵਾਲਾ ਦਿੱਤਾ। ਤਜਸਵੀ ਯਾਦਵ ਨੇ ਸਪੱਸ਼ਟ ਕੀਤਾ ਕਿ ਇਹ ਵੀਡੀਓ 8 ਅਪਰੈਲ ਨੂੰ ਸ਼ੂਟ ਕੀਤਾ ਗਿਆ ਸੀ।

# ਲਿਬਰਲ ਕਾਕੱਸ ਵਲੋਂ ਭਾਈਚਾਰੇ ਨਾਲ ਮਿਲ ਕੇ ਕੈਨੇਡਾ ਦੀ ਪਾਰਲੀਮੈਂਟ ਨੂੰ ਖਾਲਸਾਈ ਰੰਗ ਵਿਚ ਰੰਗਿਆ





ਓਟਾਵਾ – ਪੰਜਾਬ ਦਾ ਮਹਾਨ ਇਤਿਹਾਸਕ ਤੇ ਸੱਭਿਆਚਾਰਕ ਤਿਓਹਾਰ 'ਵਿਸਾਖੀ' ਜੋ ਕਿ ਦੇਸੀ ਮਹੀਨੇ ਵਿਸਾਖ ਦੀ ਸੰਗਰਾਂਦ ਵਾਲੇ ਦਿਨ (13 ਅਪ੍ਰੈਲ) ਨੂੰ ਆਉਂਦਾ ਹੈ, ਲੰਘੇ ਸੋਮਵਾਰ 8 ਅਪ੍ਰੈਲ ਨੂੰ ਕੈਨੇਡਾ ਦੀ ਰਾਜਧਾਨੀ ਔਟਵਾ ਵਿਖੇ ਪਾਰਲੀਮੈਂਟ ਹਿੱਲ ਸਥਿਤ ਪਾਰਲੀਮੈਂਟ ਹਾਲ ਵਿਖੇ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਲਿਬਰਲ ਕਾਕੱਸ ਦੇ ਪਾਰਲੀਮੈਂਟ ਮੈਂਬਰਾਂ ਅਤੇ ਮੰਤਰੀਆਂ ਨੇ ਇਸ ਵਿਚ ਵੱਡੀ ਗਿਣਤੀ ਸ਼ਾਮਲ ਹੋ ਕੇ ਇਸ ਦੀ ਰੌਣਕ ਨੂੰ ਵਧਾਇਆ।

ਇਸ ਮੌਕੇ ਪਿਛਲੇ ਸ਼ਨੀਵਾਰ 6 ਅਪ੍ਰੈਲ ਨੂੰ ਆਰੰਭ ਕੀਤੇ ਗਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਦਾ ਭੋਗ ਪਾਇਆ ਗਿਆ। ਉਪਰੰਤ, ਸ੍ਰੀ ਸਿੰਘ ਸਭਾ ਕਾਰਪੋਰੇਸ਼ਨ ਦੇ ਟਰੱਸਟੀ ਅਤੇ 'ਸਿੱਖਨੈੱਟ' ਇੰਟਰਨੈਸ਼ਨਲ ਖਾਲਸਾ ਕੌਂਸਲ ਬੋਰਡ ਦੇ ਚੇਅਰ ਸਰਦਾਰਨੀ ਹਰਜੋਤ ਕੌਰ ਸਿੰਘ ਦੇ ਕੀਰਤਨੀ ਜੱਥੇ ਵੱਲੋਂ ਗੁਰਬਾਣੀ ਦਾ ਮਨੋਹਰ ਕੀਰਤਨ ਕੀਤਾ ਗਿਆ। ਸਰੀ ਸੈਂਟਰ, ਬੀ.ਸੀ. ਦੇ ਪਾਰਲੀਮੈਂਟ ਮੈਬਰ ਰਣਦੀਪ ਸਰਾਏ ਵੱਲੋਂ ਵਿਸਾਖੀ ਦੇ ਦਿਹਾੜੇ ਸਬੰਧੀ ਵਿਚਾਰ ਪੇਸ਼ ਕੀਤੇ ਗਏ। ਮਿਸੀਸਾਗਾ ਮਾਲਟਨ ਦੇ ਐੱਮ.ਪੀ. ਇਕਵਿੰਦਰ ਗਹੀਰ ਵੱਲੋਂ ਆਏ ਸਮੂਹ ਪਾਰਲੀਮੈਂਟ ਮੈਂਬਰਾਂ ਤੇ ਮੰਤਰੀਆਂ ਦਾ ਹਾਰਦਿਕ ਸੁਆਗਤ ਕੀਤਾ ਗਿਆ। ਉਨ੍ਹਾਂ ਅਪ੍ਰੈਲ ਮਹੀਨੇ ਨੂੰ ਸਰਕਾਰੀ ਤੌਰ 'ਤੇ 'ਸਿੱਖ ਹੈਰੀਟੇਜ ਮੰਥ' ਐਲਾਨਣ ਦਾ ਸਿਹਰਾ ਇਸ ਸਬੰਧੀ ਐੱਮ.ਪੀ. ਸੁਖ ਧਾਲੀਵਾਲ ਵੱਲੋਂ ਲਿਆਂਦੇ ਗਏ ਮੋਸ਼ਨ ਨੂੰ ਦਿੱਤਾ। ਅੰਗਰੇਜ਼ੀ ਵਿਚ ਉਨ੍ਹਾਂ ਵੱਲੋਂ ਕੀਤੇ ਗਏ ਸੰਬੋਧਨ ਦਾ ਤਰਜੁਮਾ ਫ਼ਰੈਂਚ ਵਿਚ ਡੌਰਵਲ ਕਿਊਬਿਕ ਤੋਂ ਪਾਰਲੀਮੈਂਟ ਮੈਬਰ ਅੰਜੂ ਢਿੱਲੋਂ ਵੱਲੋਂ ਕੀਤਾ ਗਿਆ।

ਮਾਣਯੋਗ ਮੰਤਰੀ ਹਰਜੀਤ ਸਿੰਘ ਸੱਜਣ ਜਿਨ੍ਹਾਂ ਨੇ ਵਿਸਾਖੀ ਦੇ ਸਬੰਧ ਵਿਚ ਸਮੂਹ ਸੰਗਤ ਨੂੰ ਸੰਬੋਧਨ ਕੀਤਾ, ਦੀ ਜਾਣ-ਪਛਾਣ ਮੰਤਰੀ ਕਮਲ ਖਹਿਰਾ ਵੱਲੋਂ ਕਰਵਾਈ ਗਈ। ਇਸ ਮੌਕੇ ਬਰੈਂਪਟਨ ਸਾਊਥ ਤੋਂ ਮੈਂਬਰ ਪਾਰਲੀਮੈਂਟ ਸੋਨੀਆ ਸਿੱਧੂ, ਬਰੈਂਪਟਨ ਨੌਰਥ ਤੋਂ ਰੂਬੀ ਸਹੋਤਾ, ਬਰੈਂਪਟਨ ਈਸਟ ਤੋਂ ਮਨਿੰਦਰ ਸਿੱਧੂ, ਵਾਟਰਲੂ ਤੋਂ ਬਰਦੀਸ਼ ਚੱਗਰ, ਕੈਲਗਰੀ ਸਕਾਈਵਿਊ ਤੋਂ ਜਾਰਜ ਚਾਹਲ, ਸਰੀ ਸੈਂਟਰ ਤੋਂ ਰਣਦੀਪ ਸਰਾਏ, ਮਿਸੀਸਾਗਾ ਮਾਲਟਨ ਤੋਂ ਇਕਵਿੰਦਰ ਗਹੀਰ, ਡੌਰਵਲ ਕਿਊਬਿਕ ਤੋਂ ਅੰਜੂ ਢਿੱਲੋਂ, ਨਿਊਟਨ ਬੀ.ਸੀ. ਤੋਂ ਸੁੱਖ ਧਾਲੀਵਾਲ ਅਤੇ ਫ਼ੈੱਡਰਲ ਇਕਨਾਮਿਕ ਡਿਵੈੱਲਪਮੈਂਟ ਏਜੰਸੀ ਦੇ ਮਾਣਯੋਗ ਮੰਤਰੀ ਫਿਲੋਮਿਨਾ ਤਾਸੀ ਵੱਲੋਂ ਵਿਸਾਖੀ ਦਿਹਾੜੇ ਦੀ ਮਹਾਨਤਾ ਬਾਰੇ ਆਪਣੇ ਵਿਚਾਰ ਪ੍ਰਗਟਾਏ ਗਏ। ਔਟਵਾ ਸਿੱਖ ਸੋਸਾਇਟੀ ਵੱਲੋਂ ਫ਼ੈੱਡਰਲ ਲਿਬਰਲ ਕੱਾਕਸ ਦਾ ਵਿਸਾਖੀ ਦਾ ਇਤਿਹਾਸਕ ਮਨਾਉਣ ਲਈ ਧੰਨਵਾਦ ਕੀਤਾ ਗਿਆ।

ਸਮਾਗ਼ਮ ਦੀ ਸਮਾਪਤੀ 'ਤੇ ਅਰਦਾਸ ਉਪਰੰਤ ਗੁਰੂ ਕਾ ਲੰਗਰ ਅਟੁੱਟ ਵਰਤਾਇਆ ਗਿਆ ਜੋ ਸੱਭਨਾਂ ਨੇ ਮਿਲ਼ ਕੇ ਬੜੀ ਸ਼ਰਧਾ ਨਾਲ ਛਕਿਆ। ਇਸ ਦੌਰਾਨ ਸਵੇਰ ਸਮੇਂ ਔਟਵਾ ਸਿੱਖ ਸੋਸਾਇਟੀ ਵੱਲੋਂ ਦਸਤਾਰਾਂ ਸਜਾਉਣ ਦਾ ਸਮਾਗ਼ਮ ਵੀ ਕੀਤਾ ਗਿਆ ਜਿਸ ਵਿਚ ਨੌਜੁਆਨਾਂ ਨੇ ਵੱਧ-ਚੜ੍ਹ ਕੇ ਹਿੱਸਾ ਲਿਆ।ਉਪਰੰਤ, ਪਾਰਲੀਮੈਂਟ ਹਾਊਸ ਵਿਚ ਸਪੀਕਰ ਨੂੰ ਸੰਬੋਧਨ ਹੁੰਦਿਆਂ ਬਰੈਂਪਟਨ ਸਾਊਥ ਤੋਂ ਪਾਰਲੀਮੈਂਟ ਮੈਂਬਰ ਸੋਨੀਆ ਸਿੱਧੂ ਨੇ ਕਿਹਾ, ਕੈਨੇਡਾ ਅਤੇ ਸਾਰੀ ਦੁਨੀਆਂ ਦੇ ਸਿੱਖ ਇਸ ਹਫ਼ਤੇ ਵਿਸਾਖੀ ਅਤੇ 'ਖਾਲਸਾ ਦਿਵਸ' ਮਨਾ ਰਹੇ ਹਨ। ਇਸ ਲਈ ਅੱਜ ਸਾਰੇ ਕੈਨੇਡਾ ਦੇ ਇਕ ਸਿਰੇ ਤੋਂ ਦੂਸਰੇ ਤੱਕ ਸਿੱਖ ਪਾਰਲੀਮੈਂਟ ਹਿੱਲ 'ਤੇ ਇਹ ਪਵਿੱਤਰ ਦਿਨ ਮਨਾਉਣ ਲਈ ਆਏ ਹਨ। ਇਹ ਸਮਾਰੋਹ ਤਿੰਨ ਦਿਨ ਚੱਲਿਆ। ਅੱਜ ਅਰਦਾਸ ਉਪਰੰਤ ਗੁਰਬਾਣੀ ਕੀਰਤਨ ਹੋਇਆ ਅਤੇ ਫਿਰ ਸਾਰਿਆਂ ਨੇ ਮਿਲ਼ ਕੇ ਲੰਗਰ ਛਕਿਆ। ਇਸ ਸਮਾਰੋਹ ਵਿਚ ਸ਼ਾਮਲ ਹੋਣ ਵਾਲੇ ਸਮੂਹ ਸੱਜਣਾਂ ਦਾ ਮੈਂ ਤਹਿ-ਦਿਲੋਂ ਧੰਨਵਾਦ ਕਰਦੀ ਹਾਂ। ਉਨ੍ਹਾਂ ਹੋਰ ਦੱਸਿਆ, ਵਿਸਾਖੀ ਦੇ ਮੌਕੇ ਸਿੱਖ ਆਪਣੇ ਇਸ਼ਟ, ਗੌਰਵਮਈ ਇਤਿਹਾਸ ਅਤੇ ਮਾਣਮੱਤੀਆਂ ਕਦਰਾਂ-ਕੀਮਤਾਂ ਨੂੰ ਯਾਦ ਕਰਦੇ ਹਨ ਅਤੇ ਉਹ ਇਕੱਠੇ ਹੋ ਕੇ ਬਰਾਬਰੀ ਦੀ ਭਾਵਨਾ ਅਤੇ ਨਿਸ਼ਕਾਮ ਸੇਵਾ ਦਾ ਸੰਕਲਪ ਦੁਹਰਾਉਂਦੇ ਹਨ। ਇਸ ਅਪ੍ਰੈਲ ਮਹੀਨੇ ਅਸੀਂ 'ਸਿੱਖ ਹੈਰੀਟੇਜ ਮੰਥ' ਦੀ ਪੰਜਵੀਂ ਵਰ੍ਹੇ-ਗੰਢ ਮਨਾ ਰਹੇ ਹਾਂ। ਇਹ ਸਿੱਖਾਂ ਦੀਆਂ ਮਹਾਨ ਪ੍ਰਾਪਤੀਆਂ ਨੂੰ ਯਾਦ ਕਰਨ ਦਾ ਸਮਾਂ ਹੈ, ਕਿਉਂਕਿ ਉਹ ਕੈਨੇਡਾ ਦੇ ਇਤਿਹਾਸ ਦਾ ਅਟੁੱਟ ਅੰਗ ਰਹੇ ਹਨ। ਗੁਰੂ ਗੋਬਿੰਦ ਸਿੰਘ ਜੀ ਜਿਨ੍ਹਾਂ ਨੇ ਇਸ ਦਿਨ 'ਖਾਲਸਾ ਪੰਥ' ਦੀ ਸਾਜਨਾ ਕੀਤੀ ਸੀ, ਦੀਆਂ ਸਿੱਖਿਆਵਾਂ 'ਤੇ ਚੱਲਦੇ ਹੋਏ ਉਹ ਇਨ੍ਹਾਂ ਦੇ ਬਾਰੇ ਲੋਕਾਂ ਨੂੰ ਜਾਗਰੂਕ ਕਰਦੇ ਹਨ। ਬਰੈਂਪਟਨ ਸਾਊਥ ਦੇ ਵਸਨੀਕਾਂ ਵੱਲੋਂ ਮੈਂ ਬਰੈਂਪਟਨ ਅਤੇ ਸੰਸਾਰ ਦੇ ਸਮੂਹ ਲੋਕਾਂ ਨੂੰ ਵਿਸਾਖੀ ਅਤੇ ਖਾਲਸਾ ਹੈਰੀਟੇਜ ਮੰਥ ਦੀਆਂ ਸ਼ੁਭ-ਇੱਛਾਵਾਂ ਪੇਸ਼ ਕਰਦੀ ਹਾਂ।




# ਆਈ ਵਿਸਾਖੀ ਆਈ ਵਿਸਾਖੀ, ਖੁਸ਼ੀਆਂ ਨਾਲ ਲਿਆਈ ਵਿਸਾਖੀ



ਰਾਜਿੰਦਰ ਰਾਣੀ
ਪਿੰਡ ਰੰਡੂਆਂ ਜ਼ਿਲ੍ਹਾ ਸੰਗਰੂਰ

ਵਿਸਾਖੀ ਦਾ ਤਿਓਹਾਰ ਪੰਜਾਬ ਲਈ ਸਿਰਫ ਧਾਰਮਿਕ ਅਹਿਮੀਅਤ ਹੀ ਨਹੀਂ ਰੱਖਦਾ ਸਗੋਂ ਇਸ ਦੀ ਆਰਥਿਕ ਤੌਰ 'ਤੇ ਵੀ ਕਾਫੀ ਅਹਿਮੀਅਤ ਹੈ। ਇਸ ਦਿਨ ਹੀ ਪੰਜਾਬ ਵਿਚ ਰਸਮੀ ਤੌਰ 'ਤੇ ਕਣਕ ਦੀ ਵਾਢੀ ਸ਼ੁਰੂ ਹੁੰਦੀ ਹੈ। ਖੇਤਾਂ ਵਿੱਚ ਸੋਨੇ ਰੰਗੀਆਂ, ਲਹਿਰਾਉਂਦੀਆਂ, ਪੱਕੀਆਂ ਕਣਕਾਂ ਦੇਖ ਕੇ ਕਿਸਾਨ ਆਪਣੀ ਮਿਹਨਤ ਦੇ ਮੁੱਲ ਨੂੰ ਪੈਂਦਾ ਦੇਖਦੇ ਹਨ।

ਭਾਰਤ ਮੇਲਿਆਂ ਤੇ ਤਿਉਹਾਰਾਂ ਦਾ ਦੇਸ਼ ਹੈ। ਇਨ੍ਹਾਂ ਦਾ ਮਨੁੱਖੀ ਜੀਵਨ ਨਾਲ ਅਨਿੱਖੜਵਾਂ ਸਬੰਧ ਹੈ। ਤਿਉਹਾਰ ਮਨੁੱਖੀ ਜੀਵਨ 'ਚ ਖ਼ੁਸੀਆਂ, ਖੇੜੇ ਤੇ ਉਤਸ਼ਾਹ ਭਰਦੇ ਹਨ। ਪੰਜਾਬੀ ਸੱਭਿਆਚਾਰ, ਇਤਿਹਾਸ ਤੇ ਧਾਰਮਿਕ ਵਿਰਸੇ ਨਾਲ ਜੁੜੇ ਮੇਲਿਆਂ ਵਿਚੋਂ ਵਿਸਾਖੀ ਦੇ ਤਿਉਹਾਰ ਦੀ ਅਹਿਮ ਥਾਂ ਹੈ। ਇਹ ਹਾੜ੍ਹੀ ਦੀ ਫ਼ਸਲ ਨਾਲ ਜੁੜਿਆ ਵਾਢੀ ਦਾ ਤਿਉਹਾਰ ਹੈ। ਖੇਤਾਂ ਵਿਚ ਪੱਕ ਚੁੱਕੀ ਸੋਨੇ ਰੰਗੀ ਕਣਕ ਦੀ ਫ਼ਸਲ ਨੂੰ ਦੇਖ ਕੇ ਕਿਸਾਨ ਆਪਣੇ ਸੁਪਨਿਆਂ ਨੂੰ ਹਕੀਕਤ 'ਚ ਤਬਦੀਲ ਹੁੰਦਿਆਂ ਮਹਿਸੂਸ ਕਰਦਾ ਹੈ। ਮੌਸਮ ਨਾਲ ਸਬੰਧਤ ਹੋਣ ਕਰਕੇ ਚਿਰਾਂ ਤੋਂ ਇਹ ਪੰਜਾਬੀਆਂ ਦਾ ਸਰਵ-ਸਾਂਝਾ ਤਿਉਹਾਰ ਹੈ। ਪੰਜਾਬ ਅਤੇ ਹਰਿਆਣਾ ਦੇ ਕਿਸਾਨ ਸਰਦੀਆਂ ਦੀ ਫ਼ਸਲ ਕੱਟ ਲੈਣ ਤੋਂ ਬਾਅਦ ਨਵੇਂ ਸਾਲ ਦੀਆਂ ਖ਼ੁਸ਼ੀਆਂ ਮਨਾਉਂਦੇ ਹਨ।

ਵਿਸਾਖੀ' ਸ਼ਬਦ ਵਿਸਾਖ ਤੋਂ ਬਣਿਆ ਹੈ। ਨਾਂ ਤੋਂ ਹੀ ਸਪਸ਼ਟ ਹੈ ਵਿਸਾਖੀ, ਦੇਸੀ ਮਹੀਨੇ 'ਵਿਸਾਖ' ਵਿਚ ਮਨਾਇਆ ਜਾਂਦਾ ਹੈ। ਵਿਸਾਖੀ ਦਾ ਨਾਂ ਸੁਣਦਿਆਂ ਹੀ ਦਿਮਾਗ਼ 'ਚ ਪੰਜਾਬ ਦਾ ਗਿੱਧਾ ਤੇ ਭੰਗੜਾ ਅੱਖਾਂ ਸਾਹਮਣੇ ਆ ਜਾਂਦਾ ਹੈ। ਸੂਰਜ ਦੇ ਹਿਸਾਬ ਨਾਲ ਵਿਸਾਖ ਮਹੀਨੇ ਦੇ ਪਹਿਲੇ ਦਿਨ ਵਿਸਾਖੀ ਮਨਾਉਣ ਦੀ ਰਵਾਇਤ ਚੱਲੀ ਆਉਂਦੀ ਹੈ। ਇਸ ਤਿਉਹਾਰ ਨੂੰ ਆਮ ਤੌਰ 'ਤੇ 'ਫ਼ਸਲ ਦੀ ਕਟਾਈ' ਦੇ ਨਾਂ ਵਜੋਂ ਵੀ ਜਾਣਿਆ ਜਾਂਦਾ ਹੈ। ਇਹ ਤਿਉਹਾਰ ਅਪ੍ਰੈਲ ਮਹੀਨੇ ਦੀ 13-14 ਤਰੀਕ ਨੂੰ ਮਨਾਇਆ ਜਾਂਦਾ ਹੈ। ਇਹ 'ਸੌਰ ਵਰ੍ਹੇ' ਦੇ ਆਰੰਭ ਦਾ ਵੀ ਪ੍ਰਤੀਕ ਹੈ। ਕਣਕ ਹਾੜੀ ਦੇ ਸੀਜ਼ਨ ਦੀ ਮੁੱਖ ਫ਼ਸਲ ਹੈ, ਇਹ ਇਸ ਸਮੇਂ ਪੱਕ ਕੇ ਤਿਆਰ ਹੋ ਜਾਂਦੀ ਹੈ। ਜੋਬਨ 'ਤੇ ਆਈ ਕਣਕ ਦੀ ਫ਼ਸਲ ਦੇ ਸੁਨਹਿਰੀ ਸਿੱਟੇ ਜਦੋਂ ਹਵਾ ਵਿਚ ਝੂਮਦੇ ਹਨ ਤਾਂ ਕਿਸਾਨ ਦਾ ਮਨ ਖਿੜ ਉੱਠਦਾ ਹੈ, ਜਿਸ ਕਰਕੇ ਉਹ ਆਪ ਮੁਹਾਰੇ ਹੀ ਨੱਚ ਉੱਠਦਾ ਹੈ। ਇਸ ਦਿਨ ਪੰਜਾਬ ਦਾ ਕਿਸਾਨ ਆਪਣੀ ਪੱਕੀ ਫ਼ਸਲ ਨੂੰ ਵੇਖ ਕੇ ਆਨੰਦਿਤ ਹੁੰਦਾ ਹੈ ਤੇ ਕਣਕ ਦੀ ਫ਼ਸਲ ਨੂੰ ਵੱਢਣ ਦੀ ਸ਼ੁਰੂਆਤ ਕਰਦਾ ਹੈ। ਇਸ ਦਿਨ ਫ਼ਸਲ ਨੂੰ ਦਾਤੀ ਪਾਉਣ ਦਾ ਸ਼ਗਨ ਕੀਤਾ ਜਾਂਦਾ ਹੈ। ਭਰਪੂਰ ਫ਼ਸਲ ਦੀ ਪ੍ਰਾਪਤੀ ਲਈ ਸ਼ੁਕਰਾਨੇ ਵਜੋਂ"ਕਿਸਾਨ ਵਿਸਾਖੀ ਮਨਾਉਂਦੇ ਹਨ। ਢੋਲੀ ਢੋਲ 'ਤੇ ਡਗਾ ਮਾਰਦਾ ਹੈ ਤੇ ਸਾਰੇ ਨੱਚ ਕੇ ਆਨੰਦ ਮਾਣਦੇ ਹਨ। । ਪੰਜਾਬ ਅਤੇ ਹਰਿਆਣੇ ਦੇ ਕਿਸਾਨ ਸਰਦੀਆਂ ਦੀ ਫਸਲ ਕੱਟ ਲੈਣ ਤੋਂ ਬਾਅਦ ਨਵੇਂ ਸਾਲ ਦੀਆਂ ਖੁਸੀਆਂ ਮਨਾਉਂਦੇ ਹਨ। ਇਸ ਲਈ ਵਿਸਾਖੀ ਪੰਜਾਬ ਅਤੇ ਆਸ-ਪਾਸ ਦੇ ਪ੍ਰਦੇਸਾਂ ਦਾ ਸਭ ਤੋਂ ਵੱਡਾ ਤਿਉਹਾਰ ਹੈ।ਇਹ ਖਰੀਫ ਦੀ ਫਸਲ ਦੇ ਪੱਕਣ ਦੀ ਖੁਸੀ ਦਾ ਪ੍ਰਤੀਕ ਹੈ।

ਪੰਜਾਬੀ ਕਵੀ ਧਨੀ ਰਾਮ ਚਾਤ੍ਰਿਕ ਨੇ 'ਵਿਸਾਖੀ ਦਾ ਮੇਲਾ' ਕਵਿਤਾ ਵਿੱਚ ਪੰਜਾਬ ਦੀਆਂ ਫ਼ਸਲਾਂ ਅਤੇ ਸੱਭਿਆਚਾਰ ਦੇ ਰੰਗ ਨੂੰ ਇੰਞ ਬਿਆਨ ਕੀਤਾ ਹੈ।

ਤੂੜੀ ਤੰਦ ਸਾਂਭ ਹਾੜੀ ਵੇਚ ਵੱਟ ਕੇ,
ਲੰਬੜਾਂ ਤੇ ਸਾਹਾਂ ਦਾ ਹਿਸਾਬ ਕੱਟ ਕੇ,
ਸੰਮਾਂ ਵਾਲੀ ਡਾਗਾਂ ਉੱਤੇ ਤੇਲ ਲਾਇਕੇ,
ਕੱਛੇਮਾਰ ਵੰਝਲੀ ਅਨੰਦ ਛਾ ਗਿਆ, ।

ਵਿਸਾਖੀ ਦਾ ਤਿਉਹਾਰ ਕੇਵਲ ਪੰਜਾਬ 'ਚ ਹੀ ਨਹੀਂ ਸਗੋਂ ਦੇਸ਼ਾਂ ਵਿਦੇਸ਼ਾਂ 'ਚ ਵੱਡੇ ਪੱਧਰ 'ਤੇ ਮਨਾਇਆ ਜਾਂਦਾ ਹੈ।ਇਸ ਦਿਨ ਪੰਜਾਬ ਦੇ ਵੱਖ-ਵੱਖ ਇਲਾਕਿਆ 'ਚ ਮੇਲੇ ਲੱਗਦੇ ਹਨ ਅਤੇ ਅਤੇ ਲੋਕ ਖੁਸ਼ੀ-ਖੁਸ਼ੀ ਆਪਣੇ ਪਰਿਵਾਰ ਸਮੇਤ ਇਹਨਾਂ ਮੇਲਿਆਂ ਦਾ ਅਨੰਦ ਮਾਣਦੇ ਹਨ।ਇਸ ਦਿਨ ਪੰਜਾਬ ਦਾ ਪਰੰਪਰਾਗਤ ਨਾਚ ਭੰਗੜਾ ਅਤੇ ਗਿੱਧਾ ਕੀਤਾ ਜਾਂਦਾ ਹੈ।

ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਇਸ ਦਿਨ ਸਿੱਖਾਂ ਦੇ 10ਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ 1699 ਵਿੱਚ ਪਵਿੱਤਰ ਸ਼ਹਿਰ ਸ੍ਰੀ ਆਨੰਦਪੁਰ ਸਾਹਿਬ ਵਿਖੇ ਵੱਖ-ਵੱਖ ਜਾਤਾਂ ਨਾਲ ਸਬੰਧਤ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਖਾਲਸਾ ਪੰਥ ਦੀ ਸਾਜਨਾ ਕੀਤੀ ਸੀ।

13 ਅਪ੍ਰੈਲ 1699 ਨੂੰ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਵਿਖੇ ਭਾਰੀ ਇਕੱਠ ਕਰ ਕੇ ਖ਼ਾਲਸਾ ਪੰਥ ਦੀ ਸਿਰਜਣਾ ਕੀਤੀ ਸੀ। ਉਨ੍ਹਾਂ ਪੰਡਾਲ 'ਚੋਂ ਪੰਜ ਸਿਰਾਂ ਦੀ ਮੰਗ ਕੀਤੀ। ਪੰਜ ਸਿਦਕੀ ਯੋਧੇ ਭਾਈ ਦਯਾ ਰਾਮ, ਭਾਈ ਧਰਮ ਦਾਸ, ਭਾਈ ਮੋਹਕਮ ਚੰਦ, ਭਾਈ ਹਿੰਮਤ ਰਾਏ ਤੇ ਭਾਈ ਸਾਹਿਬ ਚੰਦ ਹਾਜ਼ਰ ਹੋਏ। ਉਨ੍ਹਾਂ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਅਤੇ ਉਨ੍ਹਾਂ ਹੱਥੋਂ ਖ਼ੁਦ ਅੰਮ੍ਰਿਤ ਛਕ ਕੇ ਗੋਬਿੰਦ ਰਾਇ ਤੋਂ ਗੋਬਿੰਦ ਸਿੰਘ ਬਣ ਕੇ ਖਾਲਸਾ ਪੰਥ ਦੀ ਨੀਂਹ ਰੱਖੀ। ਗੁਰੂ ਜੀ ਨੇ ਕਿਹਾ ਕਿ 'ਖ਼ਾਲਸਾ ਗੁਰੂ ਵਿਚ ਹੈ ਅਤੇ ਗੁਰੂ ਖ਼ਾਲਸੇ ਵਿਚ।' ਇਸ ਦਿਨ ਤੋਂ ਵਿਸਾਖੀ ਦਾ ਇਹ ਤਿਉਹਾਰ ਖ਼ਾਲਸਾ ਪੰਥ ਦੇ ਸਥਾਪਨਾ ਦਿਵਸ ਵਜੋਂ ਬੜੀ ਧੂਮ-ਧਾਮ ਨਾਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਮਨਾਇਆ ਜਾਂਦਾ ਹੈ।

ਸ੍ਰੀ ਗੁਰੂ ਅਮਰਦਾਸ ਜੀ ਨੇ 1539 ਈਸਵੀ ਨੂੰ ਵਿਸਾਖੀ ਦੇ ਸ਼ੁੱਭ ਦਿਹਾੜੇ 'ਤੇ ਹੀ ਗੋਇੰਦਵਾਲ ਸਾਹਿਬ ਵਿਖੇ ਜੋੜ ਮੇਲਾ ਕਰਨ ਦੀ ਰੀਤ ਸ਼ੁਰੂ ਕੀਤੀ ਸੀ। ਲੰਗਰ ਪ੍ਰਥਾ ਸ਼ੁਰੂ ਕਰ ਕੇ ਜਾਤ-ਪਾਤ ਨੂੰ ਦੂਰ ਕਰਨ ਦਾ ਸੁਨੇਹਾ ਦਿੱਤਾ। ਭਾਵੇਂ ਵਿਸਾਖੀ ਦੇ ਤਿਉਹਾਰ ਦਾ ਸਬੰਧ ਕਣਕ ਦੀ ਫ਼ਸਲ ਦੇ ਪੱਕਣ ਨਾਲ ਹੈ ਪਰ ਇਸ ਦੀ ਇਤਿਹਾਸਕ ਮਹਾਨਤਾ ਕਰ ਕੇ ਇਸ ਦਿਨ ਦਾ ਮਹੱਤਵ ਹੋਰ ਵਧ ਜਾਂਦਾ ਹੈ।

ਇਸ ਦਿਨ ਇਸ ਦਿਨ ਲੋਕ ਗੁਰੂ ਘਰਾਂ 'ਚ ਮੱਥਾ ਟੇਕਦੇ ਹਨ ਅਤੇ ਗੁਰੂ ਸਾਹਿਬ ਜੀ ਦਾ ਆਸ਼ੀਰਵਾਦ ਪ੍ਰਾਪਤ ਕਰਦੇ ਹਨ। ਪੰਜਾਬ ਦੇ ਵੱਖ-ਵੱਖ ਗੁਰੂ ਘਰਾਂ 'ਚ ਧਾਰਮਿਕ ਸਮਾਗਮ ਅਤੇ ਨਗਰ ਕੀਰਤਨ ਵੀ ਸਜਾਏ ਜਾਂਦੇ ਹਨ। ਜਿਸ 'ਚ ਵੱਡੀ ਗਿਣਤੀ 'ਚ ਸੰਗਤਾਂ ਸ਼ਿਰਕਤ ਕਰਦੀਆਂ ਹਨ। ਤੁਹਾਨੂੰ ਦੱਸ ਦੇਈਏ ਕਿ ਇਸ ਦਿਨ ਦਸਤਾਰ ਦਿਵਸ ਵੀ ਮਨਾਇਆ ਜਾਂਦਾ ਹੈ।

ਸਾਕਾ ਜਲ੍ਹਿਆਂਵਾਲਾ ਬਾਗ਼

ਦੇਸ਼ ਭਰ ਵਿਚ ਵਿਸਾਖੀ ਪੁਰਬ ਜਿੱਥੇ ਪ੍ਰਾਚੀਨ ਇਤਿਹਾਸ, ਨਵੀਂ ਫ਼ਸਲ ਦੀ ਆਮਦ ਤੇ ਖ਼ਾਲਸਾ ਪੰਥ ਦੇ ਸਥਾਪਨਾ ਨਾਲ ਸਬੰਧਤ ਹੋਣ ਕਰਕੇ ਮਨਾਇਆ ਜਾਂਦਾ ਹੈ, ਉੱਥੇ ਇਸ ਨਾਲ ਅੰਮ੍ਰਿਤਸਰ ਦੇ ਜਲ੍ਹਿਆਂਵਾਲਾ ਬਾਗ਼ ਦਾ ਸਾਕਾ ਵੀ ਜੁੜਿਆ ਹੋਇਆ ਹੈ। ਅੱਜ ਇਸ ਸਾਕੇ ਨੂੰ ਪੂਰੇ ਸੌ ਸਾਲ ਹੋ ਚੁੱਕੇ ਹਨ। ਵਿਸਾਖੀ ਦਾ ਇਹ ਦਿਨ ਸਾਨੂੰ ਭਾਰਤ ਦੀ ਆਜ਼ਾਦੀ ਲਈ ਮਰ ਮਿਟਣ ਵਾਲ਼ੇ ਉਨ੍ਹਾਂ ਆਜ਼ਾਦੀ ਘੁਲਾਟੀਆਂ ਦੀ ਯਾਦ ਦਿਵਾਉਂਦਾ ਹੈ, ਜਿਨ੍ਹਾਂ ਨੇ ਦੇਸ਼ ਲਈ ਆਪਣੀਆਂ ਜਾਨਾਂ ਤਕ ਵਾਰ ਦਿੱਤੀਆਂ।

ਆਜ਼ਾਦੀ ਸੰਗਰਾਮ 'ਚ ਸ਼ਾਮਲ ਲੋਕ ਬਰਾਤਨਵੀ ਸਰਕਾਰ ਵੱਲੋਂ ਲਾਗੂ ਕੀਤੇ ਰੋਲਟ ਐਕਟ ਦੇ ਵਿਰੋਧ ਵਿਚ ਥਾਂ-ਥਾਂ ਜਨਸਭਾਵਾਂ ਕਰ ਰਹੇ ਸਨ। ਅਜਿਹੀ ਹੀ ਇਕ ਜਨਸਭਾ 13 ਅਪ੍ਰੈਲ 1919 ਨੂੰ ਸ਼ਾਮ 4 ਵਜੇ ਜਲ੍ਹਿਆਂਵਾਲਾ ਬਾਗ਼ ਵਿਚ ਰੱਖੀ ਗਈ ਸੀ। ਇਥੇ ਜੁੜੇ ਲੋਕ ਆਪਣੇ ਆਗੂਆਂ ਡਾ. ਸੈਫ਼-ਉਦ-ਦੀਨ ਕਿਚਲੂ ਤੇ ਡਾ. ਸੱਤਿਆਪਾਲ ਦੀ ਗ੍ਰਿਫ਼ਤਾਰੀ ਦਾ ਵਿਰੋਧ ਕਰ ਰਹੇ ਸਨ। ਬਾਗ਼ ਵਿਚ ਜਾਣ ਤੇ ਬਾਹਰ ਨਿਕਲਣ ਲਈ ਸਿਰਫ਼ ਇਕ ਛੋਟਾ ਤੇ ਤੰਗ ਰਸਤਾ ਸੀ। ਇਸ ਮੌਕੇ ਬਰਤਾਨਵੀ ਸਰਕਾਰ ਵੱਲੋਂ ਜਨਰਲ ਡਾਇਰ ਨੂੰ ਕਮਾਂਡ ਸੰਭਾਲੀ ਗਈ ਸੀ। ਜਨਰਲ ਡਾਇਰ ਨੇ ਜਲ੍ਹਿਆਂਵਾਲਾ ਬਾਗ਼ ਵਿਖੇ ਹੋਣ ਵਾਲੇ ਜਲਸੇ ਉਪਰ ਪਾਬੰਦੀ ਲਗਾ ਦਿੱਤੀ। ਜਦੋਂ 4 ਵਜੇ ਵੱਡੀ ਗਿਣਤੀ ਵਿਚ ਲੋਕ ਜਲ੍ਹਿਆਂਵਾਲਾ ਬਾਗ਼ ਵਿਚ ਪਹੁੰਚ ਚੁੱਕੇ ਸਨ ਤਾਂ ਬਿਨਾਂ ਕਿਸੇ ਭੜਕਾਹਟ ਤੇ ਚਿਤਾਵਨੀ ਦੇ ਜਨਰਲ ਡਾਇਰ ਨੇ ਅੰਗਰੇਜ਼ ਸਰਕਾਰ ਵਿਰੁੱਧ ਲੋਕਾਂ ਵਿਚ ਉੱਠ ਰਹੀ ਵਿਰੋਧ ਦੀ ਲਾਟ ਨੂੰ ਬੁਝਾਉਣ ਤੇ ਆਜ਼ਾਦੀ ਸੰਗਰਾਮ 'ਚ ਸ਼ਾਮਲ ਲੋਕਾਂ ਨੂੰ ਡਰਾਉਣ-ਧਮਕਾਉਣ ਦੇ ਮਕਸਦ ਨਾਲ ਇਕੱਤਰ ਲੋਕਾਂ 'ਤੇ ਅੰਨ੍ਹੇਵਾਹ ਗੋਲੀਆਂ ਦਾ ਮੀਂਹ ਵਰ੍ਹਾ ਕੇ ਅਣਗਿਣਤ ਲੋਕਾਂ ਨੂੰ ਮਾਰ ਦਿੱਤਾ। ਕਈ ਲੋਕਾਂ ਨੇ ਖੂਹ ਵਿਚ ਛਾਲ ਮਾਰ ਦਿੱਤੀ। ਇਸੇ ਲਈ ਜਲ੍ਹਿਆਂਵਾਲਾ ਬਾਗ਼ ਵਿਚ ਬਣੇ ਖੂਹ ਨੂੰ 'ਖ਼ੂਨੀ ਖੂਹ' ਵੀ ਕਿਹਾ ਜਾਂਦਾ ਹੈ। ਅੱਜ ਵੀ ਜਲ੍ਹਿਆਂਵਾਲਾ ਬਾਗ਼ ਵਿਚ ਗੋਲੀਆਂ ਦੇ ਨਿਸ਼ਾਨ ਹਨ। ਇਸ ਕਰਕੇ ਅੰਮ੍ਰਿਤਸਰ ਵਿਚ ਮਨਾਏ ਜਾਂਦੇ ਵਿਸਾਖੀ ਪੁਰਬ ਨੂੰ ਉਸ 'ਖ਼ੂਨੀ ਸਾਕੇ' ਦੀ ਯਾਦ ਵਜੋਂ ਵੀ ਮਨਾਇਆ ਜਾਂਦਾ ਹੈ। ਇਸ ਖ਼ੂਨੀ ਕਾਂਡ 'ਚ ਸ਼ਹੀਦ ਹੋਏ ਲੋਕਾਂ ਨੂੰ ਸੱਚੀ ਸ਼ਰਧਾਂਜਲੀ ਇਹੀ ਹੋਵੇਗੀ ਕਿ ਅਸੀਂ ਪ੍ਰਣ ਕਰੀਏ ਕਿ ਅਜਿਹੇ ਗ਼ੈਰ-ਮਨੁੱਖੀ ਕਾਰੇ ਇਸ ਧਰਤੀ 'ਤੇ ਮੁੜ ਕਦੇ ਨਾ ਵਾਪਰਨ। ਇਸ ਖ਼ੂਨੀ ਕਾਰੇ ਦਾ ਬਦਲਾ ਸ਼ਹੀਦ ਊਧਮ ਸਿੰਘ ਨੇ ਪੰਜਾਬ ਦੇ ਉਸ ਵੇਲੇ ਦੇ ਲੈਫਟੀਨੈਂਟ ਗਵਰਨਰ ਮਾਇਕਲ ਓਡਵਾਇਰ ਨੂੰ ਇੰਗਲੈਂਡ 'ਚ ਮਾਰ ਕੇ ਲਿਆ।



# ਵਿਸਾਖੀ ਦਾ ਦਿਹਾੜਾ ਸਾਡੇ ਲਈ ਬੇਹੱਦ ਖਾਸ !

ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥
ਸਿਰੁ ਦੀਜੈ ਕਾਣਿ ਨ ਕੀਜੈ ॥੨੦॥

ਇਹ ਸ਼ਬਦ ਵਿਸਾਖੀ ਵਾਲੇ ਦਿਨ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਸ ਸਮੇਂ ਆਖੇ ਜਦੋ ਉਨ੍ਹਾਂ ਅਨੰਦਪੁਰ ਸਾਹਿਬ (ਪੰਜਾਬ) ਦੀ ਧਰਤੀ ਤੇ 13 ਅਪ੍ਰੈਲ 1699ਈ: ਨੂੰ ਇਕ ਵਿਸ਼ਾਲ ਸਮਾਗ਼ਮ ਰੱਖਿਆ ਸੀ |ਉਨ੍ਹਾਂ ਵਲੋਂ ਇਸ ਦਿਨ ਖਾਲਸਾ ਪੰਥ ਦੀ ਸਿਰਜਣਾ ਕੀਤੀ ਗਈ। ਇਸ ਦਿਨ ਅਨੰਦਪੁਰ ਸਾਹਿਬ ਦੀ ਧਰਤੀ ਤੇ ਗੁਰੂ ਦੁਆਰਾ ਸ਼੍ਰੀ ਕੇਸਗੜ੍ਹ ਸਾਹਿਬ ਵਿਖੇ ਭਾਰੀ ਦੀਵਾਨ ਸਜੇ ਤੇ ਸੰਗਤਾਂ ਦਾ ਠਾਠਾਂ ਮਾਰਦਾ ਇਕੱਠ ਸ਼ਬਦ-ਕਿਰਤਨ ਦਾ ਅਨੰਦ ਮਾਨ ਰਿਹਾ ਸੀ। ਇਸ ਉਪਰੰਤ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਜੇ ਦੀਵਾਨ (ਸਜੇ ਪੰਡਾਲ) 'ਚ ਆਪਣੀ ਕ੍ਰਿਪਾਨ ਮਿਆਨੋ ਬਾਹਰ ਕੱਢ ਸੰਗਤਾਂ ਦੇ ਠਾਠਾਂ ਮਾਰਦੇ ਇਕੱਠ ਨੂੰ ਸੰਬੋਧਿਤ ਹੋ ਕੇ ਕਿਹਾ ਕਿ ਅੱਜ ਮੇਰੀ ਕ੍ਰਿਪਾਨ ਨੂੰ ਸਿਰਾਂ ਦੀ ਲੋੜ ਹੈ, ਕੋਈ ਹੈ, ਜੋ ਆਪਣਾ ਸੀਸ ਭੇਂਟਾ ਕਰ ਸਕਦਾ ਹੈ। ਇਹ ਵਾਕ ਸੁਣਦੇ ਹੀ ਸਜੇ ਦੀਵਾਨ 'ਚ ਚੁੱਪੀ ਛਾਂਅ ਗਈ, ਤੇ ਦੂਜੀ ਵਾਰ ਫਿਰ ਗੁਰੂ ਸਾਹਿਬ ਨੇ ਕਿਹਾ, ਕੋਈ ਹੈ, ਜੋ ਆਪਣਾ ਸੀਸ ਭੇਂਟਾ ਲਈ ਤਿਆਰ ਹੈ,ਪ੍ਰੰਤੂ ਸਾਰੇ ਪਾਸੇ ਚੁੱਪੀ ਛਾਂਈ ਹੋਈ ਸੀ। ਗੁਰੂ ਸਾਹਿਬ ਵਲੋਂ ਇਹਹੀ ਵਾਕ ਤੀਜੀ ਵਾਰ ਦੁਹਰਾਉਂਣ ਤੇ ਸਜੇ ਦੀਵਾਨ ਵਿੱਚੋ ਇੱਕ ਵਿਅਕਤੀ ਉੱਠਿਆ,ਇਹ ਸੀ ਭਾਈ ਦਇਆ ਰਾਮ ਜੀ , ਗੁਰੂ ਜੀ ਉਸ ਨੂੰ ਤੰਬੂ ਦੇ ਅੰਦਰ ਲੈ ਗਏ ਤੇ ਕੁਜ ਸਮਾਂ ਬੀਤਣ ਤੇ ਤੰਬੂ ਤੋਂ ਬਾਹਰ 'ਆ ਖੂਨ ਨਾਲ ਲੱਥ-ਪੱਥ ਕ੍ਰਿਪਾਨ ਹਵਾ ਵਿਚ ਲਹਿਰਾਈ ਤੇ ਸਜੇ ਦੀਵਾਨ "ਚ ਬੈਠੀ ਸੰਗਤ ਤੋਂ ਇੱਕ ਸੀਸ ਭੇਂਟਾ ਦੀ ਹੋਰ ਮੰਗ ਕੀਤੀ, ਤਾਂ ਭਾਈ ਧਰਮ ਰਾਮ ਜੀ ਸੀਸ ਭੇਂਟਾ ਲਈ ਅੱਗੇ ਆਏ। ਇਸੇ ਤਰਾਂ ਗੁਰੂ ਜੀ ਨੇ ਤੰਬੂ ਤੋਂ ਫਿਰ ਬਾਹਰ ਆਏ ਤੇ ਤੀਜੇ ਸੀਸ ਦੀ ਮੰਗ ਕੀਤੀ , ਤਾਂ ਭਾਈ ਹਿੰਮਤ ਰਾਏ ਜੀ ਅੱਗੇ ਆਏ , ਚੋਥੀ ਵਾਰੀ ਸੀਸ ਭੇਂਟਾ ਦੀ ਮੰਗ ਤੇ, ਭਾਈ ਮੋਹਕਮ ਚੰਦ ਜੀ ਤੇ ਪੰਜਵੀ ਵਾਰੀ ਭਾਈ ਸਾਹਿਬ ਚੰਦ ਜੀ ਸੀਸ ਭੇਂਟਾ ਲਈ ਅੱਗੇ ਆਏ, ਕੁਝ ਸਮਾਂ ਬਾਅਦ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੀਸ ਭੇਂਟਾ ਕਰਨ ਵਾਲੇ ਪੰਜਾ ਸਿੱਖਾਂ ਨੂੰ ਸੁੰਦਰ ਸ਼ਸ਼ਤਰ-ਵਸਤਰ ਪਹਿਨਾਅ ਤੰਬੂ ਤੋਂ ਬਾਹਰ ਸੰਗਤਾਂ ਸਾਹਮਣੇ ਲਿਆਂਦਾ, ਗੁਰੂ ਜੀ ਨੇ ਸਰਬ-ਲੋਹ ਦੇ ਬਾਟੇ ਚ ਅੰਮ੍ਰਿਤ ਤਿਆਰ ਕਰ ਪੰਜਾ ਸਿੰਘਾ ਨੂੰ ਅੰਮ੍ਰਿਤ ਛਕਾ, ਜਾਤ-ਪਾਤ ਤੇ ਉਂਚ-ਨੀਚ ਦੇ ਬੰਦਨਾ ਤੋਂ ਮੁਕਤ ਕਰਦੇ ਹੋਏ, ਸਭ ਦੇ ਨਾਮ ਨਾਲ ਸਿੰਘ ਸ਼ਬਦ ਲਗਾਇਆ। ਇਹ ਉਹ ਹੀ ਦਿਨ ਸੀ 13 ਅਪ੍ਰੈਲ 1699 ਈ: ਦਾ ਜਿਸ ਦਿਨ ਖਾਲਸੇ ਦਾ ਜਨਮ ਹੋਇਆ ਤੇ ਗੁਰੂ ਜੀ ਨੇ ਇਨ੍ਹਾਂ ਨੂੰ ਪੰਜ ਪਿਆਰਿਆ ਦੀ ਪਦਵੀ ਦਿੱਤੀ ਤੇ ਆਪ ਇਸੇ ਵਿਸਾਖੀ ਵਾਲੇ ਦਿਨ ਇਨ੍ਹਾਂ ਤੋਂ ਆਪ ਵੀ ਅੰਮ੍ਰਿਤ ਛਕਿਆ, ਖਾਲਸੇ ਦੀ ਸਾਜਣਾ ਨਾਲ ਇਕ ਨਵੀਂ ਲਹਿਰ ਦਾ ਵਿਕਾਸ ਹੋਇਆ ਤੇ ਸ਼੍ਰੀ ਅਨੰਦਪੁਰ ਸਾਹਿਬ ਦੀ ਧਰਤੀ ਖਾਲਸੇ ਦੀ ਜਨਮ ਭੂਮੀ ਵਜੋਂ ਪ੍ਰਸਿੱਧ ਹੋਈ।

ਇਸੇ ਤਰਾਂ 13 ਅਪ੍ਰੈਲ 1919 ਈ: ਦਾ ਸ਼੍ਰੀ ਅੰਮ੍ਰਿਤਸਰ ਦੀ ਧਰਤੀ ਤੇ ਵਿਸਾਖੀ ਦਾ ਤਿਉਹਾਰ ਮਨਾਉਣ ਲਈ ਦੂਰ- ਦੂਰ ਤੋਂ ਲੋਕ ਸ਼੍ਰੀ ਦਰਬਾਰ ਸਾਹਿਬ ਪੁਹੰਚੇ ਹੋਏ ਸਨ। ਇਸੇ ਦਿਨ ਦੇਸ਼ ਨੂੰ ਅੰਗ੍ਰੇਜ਼ ਹਕੂਮਤ ਤੋਂ ਅਜ਼ਾਦ ਕਰਵਾਉਣ ਲਈ ਸੰਘਰਸ਼ ਕਰ ਰਹੇ ਕ੍ਰਾਂਤੀ ਕਾਰੀਆਂ ਨੇ ਜੱਲ੍ਹਿਆਂਵਾਲਾ ਬਾਗ ਵਿਖੇ ਇਕ ਸਭਾ ਬੁਲਾਈ, ਇਹ ਸਭਾ ਡਾ. ਸੈਫ ਉਦ ਦਿਨ ਕਿਚਲੂ ਤੇ ਡਾ. ਸੱਤਪਾਲ ਜੀ ਦੀ ਰੀਹਾਈ ਅਤੇ ਅੰਗ੍ਰੇਜ਼ ਹਕੂਮਤ ਵਲੋਂ 10 ਮਾਰਚ 1919 ਈ: ਨੂੰ ਪਾਸ ਕੀਤੇ ਰੋਲਟ ਐਕਟ ਜਿੱਸ ਨੂੰ ਭਾਰਤੀ ਲੋਕਾ ਵਲੋਂ ਕਾਲੇ ਕਾਨੂੰਨ ਦਾ ਨਾਮ ਦਿਤਾ ਗਿਆ ਸੀ ਦੇ ਸੰਬੰਧ ਵਿਚ ਇਕੱਠੇ ਹੋਏ ਸੀ, ਅੰਗ੍ਰੇਜ਼ ਹਕੂਮਤ ਨੇ ਭਾਰਤ ਵਿਚ ਉੱਠ ਰਹੀ ਅਜਾਦੀ ਦੀ ਲਹਿਰ ਨੂੰ ਦਬਾਉਣ ਦੇ ਮਕਸਦ ਲਈ ਰੋਲਟ ਐਕਟ ਕਾਨੂੰਨ ਰਾਹੀ ਇਹ ਅਧਿਕਾਰ ਮਿਲ ਗਿਆ ਸੀ, ਕਿ ਉਹ ਕਿਸੇ ਨੂੰ ਵੀ ਅਦਾਲਤੀ ਕਾਰਵਾਹੀ ਤੋਂ ਬਿਨਾਂ ਜੇਲ੍ਹ ਵਿਚ ਡੱਕ ਸਕਦੇ ਸਨ। ਭਾਰਤੀ ਲੋਕਾ ਨੇ ਇਸ ਰੋਲਟ ਐਕਟ ਵਿਰੁੱਧ ਇਕ ਹੋਕੇ ਵਿਰੋਧ ਕੀਤਾ। ਅੰਗ੍ਰੇਜ਼ ਹਕੂਮਤ ਨੂੰ ਇਹ ਨਾ ਪਸੰਦ ਹੋਣ ਕਾਰਣ, ਵਿਸਾਖੀ ਵਾਲੇ ਦਿਨ 13 ਅਪ੍ਰੈਲ 1919 ਈ: ਨੂੰ ਅੰਗ੍ਰੇਜ਼ ਜਨਰਲ ਰੇਜ਼ੀਨਲ੍ਡ ਡਾਇਰ ਨੇ ਅੰਮ੍ਰਿਤਸਰ ਦੀ ਧਰਤੀ ਤੇ ਜੱਲ੍ਹਿਆਂਵਾਲਾ ਬਾਗ ਵਿਖੇ ਕ੍ਰਾਂਤੀ ਕਾਰੀਆਂ ਵਲੋਂ ਕੀਤੀ ਜਾ ਰਹੀ ਸਭਾ (ਜਲਸੇ ) ਤੇ ਅੰਨੇਵਾਹ ਗੋਲੀ ਚਲਾ ਬਹੁਤ ਵੱਡਾ ਕਤਲੇਆਮ ਕੀਤਾ। ਜੱਲ੍ਹਿਆਂਵਾਲਾ ਬਾਗ ਦਾ ਪੁਰਾਤਨ ਸੰਬੰਧ ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਦੇ ਸਰਹਿੰਦ ਬਲਾਕ "ਚ ਪੈਂਦੇ ਪਿੰਡ ਜੱਲ੍ਹਾ ਨਾਲ ਵੀ ਹੈ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਇਕ ਅਉਦੇਦਾਰ ਹਿੰਮਤ ਸਿੰਘ ਸੀ ਜੋ ਕਿ ਪਿੰਡ ਜੱਲ੍ਹਾ ਨਾਲ ਸਬੰਧਤ ਸੀ, ਇਸ ਦੀ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਬਾਗ਼ ਰੂਪੀ ਇਕ ਜਮੀਨ ਦਾ ਟੁਕੜਾ ਸੀ ਜਿਸ ਵਿਚ ਫੁੱਲ,ਬੂਟਿਆਂ ਤੋਂ ਇਲਾਵਾ ਇਕ ਖੂਹ ਵੀ ਸੀ। ਇਨ੍ਹਾਂ ਦੇ ਪਰਿਵਾਰ ਨੂੰ ਜੱਲ੍ਹਿਆਂਵਾਲੇ ਕਿਹਾ ਜਾਂਦਾ ਜੋ ਸਮਾਂ ਬੀਤਣ ਦੇ ਨਾਲ ਇਸ ਬਾਗ ਨੂੰ ਜੱਲ੍ਹਿਆਂਵਾਲਾ ਬਾਗ ਕਿਹਾ ਜਾਣ ਲੱਗਾ।13 ਅਪ੍ਰੈਲ 1919 ਈ: ਨੂੰ ਵਿਸਾਖੀ ਦਾ ਦਿਹਾੜਾ ਹੋਣ ਕਾਰਣ ਅੰਮ੍ਰਿਤਸਰ ਸ਼ਹਿਰ ਤੇ ਜੱਲ੍ਹਿਆਂਵਾਲਾ ਬਾਗ ਵਿਚ ਚਹਿਲ -ਪਹਿਲ ਆਮ ਦਿਨਾ ਨਾਲੋਂ ਕਾਫੀ ਜ਼ਿਆਦਾ ਸੀ। ਬਾਅਦ ਦੁਪਿਹਰ ਤਕਰੀਬਨ ਚਾਰ ਵਜੇ ਕ੍ਰਾਂਤੀ ਕਾਰੀਆਂ ਦੀ ਸਭਾ ਸ਼ੁਰੂ ਹੋਈ ਤੇ ਇਸ ਦੌਰਾਨ ਜੱਲ੍ਹਿਆਂਵਾਲਾ ਬਾਗ ਤੋਂ ਬਾਹਰ ਜਾਣ ਵਾਲੇ ਰਸਤੇ ਅੰਗ੍ਰੇਜ਼ ਹਕੂਮਤ ਦੇ ਫੌਜੀ ਦਸਤਿਆਂ ਨੇ ਬੰਦ ਕਰ , ਕਿਸੇ ਵੀ ਚਿਤਾਵਨੀ ਤੋਂ ਬਗੈਰ , ਸ਼ਾਂਤਮਈ ਚੱਲ ਰਹੀ ਸਭਾ 'ਚ ਬੈਠੇ ਨਿਹੱਥੇ ਬਜ਼ੁਰਗ, ਬੱਚੇ, ਨੌਜਵਾਨਾ ਤੇ ਔਰਤਾਂ ਤੇ ਤਾਬੜ-ਤੋੜ ਗੋਲੀ ਚਲਾ ਦਿੱਤੀ। ਇਹ ਗੋਲੀ ਤਕਰੀਬਨ ਦਸ ਮਿੰਟ ਬਿਨਾਂ ਰੁਕੇ ਚੱਲੀ, ਇਸ ਦੌਰਾਨ ਹੋਈ ਭਗਦੜ ਅਤੇ ਗੋਲੀਆਂ ਲੱਗਣ ਕਾਰਣ ਕਾਫੀ ਮੋਤਾ ਹੋਇਆ। ਗੋਲੀ ਤੋਂ ਆਪਣੀ ਜਾਣ ਬਚਾਉਣ ਲਈ ਕਾਫੀ ਲੋਕਾ ਨੇ ਜੱਲ੍ਹਿਆਂਵਾਲਾ ਬਾਗ ਵਿਚ ਬਣੇ ਖੂਹ ਵਿੱਚ ਛਾਲਾ ਮਾਰ ਦਿੱਤੀਆਂ। 13 ਅਪ੍ਰੈਲ 1919 ਈ: ਦਾ ਵਿਸਾਖੀ ਵਾਲੇ ਦਿਨ ਵਾਪਰੇ ਇਸ ਖੂਨੀ ਸਾਕੇ ਨੂੰ ਤਕਰੀਬਨ ਉਨੀਆਂ ਸਾਲਾ ਦੇ ਇਕ ਮੁੱਛਫੁਟ ਗੱਬਰੂ ਨੇ ਆਪਣੀਆਂ ਅੱਖਾਂ ਵਿੱਚ ਕੈਦ ਕਰ ਲਿਆ ਸੀ। ਉਹ ਗੱਬਰੂ ਸੀ, ਸਰਦਾਰ ਊਧਮ ਸਿੰਘ ਜੋ ਉਸ ਸਮੇਂ ਸਭਾ ਵਿਚ ਸ਼ਾਮਿਲ ਸਨ। ਉਨ੍ਹਾਂ ਤਕਰੀਬਨ ਇੱਕੀ ਸਾਲ ਬਾਅਦ ਜੱਲ੍ਹਿਆਂਵਾਲਾ ਬਾਗ ਦੇ ਖੂਨੀ ਸਾਕੇ ਦਾ ਬਦਲਾ ਮਾਇਕਲ ਓਡਵਾਇਰ ਨੂੰ 13 ਮਾਰਚ 1940 ਈ : ਵਾਲੇ ਦਿਨ ਕੇਕਸਟਲ ਹਾਲ ਲੰਦਨ ਵਿਚ ਗੋਲੀ ਮਾਰ ਕੇ ਲਿਆ। ਇਸੇ ਲਈ ਜੱਲ੍ਹਿਆਂਵਾਲਾ ਬਾਗ ਦਾ ਖੂਨੀ ਸਾਕਾ ਵਿਸਾਖੀ ਵਾਲੇ ਦਿਨ ਹੋਣ ਕਾਰਣ, ਵਿਸਾਖੀ ਨਾਲ ਗੂੜ੍ਹਾ ਸੰਬੰਧ ਹੈ। ਇਸੇ ਤਰਾਂ ਕਿਸਾਨ ਤੇ ਵਿਸਾਖ ਰੁੱਤ ਦਾ ਆਪਸ ਵਿਚ ਬੜਾ ਗੂੜ੍ਹਾ ਸੰਬੰਧ ਹੈ। ਵਿਸਾਖ ਚੜ੍ਹਦੇ ਹੀ ਖੇਤਾਂ 'ਚ ਪੂਰੇ ਜੋਬਨ ਤੇ ਆਇਆ ਫਸਲਾ ਵਾਤਾਵਰਨ ਵਿਚ ਆਪਣੀ ਖੂਬਸੁਰਤੀ ਵਿਛੋਦੀਆਂ ਨਾਜਰ ਆਉਂਦੀਆਂ ਹਨ। ਮੌਸਮ 'ਚ ਆਏ ਬਦਲਾ ਕਾਰਣ ਹਰੀਆਂ ਕਣਕਾਂ ਸੋਨੇ ਰੰਗੀ ਹੋ ਝੂਮਦੀਆਂ ਹਨ। ਦਿਨ -ਰਾਤ ਰਾਖੀ ਕਰਨ ਤੋਂ ਬਾਅਦ ਪੁੱਤਾ ਵਾਂਗੂ ਪਾਲੀ ਫ਼ਸਲ ਨੂੰ ਖੇਤਾਂ 'ਚ ਝੂਮਦੀਆਂ ਦੇਖ ਕਿਸਾਨਾ ਦੇ ਚਹਿਰੇ ਵੀ ਖਿੜ ਉੱਠਦੇ ਹਨ। ਕਣਕ ਦੀ ਫ਼ਸਲ ਵਿਸਾਖੀ ਤੱਕ ਪੱਕ ਕੇ ਵਾਢੀ ਲਈ ਤਿਆਰ ਹੋ ਜਾਂਦੀ ਹੈ। ਕਿਸਾਨਾਂ ਵਲੋਂ ਵਾਢੀ ਦੀ ਸ਼ੁਰੂਆਤ 13 ਅਪ੍ਰੈਲ ਵਿਸਾਖੀ ਵਾਲੇ ਦਿਨ ਕਰਣੀ ਸ਼ੁਭ ਮੰਨੀ ਜਾਂਦੀ ਹੈ। ਇਤਿਹਾਸਕ ਮਹੱਤਤਾ ਰੱਖਣ ਵਾਲਾ ਇਹ ਤਿਉਹਾਰ ਹਾੜੀ ਦੀ ਫ਼ਸਲ ਕਣਕ ਦਾ ਪੱਕ ਕੇ ਤਿਆਰ ਹੋਣ ਕਾਰਣ,ਕਿਸਾਨਾਂ ਦਾ ਫਸਲੀ ਤਿਉਹਾਰ ਵਜੋਂ ਵੀ ਮੰਨਿਆ ਤੇ ਹਰ ਸਾਲ ਵਿਸਾਖ ਮਹੀਨੇ ਦੀ ਸੰਗ੍ਰਾਦ ਨੂੰ ਬੜੀ ਧੂਮਧਾਮ ਨਾਲ ਵਿਸਾਖੀ ਦੇ ਰੂਪ ਵਿਚ ਮਨਾਇਆ ਜਾਂਦਾ ਹੈ। ਵਿਸਾਖ ਮਹੀਨਾ ਕਿਸਾਨਾ ਲਈ ਕਾਫੀ ਰੁਝੇਵਿਆਂ ਭਰਿਆ ਹੁੰਦਾ ਹੈ, ਕਣਕ ਦੀ ਵਾਢੀ ਮਗਰੋਂ , ਕਣਕ ਦੀ ਸਾਂਭ-ਸੰਭਾਲ, ਮਾਲ-ਡੰਗਰਾਂ ਲਈ ਤੂੜੀ- ਤੰਦ ਦੀ ਸੰਭਾਲ, ਸ਼ਾਹੂਕਾਰਾ ਦਾ ਲੈਣ-ਦੇਣ ਕਰਨਾ ਆਦਿ। ਕਿਸਾਨ ਦੀ ਫ਼ਸਲ ਮੰਡੀ ਆਉਂਦੀ ਹੈ ਤਾ ਬਜਾਰਾਂ ਵਿਚ ਵੀ ਰੌਣਕ ਆ ਜਾਂਦੀ ਹੈ। ਖੇਤੀ ਨਾਲ ਹਜਾਰਾਂ ਹੀ ਲੋਕਾ ਦੇ ਰੁਜ਼ਗਾਰ ਜੁੜੇ ਹੋਏ ਹਨ। ਪੁਰਾਣੇ ਸਮਿਆਂ 'ਚ ਕਿਹਾ ਜਾਂਦਾ ਸੀ ਕਿ, 'ਉਤੱਮ ਖੇਤੀ, ਮੱਧਮ ਵਿਉਪਾਰ' ਕਿਸਾਨ ਦੀ ਦਿਨ-ਰਾਤ ਦੀ ਮਿਹਨਤ ਸਦਕਾ ਹੀ ਖੇਤੀ ਨੇ ਉਤੱਮ ਅਖਵਾਉਣ ਦਾ ਦਰਜਾ ਪਾਇਆ ਹੈ। 13 ਅਪ੍ਰੈਲ ਵਿਸਾਖੀ ਵਾਲੇ ਦਿਨ ਬਿਕ੍ਰਮੀ ਸੰਮਤ ਦੇ ਸ਼ੁਰੂ ਹੋਣ ਨਾਲ ਵਿਉਪਾਰੀ ਵਰਗ ਵੀ ਨਵੇਂ ਵਹੀਆਂ-ਖਾਤੇ ਖੋਲਦੇ ਹਨ। ਵਿਸਾਖੀ ਦੇ ਇਸ ਤਿਉਹਾਰ ਦੇ ਨਾਲ ਸਾਡੇ ਇਤਿਹਾਸ ਦੇ ਅਨੇਕਾਂ ਪੰਨੇ ਜੁੜੇ ਹੋਏ ਹਨ। ਕਵੀ ਧਨੀ ਰਾਮ ਚਾਤ੍ਰਿਕ ਜੀ ਆਪਣੀ ਇਕ ਕਵਿਤਾ "ਚ ਪੰਜਾਬੀ ਸਭਿਆਚਾਰ ਦੇ ਰੰਗ ਨੂੰ ਇਉਂ ਬਿਆਨ ਕਰਦੇ ਹਨ ;

ਪੱਕ ਪਈਆਂ ਕਣਕਾਂ, ਲੁਕਾਠ ਰੱਸਿਆ,
ਬੂਰ ਪਿਆ ਅੰਬਾਂ ਨੂੰ, ਗੁਲਾਬ ਹੱਸਿਆ ।
ਬਾਗ਼ਾਂ ਉੱਤੇ ਰੰਗ ਫੇਰਿਆ ਬਹਾਰ ਨੇ,
ਬੇਰੀਆਂ ਲਿਫਾਈਆਂ ਟਹਿਣੀਆਂ ਦੇ ਭਾਰ ਨੇ ।
ਪੁੰਗਰੀਆਂ ਵੱਲਾਂ, ਵੇਲਾਂ ਰੁੱਖੀਂ ਚੜ੍ਹੀਆਂ,
ਫੁੱਲਾਂ ਹੇਠੋਂ ਫਲਾਂ ਨੇ ਪਰੋਈਆਂ ਲੜੀਆਂ ।
ਸਾਈਂ ਦੀ ਨਿਗਾਹ ਜੱਗ ਤੇ ਸਵੱਲੀ ਏ,
ਚੱਲ ਨੀ ਪਰੇਮੀਏਂ ! ਵਿਸਾਖੀ ਚੱਲੀਏ ।

13 ਅਪ੍ਰੈਲ ਵਿਸਾਖੀ ਦਾ ਇਹ ਦਿਹਾੜਾ ਸਾਡੇ ਲਈ ਬੇਹੱਦ ਖਾਸ ਇਸ ਲਈ ਵੀ ਹੈ ਕਿਉ ਕਿ ਇਸ ਦਿਨ ਖਾਲਸਾ ਪੰਥ ਦੀ ਸਿਰਜਣਾ ਹੋਈ, ਇਸ ਦਿਨ ਜੱਲ੍ਹਿਆਂਵਾਲਾ ਬਾਗ ਦੇ ਖੂਨੀ ਸਾਕੇ "ਚ ਅਨੇਕਾਂ ਸ਼ਹੀਦੀਆਂ ਹੋਈਆਂ ਅਤੇ ਖੇਤੀ ਸਾਡਾ ਮੁੱਖ ਕਿਤਾ ਹੋਣ ਕਾਰਣ ਇਸ ਵਿਸਾਖ ਮਹੀਨੇ ਫਸਲ ਦਾ ਆਉਣਾ ਵੀ ਖਾਸ ਅਹਿਮਿਅਤ ਰੱਖਦਾ ਹੈ।

**ਹਰਮਨਪ੍ਰੀਤ ਸਿੰਘ,**
**ਸਰਹਿੰਦ, ਜ਼ਿਲ੍ਹਾ : ਫ਼ਤਹਿਗੜ੍ਹ ਸਾਹਿਬ,**
**ਸੰਪਰਕ : 9855010005**






# ਕੈਨੇਡਾ ਦੇ ਐੱਮਪੀ ਵੱਲੋਂ ਸੰਸਦ ’ਚ ਪੇਸ਼ ਨਿੱਜੀ ਬਿੱਲ ਕਾਰਨ ਭਾਰਤ ਨਾਲ ਸੰਬੰਧਾਂ ਵਿੱਚ ਕੀ ਮੋੜ ਆ ਸਕਦਾ ਹੈ



ਟੋਰਾਂਟੋ : ਪੰਜਾਬੀ ਮੂਲ ਦੇ ਕੈਨੇਡੀਅਨ ਐੱਮਪੀ ਸੁੱਖ ਧਾਲੀਵਾਲ ਵੱਲੋਂ ਭਾਰਤ ਅਤੇ ਹੋਰ ਦੇਸਾਂ ਨੂੰ ਨਿਸ਼ਾਨਾ ਬਣਾਉਂਦੇ ਹੋਏ ਸੰਸਦ ਵਿੱਚ ਪੇਸ਼ ਕੀਤਾ ਗਿਆ ਨਿੱਜੀ ਬਿੱਲ ਚਰਚਾ ਵਿੱਚ ਹੈ। ਬਿੱਲ ਭਾਰਤ ਅਤੇ ਕੈਨੇਡਾ ਦੇ ਦੁਵੱਲੇ ਰਿਸ਼ਤਿਆਂ ਉੱਪਰ ਇਸ ਦੇ ਸੰਭਾਵੀ ਸਿੱਟਿਆਂ ਕਾਰਨ ਵਿਵਾਦਾਂ ਵਿੱਚ ਹੈ। ਸੁੱਖ ਧਾਲੀਵਾਲ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਸਰੀ ਨਿਊਟਾਊਨ ਸੰਸਦੀ ਹਲਕੇ ਤੋਂ ਸਾਂਸਦ ਹਨ। ਉਨ੍ਹਾਂ ਵੱਲੋਂ ਇਹ ਬਿੱਲ 12 ਫਰਵਰੀ ਨੂੰ ਸਦਨ ਵਿੱਚ ਪੇਸ਼ ਕੀਤਾ ਗਿਆ ਸੀ। ਹਾਲਾਂਕਿ ਇਸ ਬਿੱਲ ਵਿੱਚ ਇਕੱਲੇ ਭਾਰਤ ਦਾ ਨਾਮ ਨਹੀਂ ਹੈ ਸਗੋਂ, ਚੀਨ, ਰੂਸ, ਈਰਾਨ ਅਤੇ ਹੋਰਾਂ ਵਰਗੇ ਦੇਸਾਂ ਦੀ ਵੀ ਗੱਲ ਕੀਤੀ ਗਈ ਹੈ।

**ਬਿੱਲ ਵਿੱਚ ਕੀ ਮੰਗ ਰੱਖੀ ਗਈ ਹੈ**

ਕੈਨੇਡੀਅਨ ਪਾਰਲੀਮੈਂਟ ਦੀ ਵੈਬਸਾਈਟ ਉੱਪਰ ਉਪਲਭਦ ਬਿੱਲ ਮੁਤਾਬਕ ਕੈਨੇਡਾ ਗਲੋਬਲ ਸੁਰੱਖਿਆ ਨੂੰ ਬਹੁਤ ਗੰਭੀਰਤਾ ਨਾਲ ਲੈਂਦਾ ਹੈ ਅਤੇ ਸੁਰੱਖਿਆ ਖੁਫੀਆ ਜਾਣਕਾਰੀ ਸਾਂਝੀ ਕਰਨ, ਜਮਹੂਰੀ ਸੰਸਥਾਵਾਂ ਦੀ ਸੁਰੱਖਿਆ, ਕਾਨੂੰਨ ਦੇ ਰਾਜ ਨੂੰ ਕਾਇਮ ਰੱਖਣ ਅਤੇ ਹਿੰਸਾ ਅਤੇ ਅੱਤਵਾਦ ਨੂੰ ਰੋਕਣ ਲਈ ਵੱਖ-ਵੱਖ ਵਿਦੇਸ਼ੀ ਰਾਜਾਂ ਨਾਲ ਕਈ ਸਹਿਯੋਗੀ ਸਮਝੌਤੇ ਹਨ।ਹਾਲੀਆ ਘਟਨਾਵਾਂ, ਜਿਨ੍ਹਾਂ ਵਿੱਚ ਭਾਰਤ ਸਰਕਾਰ ਦੇ ਏਜੰਟਾਂ ਵਿਚਕਾਰ ਸਬੰਧ ਹੋਣ ਦੇ ਭਰੋਸੇਯੋਗ ਇਲਜ਼ਾਮ ਅਤੇ ਕੈਨੇਡੀਅਨ ਨਾਗਰਿਕ ਹਰਦੀਪ ਸਿੰਘ ਨਿੱਝਰ ਦੀ ਕੈਨੇਡਾ ਦੀ ਧਰਤੀ ’ਤੇ ਇੱਕ ਗੁਰਦੁਆਰੇ ਦੇ ਬਾਹਰ ਕਤਲ, ਕੈਨੇਡਾ ਵਿੱਚ ਭਾਰਤ, ਚੀਨ, ਰੂਸ, ਈਰਾਨ ਅਤੇ ਹੋਰਾਂ ਵਰਗੇ ਦੇਸਾਂ ਦੀ ਵਧ ਰਹੀ ਧਮਕੀਆਂ ਅਤੇ ਦਖਲਅੰਦਾਜ਼ੀ ਦੀਆਂ ਉਦਾਹਰਣਾਂ ਹਨ।

ਸਦਨ ਦੀ ਰਾਇ ਵਿੱਚ, ਇਹ ਯਕੀਨੀ ਬਣਾਉਣ ਲਈ ਕਿ ਡਾਇਸਪੋਰਾ ਭਾਈਚਾਰਿਆਂ ਨੂੰ ਕੈਨੇਡੀਅਨ ਧਰਤੀ ’ਤੇ ਸਿਆਸੀ ਦਖਲਅੰਦਾਜ਼ੀ, ਹਿੰਸਾ, ਜਾਂ ਧਮਕਾਉਣ ਦੀਆਂ ਕਾਰਵਾਈਆਂ ਤੋਂ ਸੁਰੱਖਿਅਤ ਹਨ, ਲੋਕਤੰਤਰੀ ਸੰਸਥਾਵਾਂ ਨੂੰ ਕਮਜ਼ੋਰ ਕਰਨ ਵਾਲੇ ਕਿਸੇ ਵਿਦੇਸ਼ੀ ਰਾਜ ਦੇ ਕਿਸੇ ਵਿਅਕਤੀ ਜਾਂ ਏਜੰਟ ਜੋ ਹਿੰਸਾ ਦੀਆਂ ਕਾਰਵਾਈਆਂ ਵਿੱਚ ਸ਼ਾਮਲ ਹੋਣ, ਜਾਂ ਮਨੁੱਖੀ ਜਾਂ ਕੌਮਾਂਤਰੀ ਹੱਕਾਂ ਦੀ ਉਲੰਘਣਾ ਕਰਦੇ ਹੋਣ, ਇਹਨਾਂ ਵਿਅਕਤੀਆਂ ਨੂੰ ਕੈਨੇਡਾ ਵਿੱਚ ਦਾਖਲ ਹੋਣ ਤੋਂ ਰੋਕਣ ਲਈ, ਸਰਕਾਰ ਨੂੰ ਤੁਰੰਤ ਆਪਣੇ ਉਪਾਵਾਂ ਦੀ ਸਮੀਖਿਆ ਕਰਨੀ ਚਾਹੀਦੀ ਹੈ। ਸਰਕਾਰ ਨੂੰ ਇਨ੍ਹਾਂ ਕਾਰਵਾਈਆਂ ਦੀ ਪ੍ਰਗਤੀ ਬਾਰੇ ਸਦਨ ਨੂੰ ਦੱਸਣਾ ਚਾਹੀਦਾ ਹੈ। ਕੈਨੇਡੀਅਨ ਸੰਸਦ ਵਿੱਚ ਕਿਸੇ ਨਿੱਜੀ ਬਿੱਲ ਉੱਪਰ ਬਹਿਸ ਕਰਵਾਉਣ ਲਈ ਵੀਹ ਤੱਕ ਮੈਂਬਰਾਂ ਦੀ ਬਿੱਲ ਨੂੰ ਹਮਾਇਤ ਹੋਣੀ ਜ਼ਰੂਰੀ ਹੈ।ਸੁੱਖ ਧਾਲੀਵਾਲ ਵੱਲੋਂ ਪੇਸ਼ ਇਸ ਬਿੱਲ ਨੂੰ ਖ਼ਬਰ ਲਿਖੇ ਜਾਣ ਤੱਕ 15 ਸਾਂਸਦਾਂ ਨੇ ਜੁਆਇੰਟਲੀ ਸੈਕੰਡ ਕੀਤਾ ਸੀ। ਇਨ੍ਹਾਂ ਵਿੱਚ ਪ੍ਰਮੁੱਖ ਨਾਮ ਹਨ— ਸੋਨੀਆ ਸਿੱਧੂ, ਇਕਵਿੰਦਰ ਗਹੀਰ, ਰਣਦੀਪ ਸਰਾਏ, ਅੰਜੂ ਢਿੱਲੋਂ, ਜੌਰਜ ਚਾਹਲ, ਪਰਮ ਬੈਂਸ।

ਹਿੰਦੁਸਤਾਨ ਟਾਈਮਜ਼ ਦੀ ਖ਼ਬਰ ਮੁਤਾਬਕ, ਕੈਨੇਡਾ ਇੰਡੀਆ ਫਾਊਂਡੇਸ਼ਨ (ਸੀਆਈਐਫ) ਦੇ ਬੋਰਡ ਆਫ਼ ਡਾਇਰੈਕਟਰਜ਼ ਨੇ ਧਾਵੀਵਾਲ ਨੂੰ ਲਿਖੇ ਇੱਕ ਪੱਤਰ ਵਿੱਚ ਕਿਹਾ, ਇਹ ਮਤਾ ਅਜੇ ਤੱਕ ਗੈਰ-ਪ੍ਰਮਾਣਿਤ ਅਤੇ ਗੈਰ-ਪ੍ਰਮਾਣਿਤ ਦੋਸ਼ਾਂ ਦੀ ਵਰਤੋਂ ਕਰਕੇ ਇੱਕ ਵਿਸ਼ੇਸ਼ ਦੇਸ ਅਤੇ ਹਿੰਦੂ ਭਾਈਚਾਰੇ ਨੂੰ ਨਿਸ਼ਾਨਾ ਬਣਾਉਣ ਦੀ ਇੱਕ ਕੋਝੀ ਕੋਸ਼ਿਸ਼ ਕਰ ਰਿਹਾ ਹੈ।ਸੀਆਈਐਫ ਨੇ ਅੱਗੇ ਕਿਹਾ, ਜੇਕਰ ਇਹ ਮਤਾ ਪਾਸ ਹੋ ਜਾਂਦਾ ਹੈ ਤਾਂ ਇਹ ਭੜਕਾਹਟ ਦੀ ਇੱਕ ਲੰਮੀ ਸੂਚੀ ਵਿੱਚ ਇੱਕ ਹੋਰ ਪਹਿਲਕਦਮੀ ਹੋਵੇਗਾ ਜੋ ਕੈਨੇਡਾ ਭਾਰਤ ਸਬੰਧਾਂ ਨੂੰ ਨੁਕਸਾਨ ਪਹੁੰਚਾਏਗੀ। ਸਾਡੇ ਦੁਵੱਲੇ ਮੁੱਦਿਆਂ ਨੂੰ ਸੁਲਝਾਉਣ ਲਈ ਉਤਸੁਕ ਸੰਸਥਾ ਹੋਣ ਦੇ ਨਾਤੇ, ਅਸੀਂ ਚਿੰਤਤ ਹਾਂ ਕਿ ਹਿੰਸਕ ਘੱਟਗਿਣਤੀ ਦੁਆਰਾ ਵਰਤੇ ਗਏ ਪ੍ਰਭਾਵ ਸਾਡੀ ਘਰੇਲੂ ਰਾਜਨੀਤੀ ਅਤੇ ਵਿਦੇਸ਼ ਨੀਤੀ ’ਤੇ ਅਸਰ ਪਾਉਂਦੇ ਰਹਿੰਦੇ ਹਨ।ਖ਼ਬਰ ਮੁਤਾਬਕ ਲਿਬਰਲ ਐੱਮਪੀ ਚੰਦਰ ਆਰਿਆ ਨੇ ਬਾਕੀ ਸਾਂਸਦਾਂ ਨੂੰ ਬਿੱਲ ਦੀ ਹਮਾਇਤ ਨਾ ਕਰਨ ਦੀ ਅਪੀਲ ਕੀਤੀ ਹੈ।ਆਪਣੇ ਪੱਤਰ ਵਿੱਚ ਉਨ੍ਹਾਂ ਨੇ ਕਿਹਾ ਹੈ ਕਿ ਜੇ ਐੱਮ-12 ਮਤਾ ਪਾਸ ਹੋ ਜਾਂਦਾ ਹੈ ਤਾਂ ਚੰਗੀ ਤਰ੍ਹਾਂ ਸੰਗਠਿਤ ਅਤੇ ਫੰਡਡ ਭਾਰਤ ਵਿਰੋਧੀ ਅਤੇ ਹਿੰਦੂ ਵਿਰੋਧੀ ਗਰੁੱਪਾਂ ਨੂੰ ਸ਼ਹਿ ਮਿਲੇਗੀ ਅਤੇ ਕੈਨੇਡਾ ਵਿੱਚ ਵਸਦੇ ਹਿੰਦੂ-ਕੈਨੇਡੀਅਨਾਂ ਦੇ ਆਪਣੇ ਪਰਿਵਾਰਾਂ ਦੀ ਸੁਰੱਖਿਆ ਦੇ ਡਰ ਵਿੱਚ ਵਾਧਾ ਕਰੇਗਾ।

# ਪੰਜਾਬੀਆਂ ’ਚ ਵੱਧ ਰਿਹਾ ਅਸਲੇ ਦਾ ਸੌਂਕ, ਪੰਜ ਸਾਲਾਂ ’ਚ ਵੱਧ ਗਏ 59,808 ਲਾਇਸੈਂਸੀ ਹਥਿਆਰ

ਚੰਡੀਗੜ੍ਹ : ਦੇਸ਼ ਵਿੱਚ ਲੋਕ ਸਭਾ ਚੋਣਾਂ ਨੂੰ ਲੈ ਕੇ 16 ਮਾਰਚ ਤੋਂ ਆਦਰਸ਼ ਚੋਣ ਜ਼ਾਬਤਾ ਲਾਗੂ ਹੈ। ਸੂਬੇ ਵਿੱਚ ਅਮਨ-ਕਾਨੂੰਨ ਦੀ ਵਿਵਸਥਾ ਨੂੰ ਬਰਕਰਾਰ ਰੱਖਣ ਲਈ ਪੰਜਾਬ ਦੇ ਥਾਣਿਆਂ ਵਿੱਚ ਲਾਇਸੈਂਸੀ ਹਥਿਆਰ ਜਮ੍ਹਾਂ ਕਰਵਾਉਣ ਦਾ ਕੰਮ ਲਗਾਤਾਰ ਜਾਰੀ ਹੈ। ਪੰਜਾਬ ਵਿੱਚ ਕੁੱਲ 4 ਲੱਖ 20 ਹਜ਼ਾਰ 808 ਲਾਇਸੈਂਸੀ ਹਥਿਆਰ ਹਨ, ਜਿਨ੍ਹਾਂ ਵਿੱਚੋਂ ਹੁਣ ਤੱਕ ਪੁਲੀਸ ਕੋਲ 2 ਲੱਖ 19 ਹਜ਼ਾਰ 175 ਹਥਿਆਰ ਜਮ੍ਹਾ ਹੋ ਗਏ ਹਨ। ਪਿਛਲੀਆਂ ਲੋਕ ਸਭਾ ਚੋਣਾਂ ਦੌਰਾਨ ਪੰਜਾਬੀਆਂ ਤੋਂ 3.61 ਲੱਖ ਹਥਿਆਰ ਸਨ। ਜਿਸ ਤੋਂ ਸਾਫ਼ ਹੈ ਕਿ 5 ਸਾਲਾਂ ’ਚ ਕਰੀਬ 59,808 ਹਥਿਆਰ ਹੋਰ ਖਰੀਦ ਲਏ ਹਨ।



ਜੇਕਰ ਵੋਟਰਾਂ ਦੀ ਗਿਣਤੀ ’ਤੇ ਨਜ਼ਰ ਮਾਰੀਏ ਤਾਂ ਹਰ 5055 ਵੋਟਰਾਂ ਪਿੱਛੇ ਇੱਕ ਹਥਿਆਰ ਹੈ। ਪੰਜਾਬ ਵਿੱਚ ਕਈ ਅਜਿਹੇ ਛੋਟੇ ਜ਼ਿਲ੍ਹੇ ਹਨ ਜਿਨ੍ਹਾਂ ਕੋਲ ਆਬਾਦੀ ਅਤੇ ਵੋਟਰਾਂ ਦੇ ਮੁਕਾਬਲੇ ਵੱਧ ਹਥਿਆਰ ਹਨ। ਆਦਰਸ਼ ਚੋਣ ਜ਼ਾਬਤੇ ਅਨੁਸਾਰ ਕਿਸੇ ਵੀ ਜਨਤਕ ਮੀਟਿੰਗ, ਰੈਲੀ ਜਾਂ ਚੋਣਾਂ ਵਾਲੇ ਦਿਨ ਜਾਂ ਉਸ ਤੋਂ ਬਾਅਦ ਕਿਸੇ ਵੀ ਤਰ੍ਹਾਂ ਦੀ ਗੋਲੀਬਾਰੀ ਨਾ ਹੋਣ ਨੂੰ ਯਕੀਨੀ ਬਣਾਉਣ ਲਈ ਪੁਲਿਸ ਪ੍ਰਸ਼ਾਸਨ ਵੱਲੋਂ ਸਖ਼ਤ ਕਾਰਵਾਈ ਕੀਤੀ ਜਾਂਦੀ ਹੈ।ਉਂਜ ਥਾਣਿਆਂ ਵਿੱਚ ਹਥਿਆਰ ਜਮ੍ਹਾਂ ਨਾ ਕਰਵਾਉਣ ਵਾਲਿਆਂ ਖ਼ਿਲਾਫ਼ ਧਾਰਾ 188 ਤਹਿਤ ਨੋਟਿਸ ਜਾਰੀ ਕਰਨ ਜਾਂ ਹੋਰ ਵਿਭਾਗੀ ਕਾਰਵਾਈ ਕਰਨ ਦੀ ਵਿਵਸਥਾ ਹੈ। ਪੰਜਾਬ ਵਿੱਚ ਕੁੱਲ 2 ਕਰੋੜ 12 ਲੱਖ 71 ਹਜ਼ਾਰ 246 ਵੋਟਰ ਹਨ, ਜਿਨ੍ਹਾਂ ਵਿੱਚੋਂ 1 ਕਰੋੜ 11 ਲੱਖ 92 ਹਜ਼ਾਰ 959 ਪੁਰਸ਼ ਵੋਟਰ ਹਨ। ਜਦੋਂ ਕਿ 1 ਕਰੋੜ 77 ਹਜ਼ਾਰ 543 ਮਹਿਲਾ ਵੋਟਰ ਹਨ। ਇਸ ਸਮੇਂ ਪੰਜਾਬ ਦੇ ਥਾਣਿਆਂ ਵਿੱਚ 50% ਤੋਂ ਵੱਧ ਹਥਿਆਰ ਜਮ੍ਹਾਂ ਹੋ ਚੁੱਕੇ ਹਨ। ਮੋਗਾ ਵਰਗੇ ਛੋਟੇ ਸ਼ਹਿਰਾਂ ਵਿੱਚ ਸਭ ਤੋਂ ਵੱਧ 43,018 ਲਾਇਸੈਂਸੀ ਹਥਿਆਰ ਹਨ। ਇਸੇ ਤਰ੍ਹਾਂ ਨਵਾਂ ਸ਼ਹਿਰ ਵਿੱਚ ਸਭ ਤੋਂ ਘੱਟ 2,921 ਲਾਇਸੈਂਸੀ ਹਥਿਆਰ ਹਨ।ਨਿਯਮਾਂ ਅਨੁਸਾਰ ਮਾਨਤਾ ਪ੍ਰਾਪਤ ਬੈਂਕਾਂ ਦੇ ਸੁਰੱਖਿਆ ਗਾਰਡ, ਵਿੱਤੀ ਸੰਸਥਾਵਾਂ ਦੇ ਸੁਰੱਖਿਆ ਗਾਰਡ, ਸੰਵਿਧਾਨਕ ਅਹੁਦਿਆਂ ’ਤੇ ਕਾਬਜ਼ ਵਿਅਕਤੀ, ਨੈਸ਼ਨਲ ਰਾਈਫ਼ਲ ਐਸੋਸੀਏਸ਼ਨ ਅਤੇ ਜ਼ਿਲ੍ਹਾ ਰਾਈਫ਼ਲ ਐਸੋਸੀਏਸ਼ਨ ਦੇ ਨਾਲ-ਨਾਲ ਜ਼ਿਲ੍ਹੇ ਦੇ ਉਦਯੋਗਿਕ ਅਦਾਰਿਆਂ, ਵਿੱਦਿਅਕ ਸੰਸਥਾਵਾਂ ਅਤੇ ਸਰਕਾਰੀ ਅਦਾਰਿਆਂ ਦੀ ਸੁਰੱਖਿਆ ਲਈ ਤਾਇਨਾਤ ਗਾਰਡ ਵਿਸ਼ੇਸ਼ ਇਜਾਜ਼ਤ ਨਾਲ ਹਥਿਆਰ ਲੈ ਸਕਣਗੇ, ਪਰ ਇਹ ਸੂਚਨਾ ਪੁਲਿਸ ਨੂੰ ਦੇਣੀ ਪਵੇਗੀ।




Life is a Story. Tell it Well
ਜ਼ਿੰਦਗੀ ਇੱਕ ਕਹਾਣੀ ਹੈ, ਚੰਗੀ ਤਰ੍ਹਾਂ ਨਾਲ ਦੇਖੋ

Proud to Provide the Community with grief support and healing experiences

ਸੋਗ ਭਰੇ ਮਹੌਲ ਨੂੰ ਸੌਖਾਵਾਂ ਬਣਾਉਣ ਲਈ ਅਸੀਂ ਤੁਹਾਡੀ ਹਰ ਤਰ੍ਹਾਂ ਦੀ ਮਦਦ ਕਰਦੇ ਹਾਂ

Maison funéraire Rideau Funeral Home
4275, boul. des Sources, Dollard-des-Ormeaux (Qc) H9B 2A6
514-685-3344 • www.rideaumemorial.com


ਤੁਹਾਡਾ ਆਪਣਾ ਪੰਜਾਬੀ ਸਟੋਰ
Abdul Rehman
514-638-2222, 514-629-0000
Authorized Dealer of Rogers and Fido
ROGERS™
fido
GET ANY PHONE FOR
$0 Down
Get unlimited internet for very less price
6700 Ch de la cote des neiges k-27 H3S2B3
Abdul Rehman
Authorized dealer of
Rogers fido and chatr

# ਕੈਨੇਡਾ ਵਿੱਚ ਜ਼ਿੰਦਗੀ ਅਤੇ ਰਿਸ਼ਤਿਆਂ ਦੀ ਹਕੀਕਤ

ਪ੍ਰਿੰਸੀਪਲ ਵਿਜੈ ਕੁਮਾਰ

ਜ਼ਿਆਦਾਤਰ ਨੌਜਵਾਨਾਂ 'ਤੇ ਵਿਦੇਸ਼ਾਂ ਵਿੱਚ ਜਾ ਕੇ ਵਸਣ, ਡਾਲਰ ਕਮਾ ਕੇ ਕਰੋੜਪਤੀ ਬਣਨ, ਐੱਨਆਰਆਈ ਕਹਾਉਣ ਅਤੇ ਸ਼ਾਨੋ ਸ਼ੌਕਤ ਵਾਲੀ ਜ਼ਿੰਦਗੀ ਗੁਜ਼ਾਰਨ ਦਾ ਜਨੂੰਨ ਚੜ੍ਹਿਆ ਹੋਇਆ ਹੈ। ਅਜਿਹੀ ਨੌਜਵਾਨ ਪੀੜ੍ਹੀ ਵਿੱਚ ਸਵਾਰਥ ਅਤੇ ਮਜਬੂਰੀ ਦੀ ਨਦੀ ਦੇ ਵਹਾਅ 'ਚ ਰਿਸ਼ਤਿਆਂ ਦੀ ਸੰਵੇਦਨਾ, ਆਪਣਾਪਣ, ਲਗਾਅ, ਦਰਦ ਤੇ ਫ਼ਿਕਰਮੰਦੀ ਸਭ ਕੁਝ ਹੜ੍ਹਦੇ ਜਾ ਰਹੇ ਹਨ। ਪਰਵਾਸੀ ਜ਼ਿੰਦਗੀ ਦੇ ਸੰਦਰਭ ਵਿੱਚ ਰਿਸ਼ਤਿਆਂ ਬਾਰੇ ਕਿਹਾ ਜਾਣ ਵਾਲਾ ਇਹ ਕਥਨ ਅਸੀਂ ਇੱਕ ਦੂਜੇ ਬਿਨਾਂ ਕੁਝ ਨਹੀਂ, ਇਹੋ ਰਿਸ਼ਤਿਆਂ ਦੀ ਖ਼ੂਬਸੂਰਤੀ ਹੈ, ਅਰਥਹੀਨ ਹੁੰਦਾ ਜਾ ਰਿਹਾ ਹੈ। ਮਹਿੰਗੇ ਘਰਾਂ, ਮਹਿੰਗੀਆਂ ਗੱਡੀਆਂ ਅਤੇ ਹੋਰ ਸਾਜ਼ੋ ਸਾਮਾਨ ਲਈ ਵਿਦੇਸ਼ੀ ਬੈਂਕਾਂ ਤੋਂ ਚੁੱਕੇ ਕਰਜ਼ ਦੀਆਂ ਕਿਸ਼ਤਾਂ, ਆਪਣੇ ਵਤਨ ਆਉਣ ਲਈ ਮਹਿੰਗੀਆਂ ਟਿਕਟਾਂ ਅਤੇ ਵਿਦੇਸ਼ਾਂ ਵਿੱਚ ਪੱਕੀ ਨਾਗਰਿਕਤਾ ਪ੍ਰਾਪਤ ਕਰਨ ਲਈ ਰਹਿਣ ਦੇ ਸਾਲਾਂ ਦੀ ਸ਼ਰਤ ਇਹ ਸਾਰਾ ਕੁਝ ਮੋਹ ਭਿੱਜੇ ਮਨੁੱਖੀ ਰਿਸ਼ਤਿਆਂ ਨੂੰ ਮੋਹ ਵਿਹੂਣਾ ਕਰ ਰਿਹਾ ਹੈ।

ਵਿਦੇਸ਼ਾਂ 'ਚ ਰੋਜ਼ੀ ਰੋਟੀ ਕਮਾਉਣ ਲਈ ਗਏ ਬਹੁਤ ਸਾਰੇ ਨੌਜਵਾਨ ਮੁੰਡੇ-ਕੁੜੀਆਂ ਆਪਣੇ ਪਰਿਵਾਰਾਂ 'ਚ ਰਮਕੇ, ਮਸ਼ੀਨੀ ਜ਼ਿੰਦਗੀ ਦੇ ਹੱਥਾਂ ਦੀ ਕਠਪੁਤਲੀ ਬਣ ਕੇ ਆਲੀਸ਼ਾਨ ਜ਼ਿੰਦਗੀ ਗੁਜ਼ਾਰਨ ਲਈ ਵੱਧ ਤੋਂ ਵੱਧ ਕਮਾਈ ਕਰਨ ਦੀ ਦੌੜ 'ਚ ਅਤੇ ਸਮੇਂ ਤੇ ਧਰਤੀ ਦੀ ਦੂਰੀ ਕਾਰਨ ਇਹ ਵੀ ਭੁੱਲ ਜਾਂਦੇ ਹਨ ਕਿ ਉਨ੍ਹਾਂ ਦੇ ਕੋਈ ਆਪਣੇ ਵੀ ਉਨ੍ਹਾਂ ਦੇ ਰਾਹ ਵੇਖਦੇ ਹੋਣਗੇ। ਉਨ੍ਹਾਂ ਨੂੰ ਮਿਲਣ ਲਈ ਤੜਫ਼ ਰਹੇ ਹੋਣਗੇ। ਵਿਦੇਸ਼ਾਂ ਵਿੱਚ ਰਹਿੰਦਿਆਂ ਜਿਵੇਂ ਜਿਵੇਂ ਉਮਰ ਦੇ ਸਾਲ ਬੀਤਦੇ ਜਾਂਦੇ ਹਨ, ਉਵੇਂ ਉਵੇਂ ਆਪਣੇ ਵਤਨ ਦੀ ਧਰਤੀ ਦਾ ਮੋਹ ਅਤੇ ਆਪਣਿਆਂ ਨਾਲ ਜੁੜੇ ਹੋਣ ਦਾ ਅਹਿਸਾਸ ਨਿਵਾਣ ਵੱਲ ਨੂੰ ਜਾਣ ਲੱਗ ਪੈਂਦਾ ਹੈ। ਫੋਨ ਕਰਨ ਦਾ ਸਿਲਸਿਲਾ ਰਾਤ ਦਿਨ ਦੇ ਫ਼ਰਕ ਦੇ ਬਹਾਨੇ ਨਾਲ ਟੁੱਟਣਾ ਸ਼ੁਰੂ ਹੋ ਜਾਂਦਾ ਹੈ। ਜਿਨ੍ਹਾਂ ਮਾਪਿਆਂ ਨੇ ਕਰਜ਼ ਚੁੱਕ ਕੇ, ਜ਼ਮੀਨਾਂ ਗਹਿਣੇ ਰੱਖ ਕੇ ਤੇ ਰਿਸ਼ਤੇਦਾਰਾਂ ਤੋਂ ਪੈਸੇ ਉਧਾਰ ਫੜ ਕੇ ਆਪਣੇ ਨੌਜਵਾਨ ਬੱਚਿਆਂ ਨੂੰ ਵਿਦੇਸ਼ ਭੇਜਿਆ ਹੁੰਦਾ ਹੈ, ਉਹ ਮਾਪੇ ਉਨ੍ਹਾਂ ਨੂੰ ਮਿਲਣ ਲਈ ਤਰਸ ਜਾਂਦੇ ਹਨ। ਸਮੇਂ ਨਾਲ ਉਨ੍ਹਾਂ ਦੇ ਆਪਸ ਵਿੱਚ ਸਬੰਧ ਕੇਵਲ ਇੱਕ ਦੂਜੇ ਦਾ ਹਾਲ ਚਾਲ ਫੋਨ ਉੱਤੇ ਪੁੱਛਣ ਜੋਗੇ ਹੀ ਰਹਿ ਜਾਂਦੇ ਹਨ।

ਉਨ੍ਹਾਂ ਨੌਜਵਾਨ ਬੱਚਿਆਂ ਨੂੰ ਆਪਣੇ ਮਾਪੇ ਉਦੋਂ ਯਾਦ ਆਉਂਦੇ ਹਨ ਜਦੋਂ ਉਨ੍ਹਾਂ ਨੂੰ ਆਪਣੇ ਬੱਚੇ ਪਾਲਣ ਦੀ ਸਮੱਸਿਆ ਆਉਂਦੀ ਹੈ। ਉਹ ਆਪਣੇ ਮਾਂ-ਬਾਪ ਨੂੰ ਲੈ ਕੇ ਜਾਂਦੇ ਤਾਂ ਵਿਦੇਸ਼ ਦੀ ਸੈਰ ਕਰਾਉਣ ਲਈ ਹਨ ਪਰ ਜ਼ਮੀਨੀ ਹਕੀਕਤ ਉਨ੍ਹਾਂ ਨੂੰ ਆਪਣੇ ਬੱਚੇ ਸੰਭਾਲਣ ਲਈ ਹੀ ਲੈ ਕੇ ਜਾਣਾ ਹੁੰਦਾ ਹੈ। ਵਿਦੇਸ਼ 'ਚ ਮਾਪਿਆਂ ਦਾ ਬੱਚਿਆਂ ਕੋਲ ਜਾ ਕੇ ਰਹਿਣ ਦੌਰਾਨ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਦੇ ਸਬੰਧਾਂ ਦਾ ਇੱਕ ਨਵਾਂ ਅਧਿਆਏ ਲਿਖਿਆ ਜਾਂਦਾ ਹੈ।




ਬੱਚਿਆਂ ਦੇ ਰਹਿਣ-ਸਹਿਣ, ਖਾਣ-ਪੀਣ, ਸੋਚ, ਆਦਤਾਂ ਅਤੇ ਉਨ੍ਹਾਂ ਦੀ ਜ਼ਿੰਦਗੀ ਉੱਤੇ ਵਿਦੇਸ਼ੀ ਜ਼ਿੰਦਗੀ ਦੇ ਪ੍ਰਭਾਵ ਨੂੰ ਲੈ ਕੇ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਵਿਚਾਲੇ ਤਕਰਾਰ, ਮਨ-ਮੁਟਾਅ, ਤਣਾਅ ਤੇ ਟਕਰਾਅ ਹੋਣਾ ਆਮ ਜਿਹੀ ਗੱਲ ਹੁੰਦੀ ਹੈ। ਬੱਚਿਆਂ ਦੇ ਵਿਹਾਰ ਨੂੰ ਲੈ ਕੇ ਮਾਪਿਆਂ ਦੇ ਦਿਲਾਂ ਵਿੱਚ ਦੋ-ਤਿੰਨ ਵਿਚਾਰ ਵਾਰ ਵਾਰ ਉੱਠਦੇ ਰਹਿੰਦੇ ਹਨ, ਕਿੱਥੇ ਆ ਕੇ ਫਸ ਗਏ, ਛੇਤੀ ਤੋਂ ਛੇਤੀ ਆਪਣੇ ਘਰ ਨੂੰ ਮੁੜੀਏ, ਆਪਾਂ ਮੁੜ ਕੇ ਨਹੀਂ ਆਵਾਂਗੇ।

ਜੇਕਰ ਦੋਹਾਂ ਧਿਰਾਂ 'ਚ ਹਉਮੈ ਹੋਵੇ ਤਾਂ ਸਬੰਧਾਂ ਵਿੱਚ ਤਣਾਅ ਹੋਰ ਵੀ ਜ਼ਿਆਦਾ ਗਹਿਰਾ ਹੋ ਜਾਂਦਾ ਹੈ। ਕਦੇ ਕਦੇ ਤੂੰ ਤੂੰ ਮੈਂ ਮੈਂ ਅਤੇ ਆਪਸ ਵਿੱਚ ਸੰਵਾਦ ਟੁੱਟਣ ਦੀ ਨੌਬਤ ਵੀ ਆ ਜਾਂਦੀ ਹੈ। ਮਾਪਿਆਂ ਅਤੇ ਨੂੰਹ ਦੇ ਸਬੰਧਾਂ ਦੇ ਟਕਰਾਅ ਵਿੱਚ ਪੁੱਤਰ ਨੂੰ ਪਿਸਣਾ ਪੈਂਦਾ ਹੈ। ਮਾਪੇ ਆਪਣੇ ਪੁੱਤਰ ਦੇ ਮੂੰਹ ਨੂੰ ਚੁੱਪ ਰਹਿੰਦੇ ਹਨ। ਪੁੱਤਰ ਸਭ ਕੁਝ ਜਾਣਦਾ ਹੋਇਆ ਵੀ ਆਪਣੇ ਮਾਪਿਆਂ ਨੂੰ ਹੀ ਸਮਝਾਉਣ ਦਾ ਯਤਨ ਕਰਦਾ ਹੈ ਕਿਉਂਕਿ ਉਸ ਨੇ ਜ਼ਿੰਦਗੀ ਆਪਣੀ ਪਤਨੀ ਨਾਲ ਹੀ ਬਸਰ ਕਰਨੀ ਹੁੰਦੀ ਹੈ।

ਮਾਪਿਆਂ ਨੂੰ ਆਪਣੇ ਪੁੱਤ-ਨੂੰਹ ਨਾਲ ਇਹ ਸ਼ਿਕਾਇਤ ਹੁੰਦੀ ਹੈ ਕਿ ਉਹ ਉਨ੍ਹਾਂ ਕੋਲ ਬੈਠ ਦੇ ਨਹੀਂ। ਨੂੰਹ-ਪੁੱਤਰ ਕੋਲ ਆਪਣੇ ਮਾਪਿਆਂ ਕੋਲ ਨਾ ਬੈਠਣ ਦੇ ਇਹ ਤਰਕ ਹੁੰਦੇ ਹਨ ਕਿ ਉਨ੍ਹਾਂ ਕੋਲ ਉਨ੍ਹਾਂ ਦੇ ਨਾਲ ਬੈਠਣ ਦਾ ਸਮਾਂ ਹੀ ਕਿੱਥੇ ਹੁੰਦਾ ਹੈ, ਉਨ੍ਹਾਂ ਨੇ ਆਪਣੇ ਕੰਮ ਵੀ ਤਾਂ ਕਰਨੇ ਹੁੰਦੇ ਹਨ। ਉਹ ਉਨ੍ਹਾਂ ਨਾਲ ਕੀ ਗੱਲਾਂ ਕਰਨ ? ਜੇਕਰ ਬਜ਼ੁਰਗ ਮਾਪਿਆਂ ਤੋਂ ਪੋਤੇ-ਪੋਤੀ ਦੀ ਸਾਂਭ ਸੰਭਾਲ ਵਿੱਚ ਉਮਰ ਦੇ ਪ੍ਰਭਾਵ ਕਾਰਨ ਕੋਈ ਕੁਤਾਹੀ ਹੋ ਜਾਵੇ ਤਾਂ ਨੂੰਹ ਦੇ ਉਨ੍ਹਾਂ ਪ੍ਰਤੀ ਵਿਅੰਗ ਵੇਖਣ ਵਾਲੇ ਹੁੰਦੇ ਹਨ। ਜੇਕਰ ਬੱਚਿਆਂ ਅਤੇ ਮਾਪਿਆਂ ਦੇ ਸਬੰਧ ਸੁਖਾਵੇਂ ਨਾ ਹੋਣ ਤਾਂ ਉਹ ਇੱਕੋ ਘਰ 'ਚ ਉਸ ਗੁਆਂਢੀ ਵਾਂਗ ਰਹਿ ਰਹੇ ਹੁੰਦੇ ਹਨ, ਜਿਨ੍ਹਾਂ ਦੀ ਆਪਸ ਵਿੱਚ ਬਣਦੀ ਨਹੀਂ ਹੁੰਦੀ। ਸੱਸ-ਸਹੁਰੇ ਵੱਲੋਂ ਆਪਣੇ ਪੋਤੇ-ਪੋਤੀ ਦਾ ਸਭ ਕੁਝ ਕਰਨ ਦੇ ਬਾਵਜੂਦ ਨੂੰਹ ਦੇ ਮਨ ਵਿੱਚ ਇਹ ਹੁੰਦਾ ਹੈ ਕਿ ਉਹ ਜੋ ਕੁਝ ਕਰ ਰਹੇ ਹਨ ਆਪਣੇ ਪੁੱਤ ਲਈ ਕਰ ਰਹੇ ਹਨ, ਉਸ ਲਈ ਨਹੀਂ। ਅਸਲ ਵਿੱਚ ਸਚਾਈ ਵੀ ਇਹੋ ਹੁੰਦੀ ਹੈ। ਬੱਚਿਆਂ ਦੇ ਮਾੜੇ ਵਿਹਾਰ ਨੂੰ ਸਹਿ ਕੇ ਵੀ ਉਹ ਸਭ ਕੁਝ ਕਰਦੇ ਰਹਿੰਦੇ ਹਨ। ਉਹ ਜਦੋਂ ਵੀ ਘਰ ਤੋਂ ਬਾਹਰ ਘੁੰਮਣ ਫਿਰਨ ਨਿਕਲਦੇ ਹਨ ਜਾਂ ਫੇਰ ਪਾਰਕਾਂ 'ਚ ਜਾ ਕੇ ਬੈਠਦੇ ਹਨ ਤਾਂ ਉਹ ਆਪਣੇ ਪੁੱਤ-ਨੂੰਹ ਦੇ ਮਾੜੇ ਵਤੀਰੇ ਦੀਆਂ ਗੱਲਾਂ ਕਰਕੇ ਆਪਣਾ ਮਨ ਹੌਲਾ ਕਰ ਲੈਂਦੇ ਹਨ। ਬੱਚਿਆਂ ਨੂੰ ਸੰਭਾਲਣ ਲਈ ਮੁੰਡੇ ਦੇ ਮਾਂ-ਬਾਪ ਐਨਾ ਸਮਾਂ ਲਗਾ ਗਏ ਤਾਂ ਹੁਣ ਕੁੜੀ ਦੇ ਮਾਪਿਆਂ ਦੀ ਵਾਰੀ ਹੈ। ਕੁੜੀ ਅਤੇ ਮੁੰਡੇ ਦੇ ਮਾਪਿਆਂ ਦਾ ਇੱਕ ਦੂਜੇ ਨੂੰ ਚੰਗਾ-ਮਾੜਾ ਕਹਿਣਾ ਅਤੇ ਕੁੜੀ-ਮੁੰਡੇ ਦਾ ਆਪਣੇ ਮਾਪਿਆਂ ਨੂੰ ਲੈ ਕੇ ਕੋਈ ਨਾ ਕੋਈ ਤਕਰਾਰ ਹੋਣਾ, ਇਹ ਸਾਰੀਆਂ ਗੱਲਾਂ ਆਮ ਹੀ ਵੇਖਣ ਅਤੇ ਸੁਣਨ ਨੂੰ ਮਿਲਦੀਆਂ ਹਨ। ਬੱਚਿਆਂ ਦੀ ਸਾਂਭ ਸੰਭਾਲ ਨੂੰ ਲੈ ਕੇ ਆਰਥਿਕ ਮਜਬੂਰੀ ਕਾਰਨ ਪਤੀ-ਪਤਨੀ ਦੋਹਾਂ ਦੇ ਨੌਕਰੀ ਕਰਨ ਦੀ ਸਥਿਤੀ ਵਿੱਚ ਦੋਵਾਂ ਦਾ ਇੱਕ ਦੂਜੇ ਨੂੰ ਆਪਣੀ ਮਜਬੂਰੀ ਜਤਾਉਣਾ, ਦੋਹਾਂ ਵਿਚਾਲੇ ਤਕਰਾਰਬਾਜ਼ੀ ਹੋਣਾ ਆਮ ਹੈ। ਬੱਚੇ ਦੀ ਸਾਂਭ ਸੰਭਾਲ ਲਈ ਦੋਹਾਂ ਕੋਲ ਸਮਾਂ ਨਾ ਹੋਣ ਦੀ ਹਾਲਤ ਵਿੱਚ ਬੱਚੇ ਦਾ ਪ੍ਰਭਾਵਿਤ ਹੋਣਾ, ਇਹ ਸਾਰਾ ਵਿਦੇਸ਼ਾਂ ਵਿੱਚ ਵਸਣ ਵਾਲੇ ਨੌਜਵਾਨ ਮੁੰਡੇ-ਕੁੜੀਆਂ ਦੇ ਸਬੰਧਾਂ 'ਚ ਵਾਪਰਨਾ ਉਨ੍ਹਾਂ ਦੀ ਜ਼ਿੰਦਗੀ ਦਾ ਹਿੱਸਾ ਬਣ ਚੁੱਕਾ ਹੈ। ਜੇਕਰ ਮਾਪੇ ਵਿਦੇਸ਼ ਵਿੱਚ ਵਸਦੇ ਨੂੰਹ-ਪੁੱਤ ਜਾਂ ਫਿਰ ਧੀ-ਜਵਾਈ ਦੇ ਬੱਚਿਆਂ ਨੂੰ ਸੰਭਾਲਣ ਲਈ ਕੁਝ ਸਮੇਂ ਲਈ ਆ ਜਾਣ ਤਾਂ ਉਨ੍ਹਾਂ ਨੂੰ ਦੂਜੇ ਪੁੱਤਾਂ-ਨੂੰਹਾਂ ਅਤੇ ਧੀ-ਜਵਾਈ ਦੇ ਤਾਅਨੇ ਮਿਹਣੇ ਸੁਣਨ ਨੂੰ ਥਾਂ ਹੋ ਜਾਂਦਾ ਹੈ।

ਇੱਕ ਬਜ਼ੁਰਗ ਪਤੀ-ਪਤਨੀ ਦੀ ਜ਼ਿੰਦਗੀ ਦੀ ਦੁਖਾਂਤਭਰੀ ਘਟਨਾ ਮਨ ਨੂੰ ਬਹੁਤ ਦੁਖ ਪਹੁੰਚਾਉਣ ਵਾਲੀ ਹੈ। ਵਿਦੇਸ਼ ਵਿੱਚ ਵਸਦਾ ਪੁੱਤਰ ਆਪਣੇ ਮਾਪਿਆਂ ਤੋਂ ਸਭ ਕੁਝ ਵਿਕਾ ਕੇ ਉਨ੍ਹਾਂ ਨੂੰ ਆਪਣੇ ਕੋਲ ਲੈ ਆਇਆ। ਵਿਦੇਸ਼ 'ਚ ਉਨ੍ਹਾਂ ਦੋਹਾਂ ਨੂੰ 3200 ਡਾਲਰ ਪੈਨਸ਼ਨ ਲੱਗੀ ਹੋਈ ਹੈ। ਨੂੰਹ ਦੇ ਭੈੜੇ ਵਤੀਰੇ ਨੇ ਉਨ੍ਹਾਂ ਦਾ ਜਿਊਣਾ ਔਖਾ ਕਰ ਦਿੱਤਾ। ਉਹ ਆਪਣੇ ਦੇਸ਼ ਮੁੜਨ ਜੋਗੇ ਵੀ ਨਹੀਂ ਰਹੇ। ਪੁੱਤਰ ਨੂੰ ਪਰਿਵਾਰ ਦੀ ਸ਼ਾਂਤੀ ਲਈ ਉਨ੍ਹਾਂ ਨੂੰ ਆਪਣੇ ਘਰ ਦੀ ਬੇਸਮੈਂਟ ਵਿੱਚ ਰੱਖਣਾ ਪਿਆ।

ਵਿਦੇਸ਼ੀ ਜੀਵਨ ਦੇ ਪ੍ਰਭਾਵ ਵਿੱਚ ਬਿਨਾਂ ਵਿਆਹ ਤੋਂ ਪਤੀ-ਪਤਨੀ ਵਾਂਗ ਜ਼ਿੰਦਗੀ ਗੁਜ਼ਾਰਨਾ, ਪਤੀ-ਪਤਨੀ ਹੁੰਦਿਆਂ ਹੋਇਆਂ ਵੀ ਨੈਤਿਕਤਾ ਦੀਆਂ ਸੀਮਾਵਾਂ ਤੋੜ ਦੇਣੀਆਂ, ਪਤੀ-ਪਤਨੀ ਵਿੱਚ ਛੋਟੀਆਂ ਛੋਟੀਆਂ ਗੱਲਾਂ ਨੂੰ ਲੈ ਕੇ ਲੜਾਈ ਝਗੜਾ ਹੋਣਾ ਅਤੇ ਦੋਹਾਂ ਧਿਰਾਂ ਦਾ ਇੱਕ-ਦੂਜੇ ਨੂੰ ਤਲਾਕ ਦੇਣ ਦੀ ਨੌਬਤ ਪੈਦਾ ਹੋਣਾ ਵਿਦੇਸ਼ਾਂ 'ਚ ਵਸਦੇ ਅਨੇਕਾਂ ਮੁੰਡੇ-ਕੁੜੀਆਂ ਨਾਲ ਇਹ ਸਾਰਾ ਕੁਝ ਵਾਪਰ ਰਿਹਾ ਹੈ। ਵਿਦੇਸ਼ਾਂ ਵਿੱਚ ਵਸਦੇ ਮੁੰਡੇ-ਕੁੜੀਆਂ ਨਾਲ ਰਿਸ਼ਤੇ ਦੀ ਗੱਲ ਤੁਰਦਿਆਂ ਉਨ੍ਹਾਂ ਦੀ ਜ਼ਿੰਦਗੀ ਬਾਰੇ ਸੌ ਤਰ੍ਹਾਂ ਦੇ ਸਵਾਲ ਉੱਠਣਾ ਵਿਦੇਸ਼ੀ ਜ਼ਿੰਦਗੀ ਦਾ ਇੱਕ ਵਰਤਾਰਾ ਬਣ ਚੁੱਕਾ ਹੈ। ਜਿਹੜੇ ਲੋਕ ਪੱਕੇ ਤੌਰ 'ਤੇ ਵਿਦੇਸ਼ਾਂ 'ਚ ਜਾ ਵਸਦੇ ਹਨ, ਉਨ੍ਹਾਂ ਦੇ ਪਰਿਵਾਰ ਦੇ ਦੂਜੇ ਮੈਂਬਰਾਂ ਦੀ ਉਨ੍ਹਾਂ ਬਾਰੇ ਇਹ ਧਾਰਨਾ ਹੁੰਦੀ ਹੈ ਕਿ ਘਰਵਾਲਿਆਂ ਨੇ ਉਨ੍ਹਾਂ ਨੂੰ ਵਿਦੇਸ਼ ਭੇਜਣ ਲਈ ਬਹੁਤ ਪੈਸਾ ਲਗਾ ਦਿੱਤਾ ਹੈ ਤੇ ਉਨ੍ਹਾਂ ਨੂੰ ਵਿਦੇਸ਼ 'ਚ ਬਹੁਤ ਕਮਾਈ ਹੈ, ਹੁਣ ਉਨ੍ਹਾਂ ਦਾ ਘਰ ਵਿੱਚ ਕੋਈ ਹਿੱਸਾ ਨਹੀਂ ਬਣਦਾ। ਪਰ ਵਿਦੇਸ਼ ਵਿੱਚ ਵਸਦੇ ਪਰਵਾਸੀਆਂ ਦੀ ਇਹ ਸੋਚ ਹੁੰਦੀ ਹੈ ਕਿ ਉਹ ਸਮੇਂ ਸਮੇਂ 'ਤੇ ਘਰ ਪੈਸੇ ਭੇਜਦੇ ਰਹੇ ਹਨ, ਉਨ੍ਹਾਂ ਦਾ ਮਾਪਿਆਂ ਦੀ ਜਾਇਦਾਦ ਵਿੱਚ ਹਿੱਸਾ ਕਿਉਂ ਨਹੀਂ ਬਣਦਾ ? ਉਹ ਕਿਸੇ ਰਿਸ਼ਤੇਦਾਰ ਦੇ ਦੁੱਖ ਸੁੱਖ 'ਚ ਆਉਣ ਜਾਂ ਨਾ ਆਉਣ ਪਰ ਜਾਇਦਾਦ 'ਚੋਂ ਆਪਣਾ ਹਿੱਸਾ ਬਚਾਉਣ ਲਈ ਜ਼ਰੂਰ ਆਉਂਦੇ ਹਨ।

ਵਿਦੇਸ਼ਾਂ 'ਚ ਵਸਦੇ ਲੋਕਾਂ ਦੀ ਜ਼ਿੰਦਗੀ ਦੀ ਆਰਥਿਕ ਅਤੇ ਦੂਰ ਦੇਸ਼ਾਂ ਤੋਂ ਸਮੇਂ ਸਿਰ ਨਾ ਪਹੁੰਚ ਸਕਣ ਦੀ ਮਜਬੂਰੀ ਉਨ੍ਹਾਂ ਨੂੰ ਆਪਣਿਆਂ ਦੇ ਦੁੱਖਾਂ ਸੁੱਖਾਂ ਵਿੱਚ ਸ਼ਰੀਕ ਹੋਣ ਤੋਂ ਵਾਂਝੇ ਰੱਖਦੀ ਹੈ। ਖ਼ਾਸ ਰਿਸ਼ਤੇਦਾਰਾਂ ਨਾਲ ਦੁਖ-ਸੁਖ ਫੋਨ 'ਤੇ ਹੀ ਸਾਂਝਾ ਕਰਨਾ ਪੈਂਦਾ ਹੈ ਤੇ ਜਿਨ੍ਹਾਂ ਨਾਲ ਖ਼ੂਨ ਦੀ ਸਾਂਝ ਹੁੰਦੀ ਹੈ, ਉਨ੍ਹਾਂ ਦੇ ਦਾਹ ਸਸਕਾਰ ਤੋਂ ਬਾਅਦ ਹੀ ਪਹੁੰਚ ਹੁੰਦਾ ਹੈ। ਕਈ ਵਾਰ ਉਹ ਵੀ ਸੰਭਵ ਨਹੀਂ ਹੁੰਦਾ। ਇਨ੍ਹਾਂ ਡਾਲਰਾਂ ਤੇ ਵਿਦੇਸ਼ੀ ਜ਼ਿੰਦਗੀ ਦੀ ਚਕਾਚੌਂਧ ਵਿੱਚ ਇਨਸਾਨੀ ਰਿਸ਼ਤਿਆਂ ਦੀ ਅਹਿਮੀਅਤ ਨੂੰ ਨਜ਼ਰਅੰਦਾਜ਼ ਕਰਨਾ ਮਨੁੱਖੀ ਭਾਵਨਾਵਾਂ ਨਾਲ ਬੇਵਫਾਈ ਹੈ। ਜੇਕਰ ਇਹ ਰਿਸ਼ਤੇ ਹੀ ਨਹੀਂ ਬਚਣਗੇ ਤਾਂ ਇਸ ਸ਼ਾਨੋ ਸ਼ੌਕਤ ਵਾਲੀ ਜ਼ਿੰਦਗੀ ਦਾ ਵੀ ਕੀ ਲਾਭ ਹੋਵੇਗਾ।

# ਸਿੱਖਿਆ ਖੇਤਰ 'ਚ ਵਿਦੇਸ਼ੀ ਨਿਵੇਸ਼ ਦੇ ਮਾਅਨੇ

ਲੇਖਕ : ਡਾ. ਕੁਲਵੰਤ ਸਿੰਘ ਫੂਲ
ਮੋਬਾਈਲ : 94637-63331

ਭਾਰਤ ਸਰਕਾਰ ਨੇ 9 ਅਗਸਤ 2018 ਨੂੰ ਪ੍ਰਚਲਿਤ ਵਿਭਾਗੀ ਕਾਨੂੰਨਾਂ ਅਤੇ ਨਿਯਮਾਂ ਤਹਿਤ ਆਟੋਮੈਟਿਕ ਪ੍ਰਵਾਨਗੀ ਰੂਟ ਅਧੀਨ ਸਿੱਖਿਆ ਖੇਤਰ ਵਿਚ 100 ਫ਼ੀਸਦੀ ਵਿਦੇਸ਼ੀ ਸਿੱਧੇ ਨਿਵੇਸ਼ (ਐੱਫਡੀਆਈ) ਦੀ ਇਜਾਜ਼ਤ ਦਿੱਤੀ ਸੀ। ਕੇਂਦਰ ਸਰਕਾਰ ਦੇ ਉਦਯੋਗ ਤੇ ਅੰਦਰੂਨੀ ਵਪਾਰ ਪ੍ਰੋਤਸਾਹਨ ਵਿਭਾਗ ਦੁਆਰਾ ਜਾਰੀ ਅੰਕੜਿਆਂ ਅਨੁਸਾਰ 1 ਅਪ੍ਰੈਲ 2000 ਤੋਂ 31 ਮਾਰਚ 2023 ਤੱਕ ਦੇਸ਼ ਦੇ ਸਿੱਖਿਆ ਖੇਤਰ 'ਚ ਕੁੱਲ 9.2 ਬਿਲੀਅਨ ਅਮਰੀਕੀ ਡਾਲਰ ਦਾ ਵਿਦੇਸ਼ੀ ਨਿਵੇਸ਼ ਆ ਚੁੱਕਾ ਹੈ। ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂਜੀਸੀ) ਨੇ 8 ਨਵੰਬਰ 2023 ਨੂੰ ਵਿਦੇਸ਼ੀ ਯੂਨੀਵਰਸਿਟੀਆਂ ਲਈ ਦੇਸ਼ 'ਚ ਆਪਣੇ ਕੈਂਪਸ ਖੋਲ੍ਹਣ ਅਤੇ ਚਲਾਉਣ ਵਾਸਤੇ ਨਿਯਮ ਅਧਿਸੂਚਿਤ ਕੀਤੇ ਸਨ।

ਨਿਯਮਾਂ ਅਨੁਸਾਰ ਭਾਰਤ 'ਚ ਕੈਂਪਸ ਸਥਾਪਤ ਕਰਨ ਦਾ ਇਰਾਦਾ ਰੱਖਣ ਵਾਲੇ ਕਿਸੇ ਵੀ ਵਿਦੇਸ਼ੀ ਉੱਚ ਵਿੱਦਿਅਕ ਸੰਸਥਾਨ ਨੂੰ ਗਲੋਬਲ ਰੈਂਕਿੰਗ ਦੀ ਸਮੁੱਚੀ ਸ਼੍ਰੇਣੀ 'ਚ ਚੋਟੀ ਦੀਆਂ 500 ਸੰਸਥਾਵਾਂ 'ਚੋਂ ਇਕ ਸਥਾਨ ਜਾਂ ਗਲੋਬਲ ਰੈਂਕਿੰਗ ਦੀ ਵਿਸ਼ਾ-ਵਾਰ ਸ਼੍ਰੇਣੀ 'ਚ ਚੋਟੀ ਦੀਆਂ 500 ਸੰਸਥਾਵਾਂ 'ਚ ਸਥਾਨ ਪ੍ਰਾਪਤ ਹੋਣਾ ਚਾਹੀਦਾ ਹੈ ਤੇ ਕਿਸੇ ਖ਼ਾਸ ਖੇਤਰ 'ਚ ਬੇਮਿਸਾਲ ਮੁਹਾਰਤ ਹੋਣੀ ਚਾਹੀਦੀ ਹੈ। ਇਸ ਬਾਰੇ ਕਮਿਸ਼ਨ ਦੁਆਰਾ ਸਮੇਂ-ਸਮੇਂ 'ਤੇ ਜਾਰੀ ਕੀਤੇ ਗਏ ਫ਼ੈਸਲਿਆਂ ਦੀ ਪਾਲਣਾ ਵੀ ਕਰਨੀ ਹੋਵੇਗੀ। ਜੇ ਕੋਈ ਵਿਦੇਸ਼ੀ ਉੱਚ ਵਿੱਦਿਅਕ ਸੰਸਥਾਨ ਵਿਦੇਸ਼ੀ ਯੋਗਦਾਨ ਪ੍ਰਾਪਤ ਕਰਨਾ ਚਾਹੁੰਦਾ ਹੈ ਤਾਂ ਉਸ ਨੂੰ ਵਿਦੇਸ਼ੀ ਯੋਗਦਾਨ (ਨਿਯਮ) ਐਕਟ, 2010 ਤਹਿਤ ਪੂਰਵ-ਪ੍ਰਵਾਨਗੀ ਲੈਣੀ ਹੋਵੇਗੀ ਤੇ ਐੱਫਸੀਆਰਏ ਦੇ ਕਾਨੂੰਨੀ ਨਿਯਮਾਂ ਦੀ ਪਾਲਣਾ ਹੋਵੇਗੀ। ਕਿਸੇ ਵਿਦੇਸ਼ੀ ਉੱਚ ਵਿੱਦਿਅਕ ਸੰਸਥਾਨ ਦੁਆਰਾ ਦੇਸ਼ 'ਚ ਸੰਸਥਾਨ ਖੋਲ੍ਹਣ ਲਈ ਦਿੱਤੀ ਗਈ ਅਰਜ਼ੀ 'ਤੇ ਯੂਜੀਸੀ ਵੱਲੋਂ ਨਿਯੁਕਤ ਇਕ ਸਥਾਈ ਕਮੇਟੀ ਦੁਆਰਾ ਵਿਚਾਰ ਕੀਤਾ ਜਾਵੇਗਾ। ਇਸ ਤੋਂ ਅਗਲੇ 45 ਦਿਨਾਂ ਦੇ ਅੰਦਰ ਯੂਜੀਸੀ ਮਨਜ਼ੂਰੀ ਪ੍ਰਦਾਨ ਕਰ ਸਕਦਾ ਹੈ ਜਿਸ ਤੋਂ ਬਾਅਦ ਅਜਿਹੀ ਵਿਦੇਸ਼ੀ ਸੰਸਥਾ ਦੋ ਸਾਲਾਂ ਦੇ ਅੰਦਰ-ਅੰਦਰ ਭਾਰਤ ਵਿਚ ਆਪਣਾ ਕੈਂਪਸ ਸਥਾਪਤ ਕਰ ਸਕਦੀ ਹੈ। ਸ਼ੁਰੂਆਤੀ ਮਨਜ਼ੂਰੀ 10 ਸਾਲਾਂ ਲਈ ਹੋਵੇਗੀ ਜਿਸ ਨੂੰ ਮਗਰੋਂ ਹੋਰ ਅੱਗੇ ਵਧਾਇਆ ਜਾ ਸਕਦਾ ਹੈ। ਨਿਯਮਾਂ ਮੁਤਾਬਕ ਯੂਜੀਸੀ ਦੁਆਰਾ ਆਪਣਾ ਕੈਂਪਸ ਸੰਚਾਲਨ ਸ਼ੁਰੂ ਕਰਨ ਦੀ ਆਗਿਆ ਮਿਲਣ ਵਾਲੇ ਨੋਟੀਫਿਕੇਸ਼ਨ ਜਾਰੀ ਹੋਣ ਉਪਰੰਤ ਅਜਿਹੀ ਸੰਸਥਾ ਵਿਦਿਆਰਥੀਆਂ ਨੂੰ ਦਾਖ਼ਲਾ ਦੇ ਸਕਦੀ ਹੈ ਤੇ ਭਾਰਤ 'ਚ ਆਪਣੇ ਕੈਂਪਸ/ਸੰਸਥਾਨ 'ਚ ਫੀਸ ਇਕੱਠੀ ਕਰ ਸਕਦੀ ਹੈ। ਅਜਿਹੀ ਸੰਸਥਾ ਆਪਣੇ ਫੀਸ ਢਾਂਚੇ ਬਾਰੇ ਫ਼ੈਸਲਾ ਕਰਨ ਲਈ ਆਜ਼ਾਦ ਹੋਵੇਗੀ ਤੇ ਉਸ 'ਤੇ ਭਾਰਤੀ ਸੰਸਥਾਵਾਂ 'ਤੇ ਥੋਪੀ ਗਈ ਕੋਈ ਫੀਸ ਸੀਮਾ ਸ਼ਰਤ ਲਾਗੂ ਨਹੀਂ ਹੋਵੇਗੀ ਪਰ ਫੀਸ ਵਾਜਬ ਤੇ ਪਾਰਦਰਸ਼ੀ ਹੋਣੀ ਚਾਹੀਦੀ ਹੈ। ਅਜਿਹਾ ਵਿਦੇਸ਼ੀ ਉੱਚ ਵਿੱਦਿਅਕ ਸੰਸਥਾਨ ਆਪਣੇ ਭਾਰਤੀ ਕੈਂਪਸ 'ਚ ਪੂਰੀ ਜਾਂ ਅੰਸ਼ਿਕ ਯੋਗਤਾ-ਆਧਾਰਤ ਜਾਂ ਲੋੜ-ਆਧਾਰਤ ਸਕਾਲਰਸ਼ਿਪ ਤੇ ਭਾਰਤੀ ਵਿਦਿਆਰਥੀਆਂ ਨੂੰ ਫੀਸ ਰਿਆਇਤਾਂ ਪ੍ਰਦਾਨ ਕਰ ਸਕਦਾ ਹੈ।

ਇਨ੍ਹਾਂ ਵਿਦੇਸ਼ੀ ਉੱਚ ਵਿੱਦਿਅਕ ਸੰਸਥਾਵਾਂ ਨੂੰ ਆਪਣੇ ਪੇਰੈਂਟ ਕੈਂਪਸਾਂ ਵਿਚ ਫੰਡ ਵਾਪਸ ਭੇਜਣ ਦੀ ਵੀ ਪੂਰੀ ਖੁੱਲ੍ਹ ਹੋਵੇਗੀ। ਪ੍ਰੰਤੂ, ਫੰਡਾਂ ਦੀ ਸਰਹੱਦ-ਪਾਰ ਟ੍ਰਾਂਸਫਰ ਅਤੇ ਵਿਦੇਸ਼ੀ ਮੁਦਰਾ ਖਾਤਿਆਂ ਦੀ ਸਾਂਭ-ਸੰਭਾਲ, ਭੁਗਤਾਨ ਦਾ ਢੰਗ, ਪੈਸੇ ਵਾਪਸ ਭੇਜਣਾ ਅਤੇ ਆਮਦਨੀ ਦੀ ਵਿਕਰੀ, ਜੇਕਰ ਕੋਈ ਹੋਵੇ ਤਾਂ ਵਿਦੇਸ਼ੀ ਮੁਦਰਾ ਪ੍ਰਬੰਧਨ ਐਕਟ (ਫੇਮਾ) 1999 ਦੇ ਨਿਯਮਾਂ ਅਨੁਸਾਰ ਕਰਨੀ ਹੋਵੇਗੀ। ਇਨ੍ਹਾਂ ਵਿਦੇਸ਼ੀ ਉੱਚ ਵਿੱਦਿਅਕ ਸੰਸਥਾਵਾਂ ਦੇ ਭਾਰਤੀ ਕੈਂਪਸ ਨੂੰ ਅੰਡਰ-ਗ੍ਰੈਜੂਏਟ, ਪੋਸਟ-ਗ੍ਰੈਜੂਏਟ, ਡਾਕਟਰਲ ਅਤੇ ਪੋਸਟ-ਡਾਕਟਰਲ ਪੱਧਰਾਂ 'ਤੇ ਸਰਟੀਫਿਕੇਟ, ਡਿਪਲੋਮੇ, ਡਿਗਰੀਆਂ, ਖੋਜ ਤੇ ਹੋਰ ਅਧਿਐਨ ਪ੍ਰੋਗਰਾਮ ਸ਼ੁਰੂ ਕਰਨ ਦੀ ਇਜਾਜ਼ਤ ਹੋਵੇਗੀ। ਇਹ ਸੰਸਥਾਵਾਂ ਆਪਣੇ ਘਰੇਲੂ ਅਧਿਕਾਰ ਖੇਤਰ ਜਾਂ ਭਾਰਤ ਤੋਂ ਬਾਹਰ ਕਿਸੇ ਹੋਰ ਅਧਿਕਾਰ ਖੇਤਰ 'ਚ ਆਪਣੇ ਪ੍ਰੋਗਰਾਮਾਂ ਦੇ ਪ੍ਰਚਾਰ ਸਬੰਧੀ ਗਤੀਵਿਧੀਆਂ ਕਰਨ ਲਈ 'ਵਿਦੇਸ਼ੀ ਯੂਨੀਵਰਸਿਟੀਆਂ ਸਿੱਖਣ ਕੇਂਦਰ, ਅਧਿਐਨ ਕੇਂਦਰ ਜਾਂ ਫ੍ਰੈਂਚਾਇਜ਼ੀ ਨਹੀਂ ਖੋਲ੍ਹ ਸਕਣਗੀਆਂ ਅਤੇ ਨਾ ਹੀ ਆਪਣੇ ਪੇਰੈਂਟ ਕੈਂਪਸ ਦੇ ਪ੍ਰਤੀਨਿਧੀ ਦਫ਼ਤਰਾਂ ਵਜੋਂ ਕੰਮ ਕਰ ਸਕਣਗੀਆਂ। ਉਨ੍ਹਾਂ ਨੂੰ ਆਪਣੇ ਭਾਰਤੀ ਕੈਂਪਸ ਵਿਚ ਕੋਈ ਵੀ ਨਵਾਂ ਪ੍ਰੋਗਰਾਮ ਸ਼ੁਰੂ ਕਰਨ ਤੋਂ ਪਹਿਲਾਂ ਕਮਿਸ਼ਨ ਤੋਂ ਅਗਾਊਂ ਪ੍ਰਵਾਨਗੀ ਲੈਣੀ ਪਵੇਗੀ।

ਇਨ੍ਹਾਂ ਨਿਯਮਾਂ ਤਹਿਤ ਕੋਈ ਵੀ ਪ੍ਰੋਗਰਾਮ ਆਨਲਾਈਨ ਜਾਂ ਓਪਨ ਤੇ ਡਿਸਟੈਂਸ ਲਰਨਿੰਗ ਮੋਡ ਵਿਚ ਪੇਸ਼ ਨਹੀਂ ਕੀਤਾ ਜਾ ਸਕਦਾ ਹੈ। ਦੋ ਜਾਂ ਦੋ ਤੋਂ ਵੱਧ ਵਿਦੇਸ਼ੀ ਯੂਨੀਵਰਸਿਟੀਆਂ ਰਲ ਕੇ ਵੀ ਭਾਰਤ ਵਿਚ ਆਪਣਾ ਸਾਂਝਾ ਕੈਂਪਸ ਸਥਾਪਤ ਕਰ ਸਕਦੀਆਂ ਹਨ ਬਸ਼ਰਤੇ ਕਿ ਹਰੇਕ ਸੰਸਥਾ ਵਿਅਕਤੀਗਤ ਤੌਰ 'ਤੇ ਯੋਗਤਾ ਮਾਪਦੰਡ ਪੂਰਾ ਕਰਦੀ ਹੋਵੇ। ਕੋਈ ਵੀ ਵਿਦੇਸ਼ੀ ਉੱਚ ਵਿੱਦਿਅਕ ਸੰਸਥਾ ਭਾਰਤ 'ਚ ਇਕ ਤੋਂ ਵੱਧ ਵੀ ਆਪਣਾ ਕੈਂਪਸ ਸਥਾਪਤ ਕਰ ਸਕਦੀ ਹੈ ਪ੍ਰੰਤੂ ਹਰੇਕ ਪ੍ਰਸਤਾਵਿਤ ਕੈਂਪਸ ਲਈ ਕਮਿਸ਼ਨ ਨੂੰ ਇਕ ਵੱਖਰੀ ਅਰਜ਼ੀ ਦੇਣੀ ਪਵੇਗੀ। ਇਨ੍ਹਾਂ ਵਿਦੇਸ਼ੀ ਸੰਸਥਾਵਾਂ ਨੂੰ ਇਕ ਵਾਰ ਦੀ ਅਰਜ਼ੀ ਫੀਸ ਤੋਂ ਇਲਾਵਾ ਕਮਿਸ਼ਨ ਨੂੰ ਕੋਈ ਹੋਰ ਸਾਲਾਨਾ ਫੀਸ ਅਦਾ ਕਰਨ ਦੀ ਲੋੜ ਨਹੀਂ ਹੋਵੇਗੀ। ਇਹ ਵਿਦੇਸ਼ੀ ਉੱਚ ਵਿੱਦਿਅਕ ਸੰਸਥਾਵਾਂ ਆਪਣੇ ਬੁਨਿਆਦੀ ਢਾਂਚੇ, ਜ਼ਮੀਨ, ਭੌਤਿਕ ਤੇ ਮਨੁੱਖੀ ਵਸੀਲਿਆਂ ਦੀ ਵਰਤੋਂ ਕਰ ਕੇ ਆਪਣੇ ਕੈਂਪਸ ਖ਼ੁਦ ਸਥਾਪਤ ਕਰਨਗੀਆਂ। ਇਨ੍ਹਾਂ ਸੰਸਥਾਵਾਂ ਦੁਆਰਾ ਭਾਰਤੀ ਕੈਂਪਸ 'ਚ ਵਿਦਿਆਰਥੀਆਂ ਨੂੰ ਪ੍ਰਦਾਨ ਕੀਤੀ ਗਈ ਡਿਗਰੀ ਉਨ੍ਹਾਂ ਦੇ ਮੂਲ ਦੇਸ਼ ਵਿਚ ਸੰਸਥਾ ਦੁਆਰਾ ਪ੍ਰਦਾਨ ਕੀਤੀ ਗਈ ਡਿਗਰੀ ਦੇ ਬਰਾਬਰ ਹੋਣੀ ਚਾਹੀਦੀ ਹੈ। ਇਹ ਸੰਸਥਾਵਾਂ ਕੋਈ ਵੀ ਅਜਿਹਾ ਕੋਰਸ/ਪ੍ਰੋਗਰਾਮ ਪੇਸ਼ ਨਹੀਂ ਕਰ ਸਕਦੀਆਂ ਜੋ ਭਾਰਤ ਦੇ ਰਾਸ਼ਟਰੀ ਹਿੱਤਾਂ ਜਾਂ ਉੱਚ ਸਿੱਖਿਆ ਦੇ ਮਿਆਰਾਂ ਨੂੰ ਖਤਰੇ 'ਚ ਪਾਉਂਦਾ ਹੋਵੇ। ਇਹ ਸੰਸਥਾਵਾਂ ਆਪਣੇ ਭਾਰਤੀ ਅਦਾਰਿਆਂ 'ਚ ਫੈਕਲਟੀ ਤੇ ਸਟਾਫ ਦੀ ਭਰਤੀ ਆਪਣੇ ਨਿਯਮਾਂ ਮੁਤਾਬਕ ਕਰਨ ਲਈ ਖ਼ੁਦਮੁਖਤਾਰ ਹੋਣਗੀਆਂ। ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਮੁਤਾਬਕ ਸਾਲ 2022 'ਚ ਲਗਪਗ 13 ਲੱਖ ਭਾਰਤੀ ਵਿਦਿਆਰਥੀ ਵਿਦੇਸ਼ਾਂ ਵਿਚ ਪੜ੍ਹ ਰਹੇ ਸਨ। ਭਾਰਤੀ ਰਿਜ਼ਰਵ ਬੈਂਕ ਅਨੁਸਾਰ ਵਿੱਤੀ ਸਾਲ 2021-22 ਦੌਰਾਨ ਇਨ੍ਹਾਂ ਵਿਦਿਆਰਥੀਆਂ ਦੇ ਵਿਦੇਸ਼ ਜਾਣ ਕਾਰਨ ਭਾਰਤ ਨੂੰ ਕੋਈ ਪੰਜ ਅਰਬ ਰੁਪਏ ਦੀ ਵਿਦੇਸ਼ੀ ਮੁਦਰਾ ਦਾ ਨੁਕਸਾਨ ਹੋਇਆ ਹੈ। ਇਸ ਲਈ ਇਸ ਸਮੱਸਿਆ ਨੂੰ ਹੱਲ ਕਰਨ ਵਾਸਤੇ ਦੇਸ਼ ਵਿਚ ਵਿਦੇਸ਼ੀ ਉੱਚ ਵਿੱਦਿਅਕ ਸੰਸਥਾਵਾਂ ਨੂੰ ਆਪਣੇ ਕੈਂਪਸ ਖੋਲ੍ਹਣ ਦੀ ਆਗਿਆ ਦਿੱਤੀ ਗਈ ਹੈ। ਨਵੀਂ ਸਿੱਖਿਆ ਨੀਤੀ-2020 ਪਹਿਲਾਂ ਹੀ ਜ਼ਿਕਰ ਕਰ ਚੁੱਕੀ ਹੈ ਕਿ ਸੰਸਾਰ ਦੀਆਂ ਚੋਟੀ ਦੀਆਂ 100 ਯੂਨੀਵਰਸਿਟੀਆਂ ਨੂੰ ਵਿਧਾਨਕ ਢਾਂਚੇ ਰਾਹੀਂ ਭਾਰਤ 'ਚ ਕੰਮ ਕਰਨ ਲਈ ਉਤਸ਼ਾਹਤ ਕੀਤਾ ਜਾਵੇਗਾ। ਇਸ ਲਈ ਇਹ ਨਿਯਮ ਵਿਦੇਸ਼ੀ ਯੂਨੀਵਰਸਿਟੀਆਂ ਨੂੰ ਭਾਰਤ ਵਿਚ ਆਪਣਾ ਕੈਂਪਸ ਸਥਾਪਤ ਕਰਨ ਦੀ ਖੁੱਲ੍ਹ ਦੇ ਕੇ ਨਵੀਂ ਸਿੱਖਿਆ ਨੀਤੀ ਦੇ ਦ੍ਰਿਸ਼ਟੀਕੋਣ ਨੂੰ ਅਮਲੀ ਰੂਪ ਦੇਣਗੇ। ਇਹ ਕਦਮ ਨਾ ਸਿਰਫ਼ ਭਾਰਤੀ ਵਿਦਿਆਰਥੀਆਂ ਦੇ ਵਿਦੇਸ਼ਾਂ ਵਿਚ ਪੜ੍ਹਨ ਲਈ ਪਰਵਾਸ ਕਾਰਨ ਹੋਣ ਵਾਲੇ 'ਬ੍ਰੇਨ-ਡ੍ਰੇਨ' ਅਤੇ ਕੀਮਤੀ ਵਿਦੇਸ਼ੀ ਮੁਦਰਾ ਦਾ ਨੁਕਸਾਨ ਰੋਕੇਗਾ ਸਗੋਂ ਦੇਸ਼ ਨੂੰ ਵਿਦੇਸ਼ੀ ਵਿਦਿਆਰਥੀਆਂ ਦੇ ਪੜ੍ਹਨ ਲਈ ਆਕਰਸ਼ਣ ਦਾ ਕੇਂਦਰ ਵੀ ਬਣਾਵੇਗਾ। ਜ਼ਿਕਰਯੋਗ ਹੈ ਕਿ ਚੀਨੀ ਵਿਦਿਆਰਥੀਆਂ ਤੋਂ ਬਾਅਦ ਅਮਰੀਕਾ, ਕੈਨੇਡਾ, ਬ੍ਰਿਟੇਨ ਅਤੇ ਆਸਟ੍ਰੇਲੀਆ ਵਰਗੇ ਦੇਸ਼ਾਂ 'ਚ ਵਿਦੇਸ਼ੀ ਵਿਦਿਆਰਥੀਆਂ ਦੀ ਸਭ ਤੋਂ ਵੱਡੀ ਸ਼੍ਰੇਣੀ ਭਾਰਤੀ ਹਨ। ਦੂਸਰੇ ਪਾਸੇ ਆਲੋਚਕ ਮੰਨਦੇ ਹਨ ਕਿ ਅਜਿਹੀ ਖੁੱਲ੍ਹ ਪ੍ਰਦਾਨ ਕਰ ਕੇ ਸਮਾਜਿਕ ਨਿਆਂ ਸਬੰਧੀ ਮੁੱਦਿਆਂ ਬਾਰੇ ਪ੍ਰਮੁੱਖ ਚਿੰਤਾ ਤੇ ਸਮਾਜਿਕ ਤਬਦੀਲੀ ਲਈ ਉਪਲਬਧ ਸ਼ਕਤੀਸਾਲੀ ਸਾਧਨ ਨੂੰ ਨਜ਼ਰਅੰਦਾਜ਼ ਕੀਤਾ ਗਿਆ ਹੈ ਕਿਉਂਕਿ ਇਹ ਨਵੇਂ ਨਿਯਮ ਵਿਦੇਸ਼ੀ ਸੰਸਥਾਵਾਂ ਦੇ ਭਾਰਤੀ ਕੈਂਪਸ ਵਿਚ ਵਿਦਿਆਰਥੀਆਂ ਦੇ ਦਾਖ਼ਲਿਆਂ ਵਾਸਤੇ ਜਾਤ, ਵਿੱਤ, ਘੱਟ-ਗਿਣਤੀ, ਹਥਿਆਰਬੰਦ ਬਲਾਂ-ਆਧਾਰਤ, ਦਿਵਯਾਂਗ ਜਾਂ ਲਿੰਗ-ਆਧਾਰਤ ਕੋਈ ਰਾਖਵਾਂਕਰਨ ਪ੍ਰਦਾਨ ਨਹੀਂ ਕਰਦੇ ਹਨ ਜਿਸ ਕਰਕੇ ਆਲੋਚਕ ਭਾਰਤੀ ਉੱਚ ਸਿੱਖਿਆ ਖੇਤਰ 'ਚ ਵਿਦੇਸ਼ੀ ਸੰਸਥਾਵਾਂ ਨੂੰ ਕੰਮ ਕਰਨ ਦੀ ਇਜਾਜ਼ਤ ਦੇਣ ਦਾ ਵਿਰੋਧ ਕਰਦੇ ਹਨ।

# ਅਪਰਾਧੀ ਪਿਛੋਕੜ ਵਾਲਿਆਂ ਨੂੰ ਸੰਸਦ ਦੀ ਦਹਿਲੀਜ਼ ਟੱਪਣ ਤੋਂ ਰੋਕਣ ਦੇ ਯਤਨ ਹੋਣ

ਲੇਖਕ : ਬਲਵਿੰਦਰ ਸਿੰਘ ਭੁੱਲਰ
98882-75913

ਜਮਹੂਰੀਅਤ ਤਾਨਾਸ਼ਾਹੀ ਦੇ ਉਲਟ, ਮਨੁੱਖਤਾ ਦੀ ਭਲਾਈ ਲਈ ਸਥਾਪਤ ਕੀਤਾ ਪ੍ਰਬੰਧ ਹੁੰਦੀ ਹੈ। ਜਮਹੂਰੀਅਤ ਉਹ ਹੁੰਦੀ ਹੈ ਜੋ ਲੋਕਾਂ ਦੀ ਹੋਵੇ, ਲੋਕਾਂ ਦੁਆਰਾ ਬਣਾਈ ਗਈ ਹੋਵੇ ਤੇ ਲੋਕਾਂ ਵਾਸਤੇ ਹੋਵੇ। ਇਸਦੀਆਂ ਬਹੁਤ ਸਾਰੀਆਂ ਜ਼ਿੰਮੇਵਾਰੀਆਂ ਹੁੰਦੀਆਂ ਹਨ, ਸਭ ਤੋਂ ਵੱਡੀ ਜ਼ਿੰਮੇਵਾਰੀ ਲੋਕਾਂ ਨੂੰ ਹੱਕ ਅਤੇ ਨਿਆਂ ਦੇਣਾ, ਲੋਕਾਂ ਦੀ ਸੁਰੱਖਿਆ ਕਰਨਾ ਅਤੇ ਉਹਨਾਂ ਦਾ ਢਿੱਡ ਭਰਨ ਲਈ ਖੁਰਾਕ ਦਾ ਪ੍ਰਬੰਧ ਕਰਨਾ। ਲੋਕਤੰਤਰ ਦਾ ਅਰਥ ਹੈ ਸਲਾਹ ਮਸ਼ਵਰੇ ਨਾਲ ਸਰਕਾਰ ਚਲਾਉਣਾ। ਇਸ ਕਰਕੇ ਰਾਜ ਅਜਿਹੇ ਲੋਕਾਂ ਦਾ ਹੀ ਹੋਣਾ ਚਾਹੀਦਾ ਹੈ ਜੋ ਦੌਲਤ ਅਤੇ ਸ਼ੁਹਰਤ ਦੀ ਬਜਾਏ ਲੋਕ ਸੇਵਾ ਨੂੰ ਤਰਜੀਹ ਦੇ ਕੇ ਕੰਮ ਕਰਨ। ਰਾਜਨੀਤੀ ਅਸਲ ਵਿੱਚ ਪੈਸੇ ਜਾਂ ਤਾਕਤ ਦੀ ਕੋਈ ਖੇਡ ਨਹੀਂ ਹੈ, ਇਹ ਲੋਕਾਂ ਦੇ ਜੀਵਨ ਦੀ ਬਿਹਤਰੀ ਲਈ ਹੁੰਦੀ ਹੈ। ਦੁਨੀਆਂ ਦੇ ਬਹੁਤ ਸਾਰੇ ਦੇਸ਼ਾਂ ਵਿੱਚ ਲੋਕਤੰਤਰ ਸਰਕਾਰਾਂ ਬਣਦੀਆਂ ਹਨ, ਜਿਹਨਾਂ ਵਿੱਚ ਭਾਰਤ ਵੀ ਇੱਕ ਹੈ। ਕੀ ਭਾਰਤ ਦੀ ਸਰਕਾਰ ਲੋਕਤੰਤਰ 'ਤੇ ਪਹਿਰਾ ਦੇ ਕੇ ਰਾਸ਼ਟਰਵਾਦ 'ਤੇ ਖ਼ਰੀ ਉੱਤਰ ਰਹੀ ਹੈ, ਇਹ ਵੱਖਰਾ ਸਵਾਲ ਹੈ। ਅੱਜ ਦੁਨੀਆਂ ਭਰ ਵਿੱਚ ਭਾਰਤ ਦੀ ਜਮਹੂਰੀਅਤ ਦੀ ਮਿਸਾਲ ਦਿੱਤੀ ਜਾਂਦੀ ਹੈ।

ਭਾਰਤ ਸੰਸਾਰ ਦਾ ਇੱਕ ਵੱਡਾ ਜਮਹੂਰੀਅਤ ਦੇਸ਼ ਹੈ। ਸਾਡੇ ਦੇਸ਼ ਦੀ ਸਰਕਾਰ ਚਲਾਉਣ ਵਾਲੀ ਲੋਕ ਸਭਾ ਦੀਆਂ ਪੰਜ ਸਾਲਾਂ ਬਾਅਦ ਚੋਣਾਂ ਹੁੰਦੀਆਂ ਹਨ ਅਤੇ ਲੋਕ ਆਪਣੀ ਮਰਜ਼ੀ ਨਾਲ ਵੋਟ ਪਾ ਕੇ ਮੈਂਬਰ ਚੁਣਨ ਦਾ ਅਧਿਕਾਰ ਰੱਖਦੇ ਹਨ। ਲੋਕਾਂ ਦੁਆਰਾ ਚੁਣੇ ਇਹ ਸੰਸਦ ਮੈਂਬਰ ਸਰਕਾਰ ਬਣਾਉਂਦੇ ਹਨ। ਦੇਸ਼ ਵਿੱਚ 6 ਰਾਸ਼ਟਰੀ ਪੱਧਰ ਰਾਜਨੀਤਕ ਪਾਰਟੀਆਂ ਹਨ, ਜਦੋਂ ਕਿ 54 ਖੇਤਰੀ ਪਾਰਟੀਆਂ ਅਤੇ 2597 ਗੈਰ ਮਾਨਤਾ ਪ੍ਰਾਪਤ ਰਜਿਸਟਰਡ ਪਾਰਟੀਆਂ ਹਨ। ਇਹ ਪਾਰਟੀਆਂ ਆਪਣੇ ਆਪਣੇ ਚੋਣ ਨਿਸ਼ਾਨਾਂ 'ਤੇ ਉਮੀਦਵਾਰ ਮੈਦਾਨ ਵਿੱਚ ਉਤਾਰਦੀਆਂ ਹਨ, ਜਦੋਂ ਕਿ ਇਸ ਤੋਂ ਇਲਾਵਾ ਹਰ ਵਿਅਕਤੀ ਨੂੰ ਚੋਣ ਲੜਨ ਦਾ ਹੱਕ ਹੈ, ਪਰ ਉਸਦੀ ਵੋਟ ਬਣੀ ਹੋਣੀ ਚਾਹੀਦੀ ਹੈ।ਦੇਸ਼ ਦੀ ਸਭ ਤੋਂ ਪੁਰਾਣੀ ਰਾਸ਼ਟਰੀ ਪਾਰਟੀ ਇੰਡੀਅਨ ਨੈਸ਼ਨਲ ਕਾਂਗਰਸ ਹੈ, ਜੋ ਦੇਸ਼ ਦੀ ਆਜ਼ਾਦੀ ਤੋਂ ਵੀ ਕਰੀਬ 62 ਸਾਲ ਪਹਿਲਾਂ 28 ਦਸੰਬਰ 1885 ਵਿੱਚ ਹੀ ਹੋਂਦ ਵਿੱਚ ਆ ਗਈ ਸੀ। ਉਸ ਤੋਂ ਬਾਅਦ ਕਮਿਊਨਿਸਟ ਪਾਰਟੀ ਆਫ ਇੰਡੀਆ (ਮਾਰਕਸੀ) 7 ਨਵੰਬਰ 1964 ਨੂੰ, ਭਾਰਤੀ ਜਨਤਾ ਪਾਰਟੀ 6 ਅਪਰੈਲ 1980, ਬਹੁਜਨ ਸਮਾਜ ਪਾਰਟੀ 14 ਅਪਰੈਲ 1984, ਆਮ ਆਦਮੀ ਪਾਰਟੀ 26 ਨਵੰਬਰ 2012 ਨੂੰ ਅਤੇ ਨੈਸ਼ਨਲ ਪੀਪਲਜ਼ ਪਾਰਟੀ 6 ਜਨਵਰੀ 2013 ਨੂੰ ਹੋਂਦ ਵਿੱਚ ਆਈਆਂ। ਦੇਸ਼ ਦੀਆਂ 54 ਖੇਤਰੀ ਪਾਰਟੀਆਂ ਵਿੱਚ ਪੰਜਾਬ ਦੀ ਪਾਰਟੀ ਸ਼੍ਰੋਮਣੀ ਅਕਾਲੀ ਦਲ, ਗੁਆਂਢੀ ਰਾਜ ਹਰਿਆਣਾ ਦੀਆਂ ਪਾਰਟੀਆਂ ਇੰਡੀਅਨ ਲੋਕ ਦਲ ਤੇ ਜਨਨਾਇਕ ਜਨਤਾ ਪਾਰਟੀ ਆਦਿ ਸ਼ਾਮਲ ਹਨ। ਬੰਗਾਲ ਦੀ ਤ੍ਰਿਮੂਲ ਕਾਂਗਰਸ ਵੀ ਇਹਨਾਂ ਵਿੱਚ ਸ਼ਾਮਲ ਹੈ। ਖੇਤਰੀ ਪਾਰਟੀਆਂ ਆਮ ਤੌਰ 'ਤੇ ਕਿਸੇ ਨਾ ਕਿਸੇ ਰਾਸ਼ਟਰੀ ਪਾਰਟੀ ਨਾਲ ਗਠਜੋੜ ਕਰਕੇ ਚੋਣਾਂ ਲੜਦੀਆਂ ਹਨ। ਉਹ ਕੇਂਦਰ ਵਿੱਚ ਸਰਕਾਰ ਬਣਾਉਣ ਲਈ ਸਹਿਯੋਗ ਦੇ ਕੇ ਸੂਬੇ ਦੀ ਸਰਕਾਰ ਬਣਾਉਣ ਲਈ ਮਦਦ ਹਾਸਲ ਕਰਦੀਆਂ ਹਨ।

ਆਜ਼ਾਦੀ ਤੋਂ ਬਾਅਦ ਦੇਸ਼ ਦੀਆਂ ਪਹਿਲੀਆਂ ਚੋਣਾਂ ਸਮੇਂ ਸਾਲ 1951 ਵਿੱਚ ਦੇਸ਼ ਦੀ ਸਰਕਾਰ ਚੁਣਨ ਲਈ ਬਣੇ ਵੋਟਰਾਂ ਦੀ ਗਿਣਤੀ 17.32 ਕਰੋੜ ਸੀ ਜੋ ਜਨਵਰੀ 2023 ਤਕ ਵਧ ਕੇ 94.50 ਕਰੋੜ ਹੋ ਗਈ ਸੀ। ਇਸ ਉਪਰੰਤ ਕੁਝ ਹੋਰ ਨਵੀਆਂ ਵੋਟਾਂ ਬਣਾਈਆਂ ਗਈਆਂ ਹਨ। ਸਰਕਾਰ ਚੁਣਨ ਲਈ ਵੋਟ ਦਾ ਅਧਿਕਾਰ ਤਾਂ ਦਿੱਤਾ ਗਿਆ ਹੈ, ਪ੍ਰੰਤੂ ਬਹੁਤ ਸਾਰੇ ਵੋਟਰ ਇਸਦੀ ਵਰਤੋਂ ਕਰਨ ਦੀ ਜ਼ਹਿਮੀਅਤ ਨਹੀਂ ਉਠਾਉਂਦੇ। ਸਾਲ 2019 ਦੀਆਂ ਲੋਕ ਸਭਾ ਚੋਣਾਂ ਸਮੇਂ ਕੁੱਲ 9120 ਕਰੋੜ ਵੋਟਾਂ ਸਨ, ਜਿਹਨਾਂ ਵਿੱਚੋਂ 6740 ਕਰੋੜ ਵੋਟਰਾਂ ਨੇ ਆਪਣੇ ਵੋਟ ਦੀ ਵਰਤੋਂ ਕੀਤੀ। ਇਸ ਤਰ੍ਹਾਂ ਕਰੀਬ 30 ਕਰੋੜ ਲੋਕਾਂ ਨੇ ਕੇਂਦਰੀ ਸਰਕਾਰ ਬਣਾਉਣ ਵਿੱਚ ਆਪਣਾ ਯੋਗਦਾਨ ਹੀ ਨਾ ਪਾਇਆ। ਜੇਕਰ ਸਾਡੇ ਰਾਜ ਪੰਜਾਬ ਦੀ ਗੱਲ ਕਰੀਏ ਤਾਂ ਜਨਵਰੀ 2024 ਤਕ ਕੁੱਲ ਵੋਟਰਾਂ ਦੀ ਗਿਣਤੀ 2 ਕਰੋੜ 12 ਲੱਖ 31 ਹਜ਼ਾਰ 916 ਹੋ ਗਈ। ਇਸ ਵਿੱਚ ਮਰਦ ਵੋਟਰ 1 ਕਰੋੜ 11 ਲੱਖ 75 ਹਜ਼ਾਰ 220, ਔਰਤ ਵੋਟਰ 1 ਕਰੋੜ 55 ਹਜ਼ਾਰ 946 ਅਤੇ ਥਰਡ ਜੈਂਡਰ ਦੇ ਨਾਂ ਨਾਲ ਜਾਣੇ ਜਾਂਦੇ ਤੀਜੀ ਕਿਸਮ ਦੇ ਵੋਟਰਾਂ ਦੀ ਗਿਣਤੀ 750 ਹੈ। ਪੰਜਾਬ ਦੇ ਲੋਕ ਸਭਾ ਲਈ 13 ਹਲਕੇ ਹਨ। ਦੇਸ਼ ਦੀ ਪਾਰਲੀਮੈਂਟ ਦੀਆਂ ਚੋਣਾਂ ਦਾ ਐਲਾਨ ਹੋ ਚੁੱਕਾ ਹੈ। ਪੰਜਾਬ ਵਿੱਚ ਮੁੱਖ ਮੁਕਾਬਲਾ ਭਾਜਪਾ ਅਕਾਲੀ ਦਲ ਗਠਜੋੜ, ਕਾਂਗਰਸ ਤੇ ਆਮ ਆਦਮੀ ਪਾਰਟੀ ਦਰਮਿਆਨ ਹੋਵੇਗਾ। ਕਾਂਗਰਸ ਅਤੇ ਆਮ ਆਦਮੀ ਪਾਰਟੀ ਦੋਵੇਂ ਹੀ ਦੇਸ਼ ਪੱਧਰ 'ਤੇ ਭਾਜਪਾ ਦੀਆਂ ਵਿਰੋਧੀ ਪਾਰਟੀਆਂ ਦੇ ਗਠਜੋੜ 'ਇੰਡੀਆ' ਵਿੱਚ ਸ਼ਾਮਲ ਹਨ, ਪ੍ਰੰਤੂ ਪੰਜਾਬ ਵਿੱਚ ਇਹ ਵੱਖ ਵੱਖ ਤੌਰ 'ਤੇ ਚੋਣ ਮੈਦਾਨ ਵਿੱਚ ਹਨ।

ਇਹਨਾਂ ਪਾਰਟੀਆਂ ਵੱਲੋਂ ਕੁਝ ਉਮੀਦਵਾਰਾਂ ਦਾ ਐਲਾਨ ਹੋ ਚੁੱਕਾ ਹੈ, ਬਾਕੀ ਰਹਿੰਦਿਆਂ ਦਾ ਐਲਾਨ ਜਲਦੀ ਹੋ ਜਾਵੇਗਾ। ਇਸ ਵਾਰ ਪੰਜਾਬ ਦੇ ਲੋਕ ਪਾਰਟੀ ਨਾਲੋਂ ਉਮੀਦਵਾਰ ਦੀ ਵਿਅਕਤੀਗਤ ਦਿੱਖ ਵੱਲ ਵੀ ਰੁਚਿਤ ਹੋ ਕੇ ਵੋਟ ਦਾ ਇਸਤੇਮਾਲ ਕਰਨਗੇ। ਲੋਕਾਂ ਦਾ ਵਿਚਾਰ ਹੈ ਦੇਸ਼ ਦੀ ਸੰਸਦ ਵਿੱਚ ਸਾਫ਼ ਸੁਥਰੇ ਅਕਸ ਵਾਲੇ ਚੰਗੇ ਇਨਸਾਨ ਪਹੁੰਚਣੇ ਚਾਹੀਦੇ ਹਨ। ਪਹਿਲੀਆਂ ਲੋਕ ਸਭਾ ਚੋਣਾਂ ਸਮੇਂ ਅਪਰਾਧਿਕ ਮਾਮਲਿਆਂ ਵਿੱਚ ਸ਼ਾਮਲ ਲੋਕ ਵੀ ਚੋਣਾਂ ਜਿੱਤ ਕੇ ਸੰਸਦ ਵਿੱਚ ਪਹੁੰਚਦੇ ਰਹੇ ਹਨ ਅਤੇ ਉਹਨਾਂ ਦੀ ਗਿਣਤੀ ਲਗਾਤਾਰ ਵਧਦੀ ਰਹੀ ਹੈ। ਸਾਲ 2004 ਵਿੱਚ ਅਜਿਹੇ ਲੋਕਾਂ ਦੀ ਲੋਕ ਸਭਾ ਵਿੱਚ ਗਿਣਤੀ 125 ਸੀ, 2009 ਵਿੱਚ ਵਧ ਕੇ 153, 2014 ਵਿੱਚ 185 ਅਤੇ 2019 ਵਿੱਚ 233 ਹੋ ਗਈ। ਇਹਨਾਂ ਵਿੱਚ ਕੁਝ ਅਤੀ ਗੰਭੀਰ ਅਪਰਾਧਿਕ ਮਾਮਲਿਆਂ ਵਿੱਚ ਸ਼ਾਮਲ ਵੀ ਸਨ। ਸਾਲ 2019 ਦੀਆਂ ਲੋਕ ਸਭਾ ਚੋਣਾਂ ਲਈ ਪੰਜਾਬ ਦੇ 13 ਹਲਕਿਆਂ ਲਈ 278 ਉਮੀਦਵਾਰ ਮੈਦਾਨ ਵਿੱਚ ਨਿੱਤਰੇ ਸਨ। ਇਹਨਾਂ ਵਿੱਚ 68 ਉਮੀਦਵਾਰ ਅਪਰਾਧਿਕ ਮਾਮਲਿਆਂ ਵਿੱਚ ਸ਼ਾਮਲ ਸਨ, ਜਿਹਨਾਂ ਵਿੱਚੋਂ 39 ਉੱਤੇ ਆਮ ਮਾਮਲੇ ਅਤੇ 29 ਵਿਰੁੱਧ ਅਤੀ ਗੰਭੀਰ ਅਪਰਾਧਿਕ ਮਾਮਲੇ ਦਰਜ਼ ਸਨ।

ਚੋਣਾਂ ਦਾ ਐਲਾਨ ਹੋ ਚੁੱਕਾ ਹੈ। ਸਾਰੀਆਂ ਪਾਰਟੀਆਂ ਨੇ ਆਪਣੇ ਉਮੀਦਵਾਰਾਂ ਨੂੰ ਮੈਦਾਨ ਵਿੱਚ ਲਿਆਉਣ ਲਈ ਕਮਰਕੱਸੇ ਕਰ ਲਏ ਹਨ। ਲੋਕ ਦੇਸ਼ ਵਿੱਚ ਚੰਗੀ ਸਰਕਾਰ ਬਣਨ ਦੇ ਸੁਪਨੇ ਵੇਖ ਰਹੇ ਹਨ, ਪਿਛਲੀਆਂ ਸਰਕਾਰਾਂ ਦੀ ਕਾਰਗੁਜ਼ਾਰੀ ਬਾਰੇ ਚਰਚਾ ਕਰ ਰਹੇ ਹਨ। ਮੌਜੂਦਾ ਕੇਂਦਰ ਸਰਕਾਰ ਦੀਆਂ ਲੋਕ ਵਿਰੋਧੀ ਗਤੀਵਿਧੀਆਂ ਸਦਕਾ ਦੇਸ਼ ਦੀ ਰੀੜ੍ਹ ਦੀ ਹੱਡੀ ਕਿਸਾਨੀ ਨੂੰ ਬਹੁਤ ਵੱਡਾ ਸੰਘਰਸ਼ ਲੜਨਾ ਪਿਆ ਸੀ, ਜਿਸਦੇ ਹੱਕ ਵਿੱਚ ਦੁਨੀਆਂ ਭਰ ਵਿੱਚੋਂ ਆਵਾਜ਼ ਬੁਲੰਦ ਹੋਈ ਸੀ। ਮਹਿੰਗਾਈ ਸਭ ਹੱਦਾਂ ਬੰਨੇ ਟੱਪ ਚੁੱਕੀ ਹੈ। ਫਿਰਕਾਪ੍ਰਸਤੀ ਸਿਖ਼ਰਾਂ 'ਤੇ ਪਹੁੰਚ ਗਈ ਹੈ। ਘੱਟ ਗਿਣਤੀਆਂ ਉੱਤੇ ਲਗਾਤਾਰ ਹਮਲੇ ਹੋ ਰਹੇ ਹਨ। ਔਰਤਾਂ ਉੱਤੇ ਕੀਤੇ ਅੱਤਿਆਚਾਰਾਂ ਕਾਰਨ ਸਿਰ ਨੀਵਾਂ ਹੋ ਜਾਂਦਾ ਹੈ। ਪਰ ਅਜਿਹਾ ਕਿਉਂ ਹੁੰਦਾ ਰਿਹਾ, ਇਹ ਵੱਡਾ ਸਵਾਲ ਹੈ, ਜਿਸਦਾ ਇੱਕ ਸੌਖਾ ਜਿਹਾ ਉੱਤਰ ਤਾਂ ਇਹੋ ਹੈ ਕਿ ਜਦੋਂ ਸੰਸਦ ਵਿੱਚ ਅਪਰਾਧੀ ਕਿਸਮ ਦੇ ਲੋਕ ਬੈਠੇ ਹੋਣ ਤਾਂ ਉਹਨਾਂ ਤੋਂ ਇਹੋ ਹੀ ਉਮੀਦ ਰੱਖੀ ਜਾ ਸਕਦੀ ਹੈ। ਅਜਿਹੇ ਹਾਲਾਤ ਤੋਂ ਸਰਕਾਰ ਦੀਆਂ ਅੱਖਾਂ ਅਤੇ ਕੰਨ ਖੋਲ੍ਹਣ ਲਈ ਸੰਸਦ ਦੇ ਅੰਦਰ ਧੂੰਏਂ ਵਾਲੇ ਧਮਾਕੇ ਕਰਨੇ ਪਏ। ਹੁਣ ਰਾਜਸੀ ਪਾਰਟੀਆਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਜੇਕਰ ਲੋਕਾਂ ਨੂੰ ਇਨਸਾਫ਼ ਅਤੇ ਹੱਕ ਦੇਣ ਲਈ ਉਹ ਸੁਹਿਰਦ ਹਨ ਅਤੇ ਚੰਗੀ ਸਰਕਾਰ ਸਥਾਪਤ ਕਰਨਾ ਚਾਹੁੰਦੀਆਂ ਹਨ ਤਾਂ ਸਾਫ਼ ਸੁਥਰੇ ਅਕਸ ਵਾਲੇ ਉਮੀਦਵਾਰ ਹੀ ਮੈਦਾਨ ਵਿੱਚ ਲਿਆਉਣ, ਤਾਂ ਜੋ ਦੇਸ਼ ਵਿੱਚ ਲੋਕਤੰਤਰ ਨੂੰ ਸਹੀ ਢੰਗ ਨਾਲ ਲਾਗੂ ਕੀਤਾ ਜਾ ਸਕੇ, ਦੇਸ਼ ਵਾਸੀ ਆਜ਼ਾਦੀ ਨਾਲ ਸੁਖੀ ਜੀਵਨ ਬਸਰ ਕਰ ਸਕਣ। ਭਾਰਤੀ ਚੋਣ ਕਮਿਸਨ ਨੂੰ ਵੀ ਚਾਹੀਦਾ ਹੈ ਕਿ ਅਪਰਾਧੀ ਪਿਛੋਕੜ ਵਾਲਿਆਂ ਨੂੰ ਸੰਸਦ ਦੀ ਦਹਿਲੀਜ਼ ਟੱਪਣ ਤੋਂ ਰੋਕਣ ਦਾ ਯਤਨ ਕਰੇ।

# ਅਖੌਤੀ ਬਾਬਿਆਂ ਦਾ ਮਕੜਜਾਲ ਅਤੇ ਜਨਤਾ !

ਲੇਖਕ : ਜੰਗੀਰ ਸਿੰਘ ਦਿਲਬਰ
ਸੰਪਰਕ : 98770-33838

ਅਖੌਤੀ ਅਤੇ ਢੌਂਗੀ ਬਾਬਿਆਂ ਦਾ ਧਰਤੀ 'ਤੇ ਬੋਲਬਾਲਾ ਅੱਜ ਤੋਂ ਨਹੀਂ, ਇਹ ਸਦੀਆਂ ਤੋਂ ਹੀ ਚੱਲਦਾ ਆ ਰਿਹਾ ਹੈ। ਇਹ ਜ਼ਰੂਰ ਹੈ ਕਿ ਇਸਦੇ ਤੌਰ ਤਰੀਕੇ ਸਮੇਂ ਅਤੇ ਸਥਾਨ ਅਨੁਸਾਰ ਬਦਲਦੇ ਰਹੇ ਹਨ। ਜਿਉਂ ਜਿਉਂ ਸਮਾਂ ਬਦਲਦਾ ਗਿਆ ਤਿਉਂ-ਤਿਉਂ ਢੌਂਗੀ ਬਾਬਿਆਂ ਨੇ ਦੁਨੀਆਂ ਦੇ ਹਰ ਖ਼ੇਤਰ ਅਤੇ ਹਰ ਵਰਗ ਦੇ ਲੋਕਾਂ ਵਿੱਚ ਆਪਣੀ ਸਮਝ ਅਤੇ ਆਪਣੇ ਸਾਧਨਾਂ ਦੁਆਰਾ ਆਪਣੇ ਪੈਰ ਪਸਾਰਨੇ ਸ਼ੁਰੂ ਕਰ ਦਿੱਤੇ ਅਤੇ ਇਹ ਕਾਮਯਾਬ ਵੀ ਹੋ ਗਏ।

ਇਹ ਬਹੁਰੂਪੀਏ ਲੋਕ ਆਪਣਾ ਮਕੜਜਾਲ਼ ਫੈਲਾਉਣ ਲਈ ਸਭ ਤੋਂ ਪਹਿਲਾਂ ਅਜਿਹਾ ਇਲਾਕਾ ਲੱਭਦੇ ਹਨ ਜਿੱਥੋਂ ਦੀ 75% ਜਨਤਾ ਬਿਲਕੁਲ ਅਣਪੜ੍ਹ ਅਤੇ ਬਾਕੀ ਵੀ ਬਹੁਤ ਘੱਟ ਸੂਝ-ਬੂਝ ਦੀ ਮਾਲਕ ਹੋਵੇ। ਲੋਕ ਨਵੀਆਂ ਨਵੀਆਂ ਖੋਜਾਂ ਤੋਂ ਅਣਜਾਣ ਹੋਣ, ਅੰਧ-ਵਿਸ਼ਵਾਸ ਪਾਤਰ ਹੋਣ, ਮੜ੍ਹੀਆਂ-ਮਸਾਣਾਂ ਨੂੰ ਪੂਜਣ ਵਾਲੇ, ਅਤਿ ਦੇ ਗਰੀਬ ਹੋਣ ਅਤੇ ਪਛੜੇ ਖਿਆਲਾਂ ਦੇ ਧਾਰਨੀ ਹੋਣ। ਹਰ ਪੱਖ ਤੋਂ ਪਿਛਲੱਗ ਅਤੇ ਪਿਛਾਂਹ ਖਿੱਚੂ ਹੋਣ। ਇਸ ਤੋਂ ਬਾਅਦ ਉਹ ਉਸ ਇਲਾਕੇ ਵਿੱਚੋਂ ਕਿਸੇ ਨਾ ਕਿਸੇ ਢੰਗ ਨਾਲ ਕੁਝ ਲਾਲਚੀ ਲੋਕਾਂ ਦੀ ਤਲਾਸ਼ ਕਰਕੇ ਉਨ੍ਹਾਂ ਨੂੰ ਮੋਟੀਆਂ ਰਕਮਾਂ ਦੇ ਕੇ ਖ਼ਰੀਦ ਲੈਣ ਦੇ ਨਾਲ ਨਾਲ ਆਪਣੇ ਪੱਕੇ ਸ਼ਰਧਾਲੂ ਬਣਾ ਕੇ ਆਲੇ-ਦੁਆਲੇ ਦੇ ਪਿੰਡਾਂ ਵਿੱਚੋਂ ਅਤਿ ਦੇ ਗਰੀਬ ਲੋਕਾਂ ਦੀ ਪਛਾਣ ਕਰਨ ਲਈ ਡਿਊਟੀਆਂ ਲਾ ਦਿੰਦੇ ਹਨ। ਇੰਝ ਲਾਲਚੀ ਚਮਚੇ ਗਰੀਬ ਤੋਂ ਗਰੀਬ ਅਤੇ ਹਰ ਪਾਸਿਓਂ ਲਾਚਾਰ ਲੋਕਾਂ ਨੂੰ ਕੁਝ ਲਾਲਚ ਦੇ ਕੇ ਇਨ੍ਹਾਂ ਢੌਂਗੀ ਬਾਬਿਆਂ ਦੇ ਬਣਾਏ ਆਰਜ਼ੀ ਆਸ਼ਰਮਾਂ ਵਿੱਚ ਆਉਣ ਦੇ ਪੱਕੇ ਸ਼ਰਧਾਲੂ ਬਣਾ ਦਿੰਦੇ ਹਨ। ਫਿਰ ਇਹ ਸਿਲਸਿਲਾ ਜੰਗਲ ਦੀ ਅੱਗ ਵਾਂਗ ਉਸ ਸਾਰੇ ਇਲਾਕੇ ਨੂੰ ਆਪਣੀ ਲਪੇਟ ਵਿੱਚ ਘੇਰ ਲੈਂਦਾ ਹੈ।

ਹੌਲੀ-ਹੌਲੀ ਇਹ ਪਰਕ੍ਰਿਆ ਸਾਰੇ ਇਲਾਕੇ ਵਿੱਚ ਫੈਲਾਉਣ ਤੋਂ ਬਾਅਦ ਇਹ ਦੰਭੀ ਬਾਬੇ ਆਪਣੇ ਪਾਲਤੂ ਸ਼ਰਧਾਲੂਆਂ ਨੂੰ ਸਾਰੇ ਇਲਾਕੇ ਵਿੱਚੋਂ ਕੁਝ ਅਜਿਹੇ ਅਤਿ ਦੇ ਗਰੀਬ ਅਤੇ ਅਤਿ ਦੇ ਲੋੜਵੰਦ ਲੋਕਾਂ ਦੀ ਪਛਾਣ ਕਰਨ ਲਈ ਹਦਾਇਤਾਂ ਦਿੰਦੇ ਹਨ, ਜਿਨ੍ਹਾਂ ਨੂੰ ਤੁਰੰਤ ਮਦਦ ਦੀ ਲੋੜ ਹੁੰਦੀ ਹੈ। ਜਦੋਂ ਇਹ ਸਾਰੀ ਕਾਰਵਾਈ ਹੋ ਜਾਂਦੀ ਹੈ ਤਾਂ ਬਾਬੇ ਆਪਣੇ (ਸ਼ਰਧਾਲੂਆਂ) ਚੇਲੇ ਚੇਲੀਆਂ ਨੂੰ ਹਦਾਇਤਾਂ ਜਾਰੀ ਕਰਦੇ ਹਨ ਕਿ ਗਰੀਬ ਅਤੇ ਅਤਿ ਲੋੜਵੰਦ ਲੋਕਾਂ ਦੀ ਪਛਾਣ ਕਰਕੇ ਆਪਣੇ ਆਪਣੇ ਇਲਾਕੇ ਵਿੱਚ ਲੋਕਾਂ ਨੂੰ ਕਿਤੇ ਕਿਤੇ ਇੱਕ ਇੱਕ ਦੋ ਦੋ ਕਮਰੇ ਬਣਵਾ ਦਿਓ, ਛੋਟੇ ਛੋਟੇ ਕਾਰੋਬਾਰ ਜਿਵੇਂ ਟਾਫੀਆਂ, ਬਿਸਕੁਟਾਂ, ਪੈਂਚਰ ਲਾਉਣ, ਵੈਲਡਿੰਗ ਕਰਨ ਅਤੇ ਸਬਜ਼ੀ ਬਗੈਰਾ ਦੀਆਂ ਛੋਟੀਆਂ ਛੋਟੀਆਂ ਦੁਕਾਨਾਂ ਖੁੱਲ੍ਹਵਾ ਕੇ ਨਾਲ ਹਦਾਇਤਾਂ ਵੀ ਕਰ ਦਿੰਦੇ ਹਨ ਕਿ ਇਨ੍ਹਾਂ ਦੁਕਾਨਾਂ 'ਤੇ ਵਿਕਣ ਵਾਲਾ ਜਾਂ ਤਿਆਰ ਹੋਣ ਵਾਲਾ ਸਮਾਨ ਬਾਬਿਆਂ ਵੱਲੋਂ ਨਿਰਧਾਰਕ ਕਾਰੋਬਾਰੀ ਖੇਤਰ ਵਿੱਚੋਂ ਹੀ ਆਵੇਗਾ। ਇੰਝ ਹੋਣ ਨਾਲ ਇਨ੍ਹਾਂ ਦੇ ਸਮਾਨ ਦੀ ਕੀਮਤ ਦਸ ਗੁਣਾ ਵੀ ਵਸੂਲ ਕੀਤੀ ਜਾ ਸਕਦੀ ਹੈ ਕਿਉਂਕਿ ਬਾਬਿਆਂ ਦੀ ਪੈਦਾ ਕੀਤੀ ਜਾਂ ਤਿਆਰ ਕੀਤੀ ਚੀਜ਼ ਸਮਝਕੇ ਅੰਨ੍ਹੇ ਭਗਤ ਖ਼ੁਸ਼ੀ ਖ਼ੁਸ਼ੀ ਇਹ ਚੀਜ਼ਾਂ ਖ਼ਰੀਦ ਲੈਣਗੇ। ਇੰਝ ਅਖੌਤੀ ਬਾਬਿਆਂ ਦੀ ਹਰ ਖੇਤਰ ਵਿੱਚ ਬੱਲੇ ਬੱਲੇ ਹੋ ਜਾਵੇਗੀ! ਗੱਲ ਇੱਥੇ ਹੀ ਖਤਮ ਨਹੀਂ ਹੁੰਦੀ, ਇਨ੍ਹਾਂ ਅਖੌਤੀ ਅਤੇ ਪਾਖੰਡੀ ਬਾਬਿਆਂ ਦੇ ਅੰਨ੍ਹੇ ਭਗਤ ਅਤੇ ਭਗਤਣੀਆਂ ਨੂੰ ਬਾਬਿਆਂ ਵੱਲੋਂ ਅਗਲੇ ਆਦੇਸ਼ ਦਿੱਤੇ ਜਾਂਦੇ ਹਨ ਕਿ ਵੱਧ ਤੋਂ ਵੱਧ ਇਲਾਕੇ ਵਿੱਚ ਥਾਂ ਥਾਂ ਵੱਡੇ ਵੱਡੇ ਸਮਾਗਮ ਕਰਕੇ ਲੋਕਾਂ ਅੰਦਰ ਇਹ ਗੱਲ ਫੈਲਾ ਦੇਵੋ ਕਿ ਸਾਡੇ ਬਾਬੇ ਹਰ ਕਿਸਮ ਦੀ ਬਿਮਾਰੀ ਦਾ ਇਲਾਜ ਬਿਲਕੁਲ ਮੁਫ਼ਤ ਕਰਦੇ ਹਨ! ਇਸ ਤੋਂ ਇਲਾਵਾ ਆਪਣੇ ਪਹਿਲੀ ਕਤਾਰ ਵਾਲੇ ਚੇਲੇ ਚੇਲੀਆਂ ਨੂੰ ਗੁਪਤ ਸੁਨੇਹਾ ਵੀ ਦੇ ਦਿੰਦੇ ਹਨ ਕਿ ਵੱਧ ਤੋਂ ਵੱਧ ਗਰੀਬ ਅਤੇ ਵਿਸ਼ਵਾਸ ਪਾਤਰ ਲੋਕ ਤਿਆਰ ਕੀਤੇ ਜਾਣ ਜਿਨ੍ਹਾਂ ਦੀਆਂ ਆਰਜ਼ੀ ਤੌਰ 'ਤੇ ਧੌਣਾਂ, ਲੱਤਾਂ, ਬਾਂਹਾਂ, ਢੂਹੀਆਂ ਜਾਂ ਸਰੀਰ ਦੇ ਕਿਸੇ ਹੋਰ ਅੰਗਾਂ ਵਿੱਚ ਨੁਕਸ ਇੰਝ ਦਿਸਦਾ ਹੋਵੇ ਜਿਵੇਂ ਸਬੰਧਤ ਆਦਮੀ ਸੱਚਮੁੱਚ ਹੀ ਦਿਸਣ ਵਾਲੀ ਬਿਮਾਰੀ ਤੋਂ ਪੀੜਤ ਹੈ। ਪਰ ਬਿਮਾਰੀ ਨਕਲੀ ਹੋਵੇ, ਜੋ ਬਾਬਿਆਂ ਦੇ ਹੱਥ ਲਾਉਣ 'ਤੇ ਹੀ ਠੀਕ ਹੋ ਜਾਵੇ। ਇਸ ਤੋਂ ਇਲਾਵਾ ਲੰਗੜੇ-ਲੂਲੇ, ਨੀਮ ਪਾਗਲ, ਅੱਖਾਂ ਬੰਦ ਹੋਣ ਜਾਂ ਦਿਸਦਾ ਨਾ ਹੋਵੇ ਆਦਿ ਕਿਸਮ ਦੇ ਲੋਕ ਵੀ ਤਿਆਰ ਕਰਨੇ ਹਨ। ਜਦੋਂ ਇਸ ਕਿਸਮ ਦੇ ਲੋਕ ਮਿਲ ਜਾਂਦੇ ਹਨ ਤਾਂ ਬਾਬੇ ਆਪਣੇ ਚਹੇਤੇ ਚਮਚਿਆਂ ਨੂੰ ਆਦੇਸ਼ ਦਿੰਦੇ ਹਨ ਕਿ ਆਪਣੇ ਵੱਖ ਵੱਖ ਇਲਾਕਿਆਂ ਵਿੱਚ ਬਣ ਚੁੱਕੇ ਆਸ਼ਰਮਾਂ ਵਿੱਚ ਵੱਡੇ ਵੱਡੇ ਇਕੱਠ ਕਰਕੇ ਅਜਿਹੇ ਲੋਕਾਂ ਨੂੰ ਇਲਾਜ ਲਈ ਬੁਲਾਇਆ ਜਾਵੇ। ਅਖੌਤੀ ਬਾਬਿਆਂ ਦੇ ਹੁਕਮ ਦੀ ਪਾਲਣਾ ਕਰਦੇ ਹੋਏ ਅੰਨ੍ਹੇ ਭਗਤਾਂ ਅਤੇ ਭਗਤਣੀਆਂ ਵੱਲੋਂ ਅਜਿਹੇ ਨਕਲੀ ਬਿਮਾਰੀਆਂ ਵਾਲੇ ਲੋਕਾਂ ਨੂੰ ਅਤਿ ਦੇ ਗਰੀਬ ਬਣਾਕੇ, ਭਰਵੇਂ ਇਕੱਠਾਂ ਵਿੱਚ ਪੇਸ਼ ਕਰਕੇ, ਜਨਤਾ ਦੀਆਂ ਅੱਖਾਂ ਵਿੱਚ ਘਟਾ ਪਾਉਣ ਲਈ ਪਾਖੰਡੀ ਬਾਬੇ ਆਪਣੀ ਸ਼ੈਤਾਨੀ ਨਜ਼ਰ ਘੁਮਾ ਕੇ ਹਰ ਬਿਮਾਰ ਦੀ ਬਿਮਾਰੀ ਦਾ ਇਲਾਜ ਕਰ ਦਿੰਦੇ ਹਨ। ਇੰਝ ਇਨ੍ਹਾਂ ਢੌਂਗੀ ਬਾਬਿਆਂ ਦੀ ਹਰ ਪਾਸੇ ਜੈ ਜੈ ਕਾਰ ਹੋ ਜਾਣ ਦੇ ਨਾਲ ਨਾਲ ਬਾਬਿਆਂ ਦੇ ਆਸ਼ਰਮਾਂ ਜਾਂ ਡੇਰਿਆਂ ਦੀ ਮਹਿਮਾ ਦੇ ਡੰਕੇ ਚਾਰੇ ਪਾਸੇ ਸੁਣਦੇ ਹਨ। ਜਿਉਂ-ਜਿਉਂ ਡੇਰਿਆਂ, ਆਸ਼ਰਮਾਂ ਜਾਂ ਹੋਰ ਧਾਰਮਿਕ ਥਾਵਾਂ ਦੀ ਗਿਣਤੀ ਵਧਣ ਲਗਦੀ ਹੈ, ਤਿਉਂ ਤਿਉਂ ਇਨ੍ਹਾਂ ਦੇ ਸ਼ਰਧਾਲੂਆਂ ਦੀ ਗਿਣਤੀ ਵੀ ਬਹੁਤ ਤੇਜ਼ੀ ਨਾਲ ਵਧਣੀ ਸ਼ੁਰੂ ਹੋ ਜਾਂਦੀ ਹੈ ਕਿਉਂਕਿ ਹਰ ਆਦਮੀ ਅੰਦਰ ਇਨ੍ਹਾਂ ਪਾਖੰਡੀ ਬਾਬਿਆਂ ਦੇ ਬਹੁਤ ਹੀ ਨੇੜੇ ਹੋਣ ਦੀ ਇੱਕ ਦੌੜ ਜਿਹੀ ਲੱਗ ਜਾਂਦੀ ਹੈ। ਹਰ ਅੰਨ੍ਹਾ ਭਗਤ ਵੱਧ ਤੋਂ ਵੱਧ ਕੋਸ਼ਿਸ਼ ਕਰਦਾ ਹੈ ਕਿ ਉਹ ਬਾਬਿਆਂ ਦੇ ਸਭ ਤੋਂ ਨੇੜੇ ਹੋਵੇ। ਚੇਲਿਆਂ ਦੀ ਇਸ ਦੌੜ ਵਿੱਚੋਂ ਬਾਬਿਆਂ ਦੀ ਪਾਰਖੂ ਅੱਖ ਸਭ ਤੋਂ ਮੂਰਖ ਚੇਲੇ, ਚੇਲੀਆਂ ਨੂੰ ਆਪਣੀ ਕਿਚਨ ਕੈਬਨਿਟ ਦਾ ਮੈਂਬਰ ਬਣਾਕੇ ਉਨ੍ਹਾਂ ਦੀਆਂ ਡਿਊਟੀਆਂ ਲਗਾ ਦਿੰਦੇ ਹਨ ਕਿ ਆਪਣੇ ਆਪਣੇ ਵਸੀਲਿਆਂ ਤੋਂ ਸਹੀ ਆਦਮੀਆਂ ਦੀ ਭਾਲ ਕਰੋ ਜੋ ਗੱਲ ਗੁਪਤ ਰੱਖਦੇ ਹੋਏ ਚੀਜ਼ਾਂ ਦੀ ਸਹੀ ਕੀਮਤ ਤੇ ਆਪਣੀ ਹਰ ਚੀਜ਼ ਜਿਵੇਂ ਕਿ ਜ਼ਮੀਨ, ਕੋਠੀ, ਮਕਾਨ, ਕਾਰ, ਟ੍ਰੈਕਟਰ, ਟਰਾਲੀ ਅਤੇ ਹੋਰ ਕੀਮਤੀ ਚੀਜ਼ਾਂ ਸੋਨਾ ਬਗੈਰਾ ਆਸ਼ਰਮਾਂ ਦੇ ਭਰਵੇਂ ਇਕੱਠਾਂ ਵਿੱਚ ਜਨਤਾ ਦੇ ਸਾਹਮਣੇ ਆਸ਼ਰਮਾਂ, ਡੇਰਿਆਂ ਜਾਂ ਹੋਰ ਧਾਰਮਿਕ ਥਾਵਾਂ ਨੂੰ ਦਾਨ ਦੇ ਰੂਪ ਵਿੱਚ ਭੇਂਟ ਕਰਨ ਦਾ ਐਲਾਨ ਕਰਨ। ਇੰਝ ਹੋਣ ਨਾਲ ਲੋਕਾਂ ਅੰਦਰ ਮੁਫ਼ਤ ਦਾਨ ਦੇਣ ਦੀ ਅੰਨ੍ਹੀ ਦੌੜ ਸ਼ੁਰੂ ਹੋ ਜਾਵੇਗੀ! ਇਸ ਤਰ੍ਹਾਂ ਵੀ ਹੁੰਦਾ ਹੈ ਅਤੇ ਹੋ ਰਿਹਾ ਹੈ। ਬਾਬਿਆਂ ਦੀ ਸਾਰੇ ਪਾਸੇ ਤੂਤੀ ਬੋਲਣ ਲੱਗ ਜਾਂਦੀ ਹੈ।

ਜਦੋਂ ਬਾਬਿਆਂ ਦਾ ਕਾਰੋਬਾਰ ਅਤੇ ਉਨ੍ਹਾਂ ਦੀ ਮਹਿਮਾ ਦੀ ਚਰਚਾ ਚਰਮ ਸੀਮਾ 'ਤੇ ਪੁੱਜ ਜਾਂਦੀ ਹੈ ਤਾਂ ਬਾਬਿਆਂ ਦੇ ਰਹਿਣ ਲਈ ਆਸ਼ਰਮਾਂ, ਡੇਰਿਆਂ ਜਾਂ ਹੋਰ ਧਾਰਮਿਕ ਥਾਵਾਂ ਅੰਦਰ ਸਪੈਸ਼ਲ ਕਿਸਮ ਦੀਆਂ ਮਹਿਲ ਨੁਮਾ ਕੋਠੀਆਂ ਜਾਂ ਗੁਫਾਵਾਂ ਬਣਾਈਆਂ ਜਾਂਦੀਆਂ ਹਨ, ਜਿਨ੍ਹਾਂ ਅੰਦਰ ਐਸ਼ੋ-ਆਰਾਮ ਦੀਆਂ ਹਰਕਤਾਂ ਸ਼ੁਰੂ ਹੋ ਜਾਂਦੀਆਂ ਹਨ। ਹੌਲੀ-ਹੌਲੀ ਜਦੋਂ ਬਾਬਿਆਂ ਦੀ ਚਰਚਾ ਮੀਡੀਏ ਅਤੇ ਉਨ੍ਹਾਂ ਦੇ ਅੰਨ੍ਹੇ ਸੇਵਕਾਂ ਵੱਲੋਂ ਦੇਸ਼ਾਂ ਵਿਦੇਸ਼ਾਂ ਵਿੱਚ ਛੇੜ ਦਿੱਤੀ ਜਾਂਦੀ ਹੈ ਤਾਂ ਵਿਦੇਸ਼ੀ ਸ਼ਰਧਾਲੂਆਂ ਦੇ ਨਾਲ ਨਾਲ ਰਾਜਨੀਤਕ ਪਾਰਟੀਆਂ ਵੀ ਇਨ੍ਹਾਂ ਬਾਬਿਆਂ ਵੱਲ ਤੁਰ ਪੈਂਦੀਆਂ ਹਨ। ਫਿਰ ਇਹ ਡੇਰੇ ਰਾਜਨੀਤੀ ਦੇ ਅੱਡੇ ਬਣਨੇ ਸ਼ੁਰੂ ਹੋ ਜਾਂਦੇ ਹਨ। ਜਦੋਂ ਲੀਡਰ ਲੋਕ ਡੇਰੇ ਦੇ ਆਸ਼ਰਮਾਂ ਜਾਂ ਹੋਰ ਧਾਰਮਿਕ ਥਾਵਾਂ ਦੇ ਚੱਕਰ ਲਗਾਉਂਦੇ ਹਨ ਤਾਂ ਉਸ ਇਲਾਕੇ ਦੀ ਅਫਸਰਸ਼ਾਹੀ ਅਤੇ ਦੂਰੋਂ ਨੇੜਿਉਂ ਵੱਡੇ ਵੱਡੇ ਅਫਸਰ ਵੀ ਅਭਿੱਜ ਨਹੀਂ ਰਹਿੰਦੇ! ਉਹ ਵੀ ਅਖੌਤੀ ਬਾਬਿਆਂ ਦੇ ਚਰਨਾਂ ਵਿੱਚ ਹਾਜ਼ਰੀ ਲਵਾਉਣੀ ਸ਼ੁਰੂ ਕਰ ਦਿੰਦੇ ਹਨ। ਇੰਝ ਪਾਖੰਡੀ ਬਾਬਿਆਂ ਦੀ ਹਰ ਖੇਤਰ ਵਿੱਚ ਤੂਤੀ ਬੋਲਣ ਲੱਗ ਜਾਂਦੀ ਹੈ ਅਤੇ ਉਨ੍ਹਾਂ ਦੇ ਇਸ਼ਾਰਿਆਂ 'ਤੇ ਹਰ ਜਾਇਜ਼ ਅਤੇ ਨਾਜਾਇਜ਼ ਕੰਮ ਹੋਣ ਲੱਗ ਜਾਂਦੇ ਹਨ। ਜਦੋਂ ਇਨ੍ਹਾਂ ਢੌਂਗੀ ਬਾਬਿਆਂ ਦੀ ਹਰ ਖ਼ੇਤਰ ਵਿੱਚ, ਹਰ ਵਰਗ, ਹਰ ਸਰਕਾਰੇ-ਦਰਬਾਰੇ ਅਤੇ ਸਾਰੇ ਅਦਾਰਿਆਂ ਵਿੱਚ ਬੱਲੇ ਬੱਲੇ ਸ਼ੁਰੂ ਹੋ ਜਾਂਦੀ ਹੈ, ਤਾਂ ਫਿਰ ਸ਼ੁਰੂ ਹੁੰਦੇ ਹਨ ਵੱਡੀ ਪੱਧਰ 'ਤੇ ਵੱਡੇ ਵੱਡੇ ਘਾਲੇ-ਮਾਲੇ, ਉਥਲ-ਪੁਥਲ ਅਤੇ ਸਮਾਜਿਕ, ਆਰਥਿਕ ਦੇ ਨਾਲ ਨਾਲ ਸਰੀਰਕ ਸ਼ੋਸ਼ਣ ਦੀ ਦੁੱਖ ਭਰੀ ਦਾਸਤਾਨ। ਇਹ ਪਾਖੰਡੀ ਬਾਬੇ ਆਪਣੇ ਕੁਕਰਮਾਂ ਅਤੇ ਗਲਤ ਕੰਮਾਂ ਉੱਤੇ ਪਰਦੇ ਪਾਉਣ ਲਈ ਆਪਣੇ ਨੇੜਲੇ ਰਿੰਗ ਦੇ ਸੇਵਕਾਂ ਨੂੰ ਵੀ ਕੁਝ ਖੁੱਲ੍ਹ ਦੇ ਦਿੰਦੇ ਹਨ ਤਾਂ ਕਿ ਉਹ ਇਨ੍ਹਾਂ ਵਿਰੁੱਧ ਬੋਲ ਨਾ ਸਕਣ। ਇਸ ਤੋਂ ਇਲਾਵਾ ਇਹ ਮੌਕੇ ਦੀਆਂ ਸਰਕਾਰਾਂ ਦੇ ਲੀਡਰਾਂ ਨਾਲ ਮਿਲਕੇ ਲੋਕ ਭਲਾਈ ਦੇ ਕੰਮ ਜਿਵੇਂ ਕਿ ਖ਼ੂਨਦਾਨ ਕੈਂਪ, ਸਫ਼ਾਈ ਮੁਹਿੰਮ, ਲੰਗਰ, ਗਰੀਬਾਂ ਲਈ ਮੁਫ਼ਤ ਦਵਾਈਆਂ ਦੇ ਡਰਾਮੇ ਵੀ ਕਰਦੇ ਹਨ ਤਾਂ ਕਿ ਇਨ੍ਹਾਂ ਦੇ ਗਲਤ ਕੰਮਾਂ 'ਤੇ ਪਰਦਾ ਪਿਆ ਰਹੇ ਅਤੇ ਇਨ੍ਹਾਂ ਦੇ ਚਮਚੇ ਜਾਂ ਵੋਟਾਂ ਬਟੋਰੂ ਲੀਡਰ ਇਨ੍ਹਾਂ ਨੂੰ ਲੋਕ ਸੇਵਕ ਕਹਿ ਕੇ ਇਨ੍ਹਾਂ ਨੂੰ ਇੱਕ ਨੇਕ ਬਾਬਿਆਂ ਦੀ ਪਦਵੀਂ ਦੇ ਕੇ ਇਨ੍ਹਾਂ ਦੇ ਕੁਕਰਮਾਂ ਉੱਪਰ ਪੋਚਾ ਫੇਰਦੇ ਰਹਿਣ। ਇਸ ਤੋਂ ਅੱਗੇ ਇਹ ਅਖੌਤੀ ਅਤੇ ਰੱਬ ਜੀ ਦੇ ਨਕਲੀ ਵਿਚੋਲੇ ਕੀ ਕੀ ਗੁੱਲ ਖਿਲਾਉਂਦੇ ਹਨ ਉਹ ਆਪਾਂ ਸਾਰੇ ਹੀ ਵੇਖ ਰਹੇ ਹਾਂ। ਅੱਜ ਇਨ੍ਹਾਂ ਪਾਖੰਡੀਆਂ ਨੇ ਦੁਨੀਆਂ ਦੀ 75% ਜਨਤਾ ਨੂੰ ਆਪਣੇ ਮਕੜਜਾਲ ਵਿੱਚ ਫਸਾਕੇ ਧਰਮਾਂ ਦੇ ਨਾਮ ਦੀਆਂ ਨਸ਼ੀਲੀਆਂ ਗੋਲੀਆਂ ਦੇ ਕੇ ਆਪਣੀ ਮਰਜ਼ੀ ਨਾਲ ਉਨ੍ਹਾਂ ਦੀ ਵਰਤੋਂ ਅਤੇ ਦੁਰਵਰਤੋਂ ਕਰ ਰਹੇ ਹਨ। ਆਪਣੇ ਚੇਲਿਆਂ ਅਤੇ ਚੇਲੀਆਂ ਦੇ ਭਰਵੇਂ ਇਕੱਠ ਕਰਕੇ ਮੌਕੇ ਦੇ ਲੀਡਰਾਂ ਨੂੰ ਆਪਣੀ ਸ਼ਕਤੀ ਦਾ ਪ੍ਰਦਰਸ਼ਨ ਕਰਕੇ ਉਨ੍ਹਾਂ ਤੋਂ ਆਪਣੀ ਮਨਮਰਜ਼ੀ ਦੇ ਸਹੀ ਅਤੇ ਗਲਤ ਕੰਮ ਜਿਵੇਂ ਕਿ ਭਰਤੀਆਂ, ਤਰੱਕੀਆਂ, ਬਦਲੀਆਂ ਅਤੇ ਮਾਣ-ਸਨਮਾਨ ਆਪਣੇ ਖਾਸ ਚਹੇਤਿਆਂ ਨੂੰ ਦੇਣ ਦੀਆਂ ਸਿਫ਼ਾਰਸਾਂ ਕਰਵਾਈਆਂ ਜਾਂਦੀਆਂ ਹਨ! ਇਹੀ ਕਾਰਨ ਹੈ ਕਿ ਦੇਸ਼ ਦੀ 90% ਅਫਸਰਸ਼ਾਹੀ ਇਨ੍ਹਾਂ ਪਾਖੰਡੀਆਂ ਦਾ ਹਰ ਹੁਕਮ ਮੰਨਕੇ ਇਨ੍ਹਾਂ ਮੁਤਾਬਿਕ ਅਤੇ ਇਨ੍ਹਾਂ ਦੇ ਚਮਚਿਆਂ, ਚਹੇਤਿਆਂ ਦੇ ਵਿਰੁੱਧ ਚੱਲਦੇ ਕੇਸਾਂ ਦੇ ਫੈਸਲੇ ਕਰਦੀ ਹੈ। ਇਸੇ ਕਾਰਨ ਕਰਕੇ ਦੇਸ਼ ਦੀਆਂ ਸਾਰੀਆਂ ਹੀ ਰਾਜਸੀ ਪਾਰਟੀਆਂ ਇਨ੍ਹਾਂ ਪਾਖੰਡੀਆਂ ਤੋਂ ਡਰਦੀਆਂ ਇਨ੍ਹਾਂ ਵਿਰੁੱਧ ਕੋਈ ਕਾਰਵਾਈ ਨਹੀਂ ਕਰਦੀਆਂ ਜਾਂ ਕਾਰਵਾਈ ਕਰਨ ਤੋਂ ਡਰਦੀਆਂ ਹਨ। ਅੱਜ ਇਹ ਬਾਬੇ ਆਪਣੇ ਆਪਣੇ ਮਕੜਜਾਲਾਂ ਵਿੱਚ ਦੇਸ਼ ਦੀ 95% ਅਬਾਦੀ ਨੂੰ ਉਲਝਾਈ ਫਿਰਦੇ ਹਨ। ਇਹੀ ਕਾਰਨ ਹੈ ਕਿ ਅੱਜ ਇਹ ਵੱਡੇ ਵੱਡੇ ਕੁਕਰਮ ਕਰਕੇ ਵੀ ਆਜ਼ਾਦ ਘੁੰਮ ਰਹੇ ਹਨ। ਵੱਡੇ ਵੱਡੇ ਕੁਕਰਮਾਂ ਵਿੱਚ ਸਜ਼ਾਵਾਂ ਹੋਣ 'ਤੇ ਵੀ ਸਾਲ ਵਿੱਚੋਂ ਛੇ ਮਹੀਨੇ ਪਰੋਲਾਂ 'ਤੇ ਬਾਹਰ ਘੁੰਮਦੇ ਰਹਿੰਦੇ ਹਨ।


# ਕੀ ਭਾਰਤ ਨੂੰ ਸੰਵਿਧਾਨ ਬਦਲਣ ਦੀ ਲੋੜ ਹੈ ?


ਲੇਖਕ : ਹਰਚਰਨ ਸਿੰਘ ਚਹਿਲ
ਸੰਪਰਕ : 81465-06583

ਪ੍ਰਧਾਨ ਮੰਤਰੀ ਦੀ ਆਰਥਿਕ ਸਲਾਹਕਾਰ ਕਮੇਟੀ ਦੇ ਚੇਅਰਮੈਨ ਬਿਬੇਕ ਦੇਬਰੌਏ ਨੇ 14 ਅਗਸਤ 2023 ਨੂੰ ਇਕ ਅੰਗਰੇਜ਼ੀ ਅਖ਼ਬਾਰ ਵਿਚ ਛਪੇ ਆਪਣੇ ਲੇਖ ਰਾਹੀਂ ਸੰਵਿਧਾਨ ਨੂੰ ਮੁੱਢੋਂ-ਸੁੱਢੋਂ ਬਦਲਣ ਦੀ ਜ਼ੋਰਦਾਰ ਵਕਾਲਤ ਕਰ ਕੇ ਇਕ ਵਾਰ ਫਿਰ ਇਸ ਮੁੱਦੇ ਨੂੰ ਚਰਚਾ ਅਧੀਨ ਲੈ ਆਂਦਾ। ਸੰਵਿਧਾਨ ਦੇ ਬੁਨਿਆਦੀ ਢਾਂਚੇ ਦੇ ਸਿਧਾਂਤ ਦਾ ਮਖੌਲ ਉਡਾਉਂਦਿਆਂ ਉਹ ਕਟਾਖਸ਼ੀ ਲਹਿਜ਼ੇ ਵਿਚ ਕੁਝ ਇਸ ਤਰ੍ਹਾਂ ਦੇ ਭਾਵ ਪ੍ਰਗਟਾਉਂਦਾ ਜਾਪਦਾ ਹੈ ਕਿ ਕੀ ਹੋਇਆ ਜੇਕਰ ਸੁਪਰੀਮ ਕੋਰਟ ਸੰਵਿਧਾਨ ਦੇ ਬੁਨਿਆਦੀ ਢਾਂਚੇ ਨੂੰ ਬਦਲਣ ਦੀ ਇਜਾਜ਼ਤ ਨਹੀਂ ਦਿੰਦੀ, ਸਰਕਾਰ ਸਮੁੱਚੇ ਸੰਵਿਧਾਨ ਨੂੰ ਤਾਂ ਬਦਲ ਹੀ ਸਕਦੀ ਹੈ ! ਸੁਪਰੀਮ ਕੋਰਟ ਦੇ 13 ਮੈਂਬਰੀ ਬੈਂਚ ਨੇ 1973 ਵਿਚ 'ਕੇਸ਼ਵਾਨੰਦ ਭਾਰਤੀ ਕੇਸ' ਦੇ ਫ਼ੈਸਲੇ ਵਿਚ 'ਸੰਵਿਧਾਨ ਦੇ ਬੁਨਿਆਦੀ ਢਾਂਚੇ ਦਾ ਸਿਧਾਂਤ' ਪੇਸ਼ ਕੀਤਾ ਸੀ। ਇਸ ਸਿਧਾਂਤ ਅਨੁਸਾਰ ਸੰਸਦ ਸੰਵਿਧਾਨ ਦੇ ਬੁਨਿਆਦੀ ਢਾਂਚੇ ਵਿਚ ਕੋਈ ਸੋਧ ਨਹੀਂ ਕਰ ਸਕਦੀ। ਸੰਵਿਧਾਨਕ ਅਦਾਲਤਾਂ ਅਰਥਾਤ ਸੁਪਰੀਮ ਕੋਰਟ ਤੇ ਹਾਈ ਕੋਰਟਾਂ ਦੇ ਜੱਜਾਂ ਦੀ ਨਿਯੁਕਤੀ ਕਰਨ ਵਾਲਾ ਕੌਲਿਜੀਅਮ ਸਿਸਟਮ ਵੀ ਇਸ ਸਿਧਾਂਤ ਦੀ ਦੇਣ ਹੈ। ਭਾਰਤੀ ਜਨਤਾ ਪਾਰਟੀ ਸੰਵਿਧਾਨ ਵਿਚ ਮਨਚਾਹੀਆਂ ਸੋਧਾਂ ਕਰਨ ਲਈ 'ਬੁਨਿਆਦੀ ਢਾਂਚਾ ਸਿਧਾਂਤ' ਨੂੰ ਆਪਣੇ ਰਾਹ ਦਾ ਸਭ ਤੋਂ ਵੱਡਾ ਰੋੜਾ ਸਮਝਦੀ ਹੈ।

ਆਪਣੇ ਇਸ ਲੇਖ ਵਿਚ ਯੂਨੀਵਰਸਿਟੀ ਆਫ ਸ਼ਿਕਾਗੋ ਦੇ ਲਾਅ ਸਕੂਲ ਦੇ 2006 ਦੇ ਇਕ ਅਧਿਐਨ ਦਾ ਹਵਾਲਾ ਦਿੰਦਾ ਹੋਇਆ ਬਿਬੇਕ ਦੇਬਰੌਏ ਲਿਖਦਾ ਹੈ ਕਿ ਵੈਸੇ ਵੀ ਦੁਨੀਆ ਦੇ ਵੱਖ ਵੱਖ ਦੇਸ਼ਾਂ ਦੇ 1789 ਤੋਂ ਬਾਅਦ ਬਣੇ ਲਿਖਤ ਸੰਵਿਧਾਨਾਂ ਦੀ ਔਸਤ ਉਮਰ 17 ਸਾਲ ਹੀ ਬਣਦੀ ਹੈ, ਸਾਡਾ ਸੰਵਿਧਾਨ ਤਾਂ ਸੁੱਖ ਨਾਲ 73 ਸਾਲਾਂ ਦਾ ਹੋ ਗਿਆ ਹੈ। ਉਸ ਨੇ ਇਸ ਅਧਿਐਨ ਦੇ ਸਿੱਟਿਆਂ ਨੂੰ ਵੀ ਆਪਣੇ ਮਨਇੱਛਤ ਮੰਤਵ ਅਨੁਸਾਰ ਤੋੜ-ਮਰੋੜ ਕੇ ਪੇਸ਼ ਕੀਤਾ ਹੈ। ਉਸ ਨੇ ਅਮਰੀਕਾ ਤੇ ਫਰਾਂਸ ਦੇ ਲਿਖਤ ਅਤੇ ਯੂਕੇ ਦੇ ਅਣਲਿਖਤ ਸੰਵਿਧਾਨ ਦੀ ਗੱਲ ਨਹੀਂ ਕੀਤੀ ਜਿਹੜੇ ਬਹੁਤ ਲੰਮੇ ਸਮਿਆਂ ਤੋਂ ਲਾਗੂ ਹਨ। ਬਿਬੇਕ ਦੇਬਰੌਏ ਦੀ ਦਲੀਲ ਹੈ ਕਿ ਭਾਰਤੀ ਸੰਵਿਧਾਨ 1934 ਦੇ ਗਵਰਨਮੈਂਟ ਆਫ ਇੰਡੀਆ ਐਕਟ ਉੱਪਰ ਆਧਾਰਿਤ ਹੋਣ ਕਾਰਨ ਬਸਤੀਵਾਦੀ ਗੁਲਾਮੀ ਦਾ ਪ੍ਰਤੀਕ ਹੈ ਅਤੇ ਸਾਡੀ ਵਿਰਾਸਤ ਦੇ ਅਨੁਸਾਰੀ ਨਹੀਂ। ਉਹ ਸੰਸਦ ਦੀ ਨਵੀਂ ਇਮਾਰਤ ਵਿਚ ਸਜਾਈ ਗਈ ਸੰਗੋਲ (ਸਣਗੋਲ) ਨੂੰ ਭਾਰਤੀ ਵਿਰਾਸਤ ਦਾ ਪ੍ਰਤੀਕ ਕਹਿੰਦਾ ਹੈ ਜਦੋਂਕਿ ਇਹ ਸੰਗੋਲ ਸਾਡੀਆਂ ਮੌਜੂਦਾ ਲੋਕਤੰਤਰੀ ਕਦਰਾਂ ਦੀ ਬਜਾਇ ਰਾਜਾਸ਼ਾਹੀ ਦਾ ਚਿੰਨ੍ਹ ਹੈ। ਉਸ ਦਾ ਕਹਿਣਾ ਹੈ ਕਿ ਜਦੋਂ ਅਸੀਂ ਦੇਸ਼ ਨੂੰ 'ਖੁੱਲ੍ਹੀ ਮੰਡੀ' ਦੇ ਸਿਧਾਂਤਾਂ ਦੇ ਅਨੁਸਾਰ ਹੀ ਚਲਾਉਣਾ ਹੈ ਤਾਂ 'ਸਟੇਟ ਪਾਲਿਸੀ ਦੇ ਉਨ੍ਹਾਂ ਨਿਰਦੇਸ਼ਕ ਸਿਧਾਂਤਾਂ' ਨੂੰ ਸੰਵਿਧਾਨ ਵਿਚ ਕਾਇਮ ਰੱਖਣ ਦੀ ਕੀ ਤੁਕ ਬਣਦੀ ਹੈ ਜਿਹੜੇ ਸਰਕਾਰ/ਸਟੇਟ ਨੂੰ ਸੇਧ ਦੇਣ ਦੀ ਗੱਲ ਕਰਦੇ ਹਨ। ਕਿਸੇ ਚੁਸਤੀ/ਚਲਾਕੀ ਜਾਂ ਗੁੱਝੇ ਮੰਤਵ ਅਧੀਨ ਸਰਕਾਰ ਨੇ ਭਾਵੇਂ ਅਗਲੇ ਦਿਨ ਇਹ ਸਪੱਸ਼ਟੀਕਰਨ ਦੇ ਦਿੱਤਾ ਕਿ ਇਹ ਲੇਖ ਬਿਬੇਕ ਦੇਬਰੌਏ ਦੀ ਨਿੱਜੀ ਰਾਏ ਹੈ, ਆਰਥਿਕ ਸਲਾਹਕਾਰ ਕਮੇਟੀ ਦੀ ਨਹੀਂ ਪਰ ਜੇਕਰ ਅਸੀਂ ਸੰਵਿਧਾਨ ਪ੍ਰਤੀ ਆਰਐੱਸਐੱਸ ਤੇ ਭਾਜਪਾ ਦੇ ਪਿਛਲੇ ਰਵੱਈਏ ਉੱਪਰ ਝਾਤ ਮਾਰੀਏ ਤਾਂ ਇਸ ਵਿਚ ਕੋਈ ਸ਼ੱਕ ਨਹੀਂ ਰਹਿ ਜਾਂਦਾ ਕਿ ਇਹ ਲੇਖ ਭਾਜਪਾ ਦੀ ਸੰਵਿਧਾਨ ਪ੍ਰਤੀ ਸਮੁੱਚੀ ਸਮਝ ਦੀ ਨੁਮਾਇੰਦਗੀ ਕਰਦਾ ਹੈ।

ਭਾਜਪਾ ਅਤੇ ਇਸ ਦੀ ਵਿਚਾਰਧਾਰਕ ਸਰਪ੍ਰਸਤ ਸੰਸਥਾ ਆਰਐੱਸਐੱਸ ਭਾਰਤੀ ਸੰਵਿਧਾਨ ਨੂੰ ਬਦਲਣ ਦੀ ਗੱਲ ਅਕਸਰ ਕਰਦੀ ਰਹੀ ਹੈ। ਆਰਐੱਸਐੱਸ ਸੰਵਿਧਾਨ ਨੂੰ ਮਨੂ ਸਿਮਰਿਤੀ ਦੀਆਂ ਧਾਰਨਾਵਾਂ ਅਨੁਸਾਰ ਬਣਾਉਣ ਦੀ ਮੰਗ ਕਰਦੀ ਰਹੀ ਹੈ। ਇਸ ਸੰਸਥਾ ਦੇ ਬੁਲਾਰੇ 'ਆਰਗੇਨਾਈਜ਼ਰ' ਨੇ 30 ਨਵੰਬਰ 1949 ਦੀ ਆਪਣੀ ਸੰਪਾਦਕੀ ਵਿਚ ਲਿਖਿਆ ਸੀ: ਪਰ ਸਾਡੇ ਸੰਵਿਧਾਨ ਵਿਚ ਪ੍ਰਾਚੀਨ ਭਾਰਤ ਦੀ ਵਿਲੱਖਣ ਸੰਵਿਧਾਨਕ ਘਟਨਾ ਦਾ ਕੋਈ ਜ਼ਿਕਰ ਨਹੀਂ। ਮਨੂ ਦੇ ਵਿਧਾਨ ਸਪਾਟਰਾ ਦੇ ਲਾਈਕੁਰਗੂਜ਼ ਜਾਂ ਪਰੱਸ਼ੀਆ ਦੇ ਸੋਲੋਨ ਤੋਂ ਬਹੁਤ ਪਹਿਲਾਂ ਲਿਖੇ ਗਏ ਸਨ। ਮਨੂ ਸਿਮਰਿਤੀ ਵਿਚ ਦਰਜ ਇਨ੍ਹਾਂ ਵਿਧਾਨਾਂ ਨੂੰ ਅੱਜ ਤੱਕ ਦੁਨੀਆ ਭਰ ਵਿਚ ਸਲਾਹਿਆ ਜਾਂਦਾ ਹੈ ਅਤੇ ਇਹ ਵਿਧਾਨ ਆਪ-ਮੁਹਾਰੀ ਤਾਬੇਦਾਰੀ ਤੇ ਤਾਮੀਲ ਹਾਸਲ ਕਰਦੇ ਹਨ ਪਰ ਸਾਡੇ ਸੰਵਿਧਾਨਕ ਮਾਹਿਰਾਂ ਲਈ ਇਸ ਸਭ ਦਾ ਕੋਈ ਮਹੱਤਵ ਨਹੀਂ। (ਵੈਸੇ ਮੰਨਿਆ ਇਹ ਜਾਂਦਾ ਹੈ ਕਿ ਪਰੱਸ਼ੀਆ ਦਾ ਵਿਧਾਨ-ਘਾੜਾ ਸੋਲੋਨ ਛੇਵੀਂ ਸਦੀ ਈਸਾ ਪੂਰਵ ਅਤੇ ਸਪਾਟਰਾ ਦਾ ਕਾਨੂੰਨ-ਘਾੜਾ ਲਾਈਕੁਰਗੂਜ਼ ਸੱਤਵੀਂ ਸਦੀ ਈਸਾ ਪੂਰਵ ਵਿਚ ਹੋਇਆ ਸੀ ਜਦੋਂ ਕਿ ਮਨੂ ਸਿਮਰਿਤੀ ਦਾ ਰਚਨਾ ਕਾਲ ਦੂਸਰੀ ਸਦੀ ਈਸਾ ਪੂਰਵ ਤੋਂ ਦੂਸਰੀ ਸਦੀ ਈਸਵੀ ਦੇ ਦਰਮਿਆਨ ਦਾ ਮੰਨਿਆ ਜਾਂਦਾ ਹੈ।) ਅਟਲ ਬਿਹਾਰੀ ਵਾਜਪਾਈ ਨੇ ਸੰਨ 2000 ਵਿਚ ਸੰਵਿਧਾਨ ਬਦਲਣ ਦੇ ਸਰਕਾਰੀ ਇਰਾਦੇ ਦੀ ਗੱਲ ਰਾਸ਼ਟਰਪਤੀ ਦੇ ਸੰਸਦੀ ਭਾਸ਼ਣ ਵਿਚ ਦਰਜ ਕਰਵਾਈ ਸੀ। ਸੰਵਿਧਾਨਕ ਮਜਬੂਰੀ ਕਾਰਨ ਤਤਕਾਲੀਨ ਰਾਸ਼ਟਰਪਤੀ ਕੇਆਰ ਨਰਾਇਣਨ ਨੂੰ ਭਾਸ਼ਣ ਦਾ ਇਹ ਟੁਕੜਾ ਸੰਸਦ ਵਿਚ ਤਾਂ ਭਾਵੇਂ ਪੜ੍ਹਨਾ ਪਿਆ ਪਰ ਕੁਝ ਦਿਨਾਂ ਬਾਅਦ, 26 ਜਨਵਰੀ 2000 ਨੂੰ ਗਣਤੰਤਰ ਦੀ ਗੋਲਡਨ ਜੁਬਲੀ ਮੌਕੇ ਦਿੱਤੇ ਆਪਣੇ ਭਾਸ਼ਣ ਵਿਚ ਰਾਸ਼ਟਰਪਤੀ ਨੇ ਸਰਕਾਰ ਦੀ ਇਸ ਸਮਝ ਪ੍ਰਤੀ ਆਪਣੀ ਸਖ਼ਤ ਨਾਰਾਜ਼ਗੀ ਜ਼ਾਹਿਰ ਕੀਤੀ। ਸੰਨ 2000 ਵਿਚ ਵਾਜਪਾਈ ਸਰਕਾਰ ਨੇ ਸਾਬਕਾ ਚੀਫ ਜਸਟਿਸ ਵੈਂਕਟਾਚੱਲੀਆ ਦੀ ਅਗਵਾਈ ਹੇਠ ਸੰਵਿਧਾਨ ਸਮੀਖਿਆ ਕਮਿਸ਼ਨ ਬਣਾਇਆ ਸੀ। ਇਸ ਕਮਿਸ਼ਨ ਨੇ 2002 ਵਿਚ ਲੰਮੀ ਚੌੜੀ ਰਿਪੋਰਟ ਦਿੱਤੀ ਪਰ ਭਾਰੀ ਵਿਰੋਧ ਕਾਰਨ ਇਸ ਰਿਪੋਰਟ ਨੂੰ ਠੰਢੇ ਬਸਤੇ ਪਾ ਦਿੱਤਾ ਗਿਆ। 2007 ਵਿਚ ਆਰਐੱਸਐੱਸ ਦੇ ਤਤਕਾਲੀਨ ਸਰਸੰਘਚਾਲਕ ਕੇ ਸੁਦਰਸ਼ਨ ਨੇ ਆਪਣੇ ਇਕ ਬਿਆਨ ਵਿਚ ਕਿਹਾ ਕਿ ਵਿਦੇਸ਼ੀ ਕਦਰਾਂ-ਕੀਮਤਾਂ ਉੱਪਰ ਆਧਾਰਿਤ ਹੋਣ ਕਾਰਨ ਭਾਰਤੀ ਸੰਵਿਧਾਨ ਨੂੰ ਪਵਿੱਤਰ ਭਾਰਤੀ ਕਿਤਾਬਾਂ ਰਾਹੀਂ ਬਦਲ ਦਿੱਤਾ ਜਾਣਾ ਚਾਹੀਦਾ ਹੈ। ਉਸ ਦਾ ਸਪੱਸ਼ਟ ਇਸ਼ਾਰਾ ਮਨੂ ਸਿਮਰਿਤੀ ਵੱਲ ਸੀ। ਉਸ ਨੇ ਦਾਅਵਾ ਕੀਤਾ ਕਿ ਜਿਸ ਸੰਵਿਧਾਨ ਨੂੰ ਅਸੀਂ ਪਹਿਲਾਂ ਹੀ 100 ਵਾਰ ਸੋਧ ਚੁੱਕੇ ਹਾਂ, ਸਾਨੂੰ ਉਸ ਨੂੰ ਪੂਰੀ ਤਰ੍ਹਾਂ ਬਦਲ ਦੇਣ ਤੋਂ ਸੰਕੋਚ ਨਹੀਂ ਕਰਨਾ ਚਾਹੀਦਾ। ਇਸ ਗੱਲ ਨਾਲ ਕੋਈ ਪਵਿੱਤਰਤਾ ਨਹੀਂ ਜੁੜੀ ਹੋਈ। ਦਰਅਸਲ ਸਾਡੇ ਮੁਲਕ ਦੀਆਂ ਬਹੁਤ ਸਾਰੀਆਂ ਅਲਾਮਤਾਂ ਦੀ ਜੜ੍ਹ ਇਹ ਸੰਵਿਧਾਨ ਹੀ ਹੈ। ਦਸੰਬਰ 2017 ਵਿਚ ਤਤਕਾਲੀਨ ਕੇਂਦਰੀ ਮੰਤਰੀ ਅਨੰਤ ਕੁਮਾਰ ਹੇਗੜੇ ਨੇ ਭਾਜਪਾ ਦੀ ਸੰਵਿਧਾਨ ਬਦਲਣ ਦੀ ਮਨਸ਼ਾ ਬਾਰੇ ਇੱਥੋਂ ਤੱਕ ਕਹਿ ਦਿੱਤਾ ਸੀ ਕਿ ਭਾਰਤੀ ਲੋਕਾਂ ਨੂੰ ਆਪਣੇ ਆਪ ਨੂੰ ਧਰਮ ਨਿਰਪੱਖ (ਸੈਕੂਲਰ) ਨਹੀਂ ਕਹਿਣਾ ਚਾਹੀਦਾ ਸਗੋਂ ਆਪਣੀ ਸ਼ਨਾਖਤ ਕਿਸੇ ਧਰਮ ਦੇ ਪੈਰੋਕਾਰ ਹੋਣ ਵਜੋਂ ਕਰਾਉਣੀ ਚਾਹੀਦੀ ਹੈ। ਆਰਐੱਸਐੱਸ ਮੁਖੀ ਮੋਹਨ ਭਾਗਵਤ ਤਾਂ ਹਰ ਆਏ ਦਿਨ ਕਹਿੰਦੇ ਹਨ, ਭਾਰਤ ਵਿਚ ਰਹਿਣ ਵਾਲੇ ਸਾਰੇ ਲੋਕ ਹਿੰਦੂ ਹਨ। ਇਹ ਸੰਵਿਧਾਨ ਦੀ ਧਰਮ ਨਿਰਪੱਖਤਾ ਦੀ ਭਾਵਨਾ ਦੇ ਵਿਰੁੱਧ ਹੈ। ਬਿਬੇਕ ਦੇਬਰੌਏ ਦੀ ਅਸਲੀ ਮਨਸ਼ਾ ਦੀ ਬਿੱਲੀ ਪੂਰੀ ਤਰ੍ਹਾਂ ਥੈਲਿਉਂ ਬਾਹਰ ਉਸ ਵਕਤ ਨਿਕਲਦੀ ਹੈ ਜਦੋਂ ਉਹ ਸੰਵਿਧਾਨ ਦੀ ਪ੍ਰਸਤਾਵਨਾ ਵਿਚ ਦਰਜ ਸਮਾਜਵਾਦ, ਧਰਮ ਨਿਰਪੱਖਤਾ, ਆਜ਼ਾਦੀ, ਬਰਾਬਰੀ ਆਦਿ ਦੀਆਂ ਧਾਰਨਾਵਾਂ ਨੂੰ ਆਪਣੇ ਨਿਸ਼ਾਨੇ 'ਤੇ ਲੈਂਦਾ ਹੈ। ਇਨ੍ਹਾਂ ਸੰਵਿਧਾਨਕ ਤੇ ਲੋਕਤੰਤਰੀ ਕਦਰਾਂ ਵਿਰੁੱਧ ਕੱਟੜਪੰਥੀ ਤਾਕਤਾਂ ਵੀ ਅਕਸਰ ਆਪਣੀ ਭੜਾਸ ਕੱਢਦੀਆਂ ਰਹਿੰਦੀਆਂ ਹਨ। ਸੈਕੂਲਰ (ਧਰਮ ਨਿਰਪੱਖ) ਸ਼ਬਦ ਨੂੰ ਸਿਕੂਲਰ (ਬਿਮਾਰ ਮਾਨਸਿਕਤਾ) ਆਦਿ ਜਿਹੇ ਲਕਬਾਂ ਨਾਲ ਭੰਡਦੇ ਰਹਿੰਦੇ ਹਨ। ਵੱਖ ਵੱਖ ਧਰਮਾਂ, ਜਾਤਾਂ ਤੇ ਲਿੰਗਾਂ ਦੇ ਲੋਕਾਂ ਦਰਮਿਆਨ ਬਰਾਬਰੀ ਦਾ ਸੰਕਲਪ ਉਨ੍ਹਾਂ ਨੂੰ ਪਸੰਦ ਨਹੀਂ। ਸਾਰ-ਤੱਤ ਇਹ ਕਿ ਉਸ ਅਨੁਸਾਰ ਸੰਵਿਧਾਨ ਨੂੰ ਮੁਕੰਮਲ ਤੌਰ 'ਤੇ ਬਦਲ ਦੇਣਾ ਹੀ ਇਨ੍ਹਾਂ 'ਸਭ ਅਲਾਮਤਾਂ' ਦਾ ਇਕੋ-ਇਕ ਹੱਲ ਹੈ। ਸੋਸ਼ਲ, ਡਿਜੀਟਲ ਤੇ ਮੁੱਖ ਧਾਰਾਈ ਮੀਡੀਆ ਵਿਚ ਬਿਬੇਕ ਦੇਬਰੌਏ ਦੇ ਲੇਖ ਬਾਰੇ ਬਹੁਤ ਪ੍ਰਤੀਕਰਮ ਹੋਇਆ। ਇਕ ਵਿਚਾਰ ਇਹ ਵੀ ਉੱਭਰ ਕੇ ਸਾਹਮਣੇ ਆਇਆ ਕਿ ਜਦੋਂ ਇਸ ਸੰਵਿਧਾਨ ਦੇ ਹੁੰਦਿਆਂ ਵੀ ਭਾਜਪਾ ਆਪਣੇ ਏਜੰਡੇ ਨੂੰ ਪੂਰੇ ਜ਼ੋਰ ਨਾਲ ਅਤੇ ਬਗੈਰ ਕਿਸੇ ਰੋਕ-ਟੋਕ ਦੇ ਅੱਗੇ ਵਧਾ ਰਹੀ ਹੈ ਕਿ ਆਖ਼ਰਕਾਰ ਉਸ ਨੂੰ ਇਹ ਸੰਵਿਧਾਨ ਬਦਲਣ ਦੀ ਕੀ ਲੋੜ ਹੈ। ਇਕ ਹੋਰ ਤਰ੍ਹਾਂ ਦਾ ਪ੍ਰਤੀਕਰਮ ਵੀ ਸਾਹਮਣੇ ਆ ਰਿਹਾ ਹੈ। ਇਸ ਵਿਚਾਰ ਅਨੁਸਾਰ ਮੌਜੂਦਾ ਭਾਰਤੀ ਸੰਵਿਧਾਨ ਕਦੇ ਵੀ ਆਮ ਲੋਕਾਂ ਦੇ ਹਿੱਤਾਂ ਤੇ ਭਾਵਨਾਵਾਂ ਦੇ ਅਨੁਸਾਰੀ ਨਹੀਂ ਸੀ। ਆਮ ਲੋਕਾਈ ਨੂੰ ਜਿਹੜੇ ਅਧਿਕਾਰ ਦੇਣ ਦੀ ਗੱਲ ਦਰਜ ਕੀਤੀ ਗਈ, ਉਹ ਅਧਿਕਾਰ ਕਿਸੇ ਹੋਰ ਚੋਰ-ਮੋਰੀ ਜਾਂ ਸੋਧ ਰਾਹੀਂ ਗੈਰ-ਪ੍ਰਭਾਵੀ ਬਣਾ ਦਿੱਤੇ ਗਏ। ਇਸੇ ਸੰਵਿਧਾਨ ਦੇ ਜਾਰੀ ਰਹਿੰਦਿਆਂ ਲੋਕਾਂ ਦੇ ਸੰਵਿਧਾਨਕ ਤੇ ਜਮਹੂਰੀ ਹੱਕਾਂ ਦਾ ਘਾਣ ਹੋ ਰਿਹਾ ਹੈ। ਆਰਥਿਕ ਪਾੜਾ ਦਿਨ-ਬਦਿਨ ਵਧ ਰਿਹਾ ਹੈ। ਗ਼ਰੀਬੀ, ਮਹਿੰਗਾਈ ਤੇ ਬੇਰੁਜ਼ਗਾਰੀ ਨੇ ਲੋਕਾਂ ਦਾ ਜੀਣਾ ਮੁਹਾਲ ਕਰ ਰੱਖਿਆ ਹੈ। ਇਸ ਦਲੀਲ ਅਨੁਸਾਰ ਜੇਕਰ ਅਜਿਹਾ ਸੰਵਿਧਾਨ ਬਦਲ ਵੀ ਜਾਵੇ ਤਾਂ ਕੀ ਫ਼ਰਕ ਪੈਂਦਾ ਹੈ। ਅਜਿਹੀ ਦਲੀਲ ਦੇਣ ਵਾਲੇ ਇਹ ਗੱਲ ਭੁੱਲ ਜਾਂਦੇ ਹਨ ਕਿ ਸੰਵਿਧਾਨ ਬਦਲਣ ਦੀਆਂ ਗੱਲਾਂ ਲੋਕਾਂ ਦੀਆਂ ਉਪਰੋਕਤ ਸਮੱਸਿਆਵਾਂ ਦੇ ਹੱਲ ਦੀ ਮਨਸ਼ਾ ਨਾਲ ਨਹੀਂ ਹੋ ਰਹੀਆਂ। ਦਰਅਸਲ ਧਰਮ ਨਿਰਪੱਖਤਾ, ਬਰਾਬਰੀ, ਭਾਈਚਾਰਾ, ਸਮਾਜਵਾਦ ਆਦਿ ਜਿਹੀਆਂ ਧਾਰਨਾਵਾਂ ਦਾ ਸੰਵਿਧਾਨ ਵਿਚ ਦਰਜ ਹੋਣਾ ਵੀ ਕੱਟੜਪੰਥੀ ਤਾਕਤਾਂ ਤੋਂ ਜਰਿਆ ਨਹੀਂ ਜਾਂਦਾ। ਜਮਹੂਰੀ, ਚੇਤਨ, ਅਗਾਂਹਵਧੂ ਤੇ ਉਦਾਰ ਤਬਕਿਆਂ ਦਾ ਫ਼ਰਜ਼ ਬਣਦਾ ਹੈ ਕਿ ਉਹ ਸੰਵਿਧਾਨ ਬਦਲਣ ਦੀ ਤਜਵੀਜ਼ ਦਾ ਵਿਰੋਧ ਕਰਨ, ਸੰਵਿਧਾਨ ਵਿਚ ਦਰਜ ਜਮਹੂਰੀ ਤੇ ਲੋਕਤੰਤਰੀ ਕਦਰਾਂ ਨੂੰ ਸਹੀ ਮਾਇਨਿਆਂ ਵਿਚ ਲਾਗੂ ਕਰਵਾਉਣ ਅਤੇ ਆਪਣੇ ਅਧਿਕਾਰਾਂ ਦਾ ਘੇਰਾ ਹੋਰ ਵਸੀਹ ਕਰਵਾਉਣ ਲਈ ਵਿਸ਼ਾਲ ਜਥੇਬੰਦਕ ਏਕਤਾ 'ਤੇ ਟੇਕ ਰੱਖਣ।



# ਭਾਰਤ ਦੇ ਅਰਥਚਾਰੇ 'ਚ ਤਰੱਕੀ ਦੇ ਮਾਪਦੰਡਾਂ ਬਾਰੇ ਸਵਾਲ

**ਲੇਖਕ : ਡਾ. ਸ ਸ ਛੀਨਾ**





ਭਾਰਤ ਭਾਵੇਂ 5 ਟ੍ਰਿਲੀਅਨ ਡਾਲਰ (ਪੰਜ ਲੱਖ ਕਰੋੜ ਡਾਲਰ) ਵਾਲਾ ਅਰਥਚਾਰਾ ਤਾਂ ਨਹੀਂ ਬਣ ਸਕਿਆ ਪਰ ਪਿਛਲੇ ਸਾਲ ਇੰਗਲੈਂਡ ਨੂੰ ਪਛਾੜ ਕੇ ਦੁਨੀਆ ਦਾ ਪੰਜਵਾਂ ਅਰਥਚਾਰਾ ਜ਼ਰੂਰ ਬਣ ਗਿਆ ਹੈ। ਅਰਥਚਾਰੇ ਦੇ ਆਕਾਰ ਨੂੰ ਉਸ ਦੇਸ਼ ਵਿਚ ਇਕ ਸਾਲ ਵਿਚ ਪੈਦਾ ਹੋਣ ਵਾਲੀਆਂ ਵਸਤੂਆਂ ਅਤੇ ਸੇਵਾਵਾਂ ਦੇ ਮੁੱਲ (ਜੀਡੀਪੀ) ਦੇ ਆਧਾਰ 'ਤੇ ਮਾਪਿਆ ਜਾਂਦਾ ਹੈ। ਇਹ ਵਸਤੂਆਂ ਅਤੇ ਸੇਵਾਵਾਂ ਦੇਸ਼ ਦੀ ਵਸੋਂ ਵੱਲੋਂ ਪੈਦਾ ਕੀਤੀਆਂ ਜਾਂਦੀਆਂ ਹਨ। ਜੇ ਭਾਰਤ ਵਸੋਂ ਦੇ ਆਕਾਰ ਵਿਚ ਪਹਿਲੇ ਨੰਬਰ 'ਤੇ ਪਹੁੰਚ ਗਿਆ ਹੈ ਤਾਂ ਉਸ ਹਿਸਾਬ ਜੇ ਇਸ ਦੀ ਵਸੋਂ ਵੱਲੋਂ ਪੂਰਾ ਉਤਪਾਦਨ ਕੀਤਾ ਜਾ ਰਿਹਾ ਹੋਵੇ ਤਾਂ ਭਾਰਤ ਪਹਿਲੇ ਨੰਬਰ ਦਾ ਅਰਥਚਾਰਾ ਹੋਣਾ ਚਾਹੀਦਾ ਹੈ। ਜੇ ਭਾਰਤ ਦੀ ਵਸੋਂ ਦੁਨੀਆ ਦੀ ਵਸੋਂ ਦਾ 17.6 ਫੀਸਦੀ ਹੈ ਤਾਂ ਜੀਡੀਪੀ 17.6 ਦੇ ਬਰਾਬਰ ਹੋਣਾ ਚਾਹੀਦਾ ਹੈ ਪਰ ਉਹ ਸਿਰਫ਼ 3.5 ਫੀਸਦੀ ਹੈ ਜਿਹੜੀ 2014 ਵਿਚ ਸਿਰਫ਼ 2.6 ਫੀਸਦੀ ਸੀ।

ਕੀ ਪੰਜਵਾਂ ਵੱਡਾ ਅਰਥਚਾਰਾ ਹੋਣ ਕਰ ਕੇ ਭਾਰਤ ਦੇ ਆਮ ਵਿਅਕਤੀ ਵੀ ਪੰਜਵੇਂ ਦਰਜੇ ਵਾਲੀ ਖੁਸ਼ਹਾਲੀ ਮਾਣ ਰਹੇ ਹਨ ? ਇਸ ਪ੍ਰਸ਼ਨ ਦਾ ਉੱਤਰ ਹੈ ਕਿ ਬਿਲਕੁਲ ਨਹੀਂ ਸਗੋਂ ਦੁਨੀਆ ਵਿਚ ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿਣ ਵਾਲੇ ਸਭ ਤੋਂ ਜ਼ਿਆਦਾ ਗਿਣਤੀ 22 ਫੀਸਦੀ ਜਾਂ ਤਕਰੀਬਨ 30 ਕਰੋੜ ਭਾਰਤ ਵਿਚ ਹਨ। ਦੁਨੀਆ ਵਿਚ ਸਭ ਤੋਂ ਵੱਧ ਬੇਰੁਜ਼ਗਾਰਾਂ ਦੀ ਗਿਣਤੀ ਵੀ 7 ਫੀਸਦੀ ਦੇ ਕਰੀਬ ਇਥੇ ਹੈ ਅਤੇ ਫਿਰ ਦੇਸ਼ ਦੇ 3 ਕਰੋੜ ਬੱਚੇ ਬਾਲ ਮਜ਼ਦੂਰੀ ਕਰਨ ਲਈ ਮਜਬੂਰ ਹਨ। ਥੁੜ੍ਹਾਂ ਤੇ ਆਰਥਿਕ ਮੰਦਹਾਲੀ ਆਮ ਹੀ ਨਜ਼ਰ ਆ ਜਾਂਦੀ ਹੈ। ਭਾਰਤ ਭਾਵੇਂ ਪੰਜਵਾਂ ਵੱਡਾ ਆਰਥਚਾਰਾ ਬਣ ਗਿਆ ਹੈ ਪਰ ਇਸ ਦਾ ਆਕਾਰ ਅਮਰੀਕਾ, ਜਰਮਨੀ, ਜਪਾਨ ਅਤੇ ਚੀਨ ਦੇ ਅਰਥਚਾਰੇ ਤੋਂ ਅਜੇ ਵੀ ਬਹੁਤ ਪਿੱਛੇ ਹੈ।

ਅਮਰੀਕਾ ਦਾ ਜੀਡੀਪੀ 26.85 ਖਰਬ ਡਾਲਰ ਹੈ ਜਦੋਂਕਿ ਭਾਰਤ ਦਾ ਇਸ ਤੋਂ 7ਵੇਂ ਹਿੱਸੇ ਦੇ ਬਰਾਬਰ 3.74 ਅਰਬ ਡਾਲਰ ਹੈ। ਇੰਨੇ ਹੀ ਵਸੋਂ ਵਾਲੇ ਅਕਾਰ ਵਾਲੇ ਦੇਸ਼ ਚੀਨ ਦਾ ਜੀਡੀਪੀ ਵੀ 19.37 ਖਰਬ ਡਾਲਰ ਹੈ ਜਿਹੜਾ ਦੂਸਰੇ ਨੰਬਰ 'ਤੇ ਹੈ। ਜਪਾਨ ਅਤੇ ਜਰਮਨੀ ਦੀ ਵਸੋਂ ਭਾਵੇਂ ਕਿੰਨੀ ਘੱਟ ਹੈ, ਉਨ੍ਹਾਂ ਦਾ ਜੀਡੀਪੀ ਵੀ 4.41 ਖਰਬ ਡਾਲਰ ਅਤੇ 4.31 ਖਰਬ ਡਾਲਰ ਹੈ। ਖੁਸ਼ਹਾਲੀ ਮਾਪਣ ਲਈ ਪ੍ਰਤੀ ਵਿਅਕਤੀ ਆਮਦਨ ਨੂੰ ਵੀ ਪੈਮਾਨਾ ਮੰਨਿਆ ਜਾਂਦਾ ਹੈ। ਉਸ ਹਿਸਾਬ ਭਾਰਤ ਕਿਤੇ ਪਿੱਛੇ ਹੈ। ਉਂਝ ਵੀ ਪ੍ਰਤੀ ਵਿਅਕਤੀ ਆਮਦਨ ਕਿਸੇ ਦੇਸ਼ ਦੀ ਆਮ ਖੁਸ਼ਹਾਲੀ ਦੀ ਸਹੀ ਤਸਵੀਰ ਨਹੀਂ ਦੱਸਦੀ ਕਿਉਂ ਜੋ ਭਾਰਤ ਵਿਚ ਕਈ ਉਹ ਅਮੀਰ ਘਰਾਣੇ ਹਨ ਜਿਨ੍ਹਾਂ ਦੀ ਸਾਲਾਨਾ ਆਮਦਨ ਸੈਂਕੜੇ ਕਰੋੜ ਰੁਪਏ ਹੈ ਪਰ ਜ਼ਿਆਦਾ ਗਿਣਤੀ ਉਨ੍ਹਾਂ ਲੋਕਾਂ ਦੀ ਹੈ ਜਿਨ੍ਹਾਂ ਦੀ ਔਸਤ ਆਮਦਨ 10 ਹਜ਼ਾਰ ਰੁਪਏ ਤੋਂ ਵੀ ਘੱਟ ਹੈ। ਇਕ ਤਰਫ 3 ਲੱਖ ਰੁਪਏ ਤਨਖਾਹ ਲੈਣ ਵਾਲੇ ਅਤੇ ਦੂਸਰੀ ਤਰਫ 6 ਹਜ਼ਾਰ ਤਨਖਾਹ ਲੈਣ ਵਾਲੇ। ਫਿਰ ਵੀ ਜੇ ਵੱਖ ਵੱਖ ਦੇਸ਼ਾਂ ਦੀ ਪ੍ਰਤੀ ਵਿਅਕਤੀ ਆਮਦਨ ਦੀ ਤਸਵੀਰ 'ਤੇ ਨਜ਼ਰ ਮਾਰੀ ਜਾਵੇ ਤਾਂ ਇਹ ਪਤਾ ਲੱਗਦਾ ਹੈ ਕਿ ਭਾਰਤ ਭਾਵੇਂ ਪੰਜਵੇਂ ਨੰਬਰ ਦਾ ਅਰਥਚਾਰਾ ਬਣ ਗਿਆ ਹੈ ਪਰ ਇਸ ਦੀ ਪ੍ਰਤੀ ਵਿਅਕਤੀ ਆਮਦਨ ਅਮਰੀਕਾ ਦੀ ਪ੍ਰਤੀ ਵਿਅਕਤੀ ਆਮਦਨ ਤੋਂ 30 ਗੁਣਾਂ ਤੋਂ ਵੀ ਜ਼ਿਆਦਾ ਘਟ ਹੈ; ਇਥੋਂ ਤਕ ਕਿ ਆਸਟਰੇਲੀਆ ਜਿਹੜੇ ਪਹਿਲੇ 8 ਦੇਸ਼ਾਂ ਵਿਚ ਵੀ ਨਹੀਂ ਆਉਂਦਾ, ਉਸ ਦੀ ਪ੍ਰਤੀ ਵਿਅਕਤੀ ਆਮਦਨ 60797 ਡਾਲਰ ਪ੍ਰਤੀ ਸਾਲ ਹੈ। ਭਾਰਤ ਵਿਚ ਇਹ ਸਿਰਫ਼ 2085 ਡਾਲਰ ਹੈ। ਪ੍ਰਤੀ ਵਿਅਕਤੀ ਆਮਦਨ ਭਾਵੇਂ ਕਿਸੇ ਦੇਸ਼ ਦੀ ਆਮ ਖੁਸ਼ਹਾਲੀ ਦੀ ਪ੍ਰਤੀਕ ਨਹੀਂ, ਫਿਰ ਵੀ ਇਸ ਤੋਂ ਉਸ ਦੇਸ਼ ਦੇ ਆਮ ਵਿਅਕਤੀ ਦੀ ਆਰਥਿਕ ਹਾਲਤ ਅਤੇ ਉਸ ਦੇ ਰਹਿਣ ਸਹਿਣ ਦਾ ਅੰਦਾਜ਼ਾ ਹੋ ਜਾਂਦਾ ਹੈ। ਕੈਨੇਡਾ ਵਰਗਾ ਦੇਸ਼ ਜਿਹੜਾ ਅਰਥਚਾਰੇ ਦੇ ਕੁੱਲ ਆਕਾਰ ਦੇ ਹਿਸਾਬ ਭਾਰਤ ਤੋਂ ਕਿਤੇ ਪਿੱਛੇ ਹੈ, ਉਥੋਂ ਦੀ ਪ੍ਰਤੀ ਵਿਅਕਤੀ ਆਮਦਨ 54966 ਡਾਲਰ ਹੈ ਜਿਹੜੀ ਭਾਰਤ ਤੋਂ 25 ਗੁਣਾ ਤੋਂ ਵੀ ਜ਼ਿਆਦਾ ਹੈ। ਇਸੇ ਤਰ੍ਹਾਂ ਭਾਵੇਂ ਜਰਮਨੀ ਹੈ ਤਾਂ ਚੌਥੇ ਦਰਜੇ ਦਾ ਅਰਥਚਾਰਾ ਹੈ ਪਰ ਉਸ ਦੀ ਪ੍ਰਤੀ ਵਿਅਕਤੀ ਆਮਦਨ 48562 ਡਾਲਰ ਹੈ। ਚੀਨ ਜਿਸ ਦੀ ਵਸੋਂ ਭਾਰਤ ਦੇ ਤਕਰੀਬਨ ਬਰਾਬਰ ਹੈ ਅਤੇ ਅਰਥਚਾਰੇ ਦੇ ਆਕਾਰ ਦੇ ਹਿਸਾਬ ਇਹ ਦੂਸਰੇ ਦਰਜੇ 'ਤੇ ਹੈ, ਦੀ ਪ੍ਰਤੀ ਵਿਅਕਤੀ ਆਮਦਨ 11560 ਡਾਲਰ (ਭਾਰਤ ਤੋਂ 5 ਗੁਣਾ ਤੋਂ ਵੀ ਜ਼ਿਆਦਾ) ਹੈ। ਅਰਥਚਾਰੇ ਦੇ ਆਕਾਰ ਦੇ ਹਿਸਾਬ ਜੇ ਭਾਰਤ ਪੰਜਵੇਂ ਦਰਜੇ 'ਤੇ ਹੈ, ਆਉਣ ਵਾਲੇ ਸਮੇਂ ਵਿਚ ਉਮੀਦ ਕੀਤੀ ਜਾਂਦੀ ਹੈ ਕਿ ਇਹ ਸ਼ਾਇਦ ਤੀਸਰੇ ਦਰਜੇ 'ਤੇ ਆ ਜਾਵੇ ਪਰ ਇਸ ਦੇ ਬਾਵਜੂਦ ਭਾਰਤ ਵਿਚ ਆਮ ਮੰਦਹਾਲੀ ਹੈ। ਇਸ ਦੀ ਵੱਡੀ ਵਜ੍ਹਾ ਇਥੋਂ ਦੀ ਆਮਦਨ ਅਤੇ ਇਸ ਦੇ ਧਨ ਦੀ ਨਾ-ਬਰਾਬਰੀ ਹੈ। ਔਕਸਫੈਮ ਦੀ ਰਿਪੋਰਟ ਅਨੁਸਾਰ ਇਥੋਂ ਦੀ ਇਕ ਫੀਸਦੀ ਵਸੋਂ ਕੋਲ ਦੇਸ਼ ਦੇ ਧਨ ਦਾ 40.5 ਫੀਸਦੀ ਹਿੱਸਾ ਹੈ ਅਤੇ ਹੇਠਲੇ 50 ਫੀਸਦੀ ਜਾਂ ਤਕਰੀਬਨ 70 ਕਰੋੜ ਲੋਕਾਂ ਕੋਲ ਸਿਰਫ਼ 3 ਫੀਸਦੀ ਧਨ ਹੈ। 2022 ਤਕ ਕਰੋਨਾ ਤੋਂ ਪ੍ਰਭਾਵਿਤ ਹੋ ਕੇ ਭਾਰਤ ਵਿਚ ਭੁੱਖਮਰੀ ਤੋਂ ਪ੍ਰਭਾਵਿਤ ਲੋਕਾਂ ਦੀ ਗਿਣਤੀ ਵਧ ਕੇ 35 ਕਰੋੜ ਹੋ ਗਈ ਸੀ। 2020 ਵਿਚ ਇਹ 19 ਕਰੋੜ ਸੀ। ਬਹੁਤ ਸਾਰੇ ਨੀਤੀਵਾਨਾਂ ਦਾ ਇਹ ਵਿਸ਼ਵਾਸ ਹੈ ਕਿ ਜਿੰਨਾ ਚਿਰ ਭਾਰਤ ਵਿਚ ਧਨ ਅਤੇ ਆਮਦਨ ਨਾ-ਬਰਾਬਰੀ ਰਹੇਗੀ, ਭਾਰਤ ਵਿਚ ਆਮ ਖੁਸ਼ਹਾਲੀ ਹੋ ਹੀ ਨਹੀਂ ਸਕਦੀ। ਜਿਨ੍ਹਾਂ ਦੇਸ਼ਾਂ ਨੂੰ ਪਛਾੜ ਕੇ ਭਾਰਤ ਪੰਜਵੇਂ ਨੰਬਰ 'ਤੇ ਪਹੁੰਚਿਆ ਹੈ, ਉਨ੍ਹਾਂ ਦੇਸ਼ਾਂ ਵਿਚ ਰਹਿਣ-ਸਹਿਣ ਤੋਂ ਇਲਾਵਾ ਜੇ ਉਨ੍ਹਾਂ ਦੇਸ਼ਾਂ ਦੀ ਸਮਾਜਿਕ ਸੁਰੱਖਿਆ ਵੱਲ ਨਜ਼ਰ ਮਾਰੀਏ ਤਾਂ ਜ਼ਮੀਨ-ਅਸਮਾਨ ਦਾ ਫ਼ਰਕ ਹੈ। ਇਨ੍ਹਾਂ ਦੇਸ਼ਾਂ ਵਿਚ ਇਕ ਤਾਂ ਬੇਰੁਜ਼ਗਾਰੀ ਹੈ ਹੀ ਨਹੀਂ ਪਰ ਜੇ ਹੈ ਤਾਂ ਉਸ ਦਾ ਹੱਲ ਬੇਰੁਜ਼ਗਾਰੀ ਭੱਤਾ ਵੀ ਉਸ ਸਮੇਂ ਲਈ ਦਿੱਤਾ ਜਾਂਦਾ ਹੈ ਜਿੰਨਾ ਚਿਰ ਉਹ ਬੇਰੁਜ਼ਗਾਰ ਰਹਿੰਦੇ ਹਨ। ਬੁਢਾਪਾ ਪੈਨਸ਼ਨ ਉਨ੍ਹਾਂ ਦੇ ਰਹਿਣ-ਸਹਿਣ ਦੇ ਉੱਚੇ ਮਿਆਰ ਲਈ ਕਾਫੀ ਹੁੰਦੀ ਹੈ ਨਾ ਕਿ ਮਾਮੂਲੀ, ਟੋਕਨ ਬੁਢਾਪਾ ਪੈਨਸ਼ਨ। ਫਿਰ ਮੁਫਤ ਸਕੂਲੀ ਵਿਦਿਆ, ਮੁਫਤ ਇਲਾਜ ਅਤੇ ਸਭ ਤੋਂ ਵੱਧ, ਉਥੋਂ ਦੀ ਆਮਦਨ ਬਰਾਬਰੀ ਇਸ ਗੱਲ ਤੋਂ ਹੀ ਨਜ਼ਰ ਆ ਜਾਂਦੀ ਹੈ ਕਿ ਉਨ੍ਹਾਂ ਦੇਸ਼ਾਂ ਵਿਚ ਕੋਈ ਵੀ ਬੰਦਾ ਕਿਸੇ ਹੋਰ ਨੂੰ ਨੌਕਰ ਨਹੀਂ ਰੱਖ ਸਕਦਾ। ਇਹੋ ਵਜ੍ਹਾ ਹੈ ਕਿ ਮੰਤਰੀਆਂ ਕੋਲ ਵੀ ਡਰਾਈਵਰ ਦੀ ਸਹੂਲਤ ਕੁਝ ਹਾਲਾਤ ਵਿਚ ਹੀ ਹੈ। ਉਥੇ ਕਿਸੇ ਵੀ ਘਰ ਵਿਚ ਘਰੇਲੂ ਨੌਕਰ ਨਹੀਂ, ਬਾਲ ਮਜ਼ਦੂਰੀ ਦਾ ਨਾਂ ਨਿਸ਼ਾਨ ਨਹੀਂ। ਇਸ ਲਈ ਉਹ ਦੇਸ਼ ਭਾਵੇਂ 6ਵੇਂ, 7ਵੇਂ ਜਾਂ ਕਿਸੇ ਵੀ ਦਰਜੇ ਦੇ ਅਰਥਚਾਰੇ ਵਾਲੇ ਹੋਣ, ਉਨ੍ਹਾਂ ਦੇਸ਼ਾਂ ਵਿਚ ਆਮ ਖੁਸ਼ਹਾਲੀ ਹੈ ਜਿਹੜੀ ਭਾਰਤ ਦੇ ਪੰਜਵੇਂ ਸਥਾਨ 'ਤੇ ਪਹੁੰਚ ਕੇ ਵੀ ਅਜੇ ਕਿਤੇ ਦੂਰ ਦੀ ਗੱਲ ਜਾਪਦੀ ਹੈ। ਭਾਰਤ ਦੀ ਸਿਰਫ਼ 2085 ਡਾਲਰ ਪ੍ਰਤੀ ਵਿਅਕਤੀ ਆਮਦਨ ਇਸ ਦੇਸ਼ ਨੂੰ ਤਕਰੀਬਨ 100ਵੇਂ ਦਰਜੇ ਦਾ ਦੇਸ਼ ਬਣਾਉਂਦੀ ਹੈ ਪਰ ਪ੍ਰਤੀ ਵਿਅਕਤੀ ਆਮਦਨ ਦੇ ਆਧਾਰ ਨੂੰ ਕਿਸੇ ਤਰ੍ਹਾਂ ਵੀ ਖੁਸ਼ਹਾਲੀ ਦਾ ਸੂਚਕ ਨਹੀਂ ਮੰਨਿਆ ਜਾ ਸਕਦਾ। 2085 ਡਾਲਰਾਂ ਦਾ ਅਰਥ ਹੈ ਕਿ ਭਾਰਤ ਵਿਚ ਹਰ ਵਿਅਕਤੀ ਦੀ ਔਸਤ ਆਮਦਨ ਤਕਰੀਬਨ 1.5 ਲੱਖ ਰੁਪਏ ਦੇ ਬਰਾਬਰ ਹੈ ਪਰ ਕੀ ਆਮ ਬੰਦੇ ਦੀ ਸਮਝ ਵਿਚ ਇਹ ਗੱਲ ਆ ਸਕਦੀ ਹੈ ਕਿ ਭਾਰਤ ਦੇ 5 ਜੀਆਂ ਵਾਲੇ ਹਰ ਪਰਿਵਾਰ ਨੂੰ ਸਾਲਾਨਾ 7.5 ਲੱਖ ਰੁਪਏ ਆਮਦਨ ਆ ਰਹੀ ਹੈ। ਅਸਲ ਵਿਚ ਭਾਰਤ ਵਿਚ ਆਮਦਨ ਦੀ ਨਾ-ਬਰਾਬਰੀ ਲਗਾਤਾਰ ਵਧਦੀ ਹੀ ਗਈ ਹੈ। ਭਾਰਤ ਦੀ ਸੁਤੰਤਰਤਾ ਸਮੇਂ ਬਣੇ ਸੰਵਿਧਾਨ ਦੇ ਨਿਰਦੇਸ਼ਕ ਸਿਧਾਂਤਾਂ ਵਿਚ ਇਹ ਗੱਲ ਕਹੀ ਗਈ ਸੀ ਕਿ ਭਾਰਤ ਵਿਚ ਸਮਾਜਵਾਦੀ ਢਾਂਚਾ ਕਾਇਮ ਕੀਤਾ ਜਾਵੇਗਾ। ਇਸ ਦਾ ਸਪੱਸ਼ਟ ਅਰਥ ਸੀ ਕਿ ਆਮਦਨ ਬਰਾਬਰੀ ਬਣਾਈ ਜਾਵੇਗੀ। ਇਸ ਲਈ ਸ਼ੁਰੂ ਵਿਚ ਇਕ ਤਾਂ ਜ਼ਮੀਨ ਦੀ ਉਪਰਲੀ ਸੀਮਾ ਤੈਅ ਕੀਤੀ ਗਈ ਅਤੇ ਨਿੱਜੀ ਕਾਰੋਬਾਰਾਂ ਦੀ ਜਗ੍ਹਾ ਜਨਤਕ ਜਾਂ ਸਰਕਾਰੀ ਕਾਰੋਬਾਰ ਸ਼ੁਰੂ ਕੀਤੇ ਗਏ ਪਰ ਸਰਕਾਰੀ ਕਾਰੋਬਾਰ ਪ੍ਰਬੰਧਕੀ ਅਯੋਗਤਾ ਕਰ ਕੇ ਘਾਟੇ ਵਿਚ ਜਾਣੇ ਸ਼ੁਰੂ ਹੋ ਗਏ ਅਤੇ ਇਕ ਤੋਂ ਬਾਅਦ ਇਕ ਬੰਦ ਹੁੰਦੇ ਗਏ। 1991 ਵਿਚ ਵਿਸ਼ਵ ਵਿਚ ਆਈਆਂ ਵੱਡੀਆਂ ਆਰਥਿਕ ਤਬਦੀਲੀਆਂ ਤੋਂ ਬਾਅਦ ਭਾਰਤ ਵਿਚ ਉਦਾਰੀਕਰਨ, ਨਿੱਜੀਕਰਨ ਅਤੇ ਸੰਸਾਰੀਕਰਨ ਦੀਆਂ ਨੀਤੀਆਂ ਕਰ ਕੇ ਨਿੱਜੀਕਰਨ ਨੂੰ ਇੰਨੀਆਂ ਖੁੱਲ੍ਹਾਂ ਦਿੱਤੀਆਂ ਗਈਆਂ ਕਿ ਠੇਕੇ ਦੇ ਕਿਰਤੀਆਂ ਦੀ ਗਿਣਤੀ ਲਗਾਤਾਰ ਵਧਦੀ ਗਈ। ਇਸੇ ਕਰ ਕੇ ਸਮਾਜਕ ਸੁਰੱਖਿਆ ਦਾ ਜਿਹੜਾ ਕੰਮ 1950 ਤੋਂ ਬਾਅਦ ਸ਼ੁਰੂ ਕੀਤਾ ਗਿਆ ਸੀ, ਉਹ ਲਗਾਤਾਰ ਘਟਦਾ ਗਿਆ। ਕਾਰਪੋਰੇਟ ਸੈਕਟਰ ਦੇ ਲਗਾਤਾਰ ਵਧਣ ਕਰ ਕੇ ਕਈ ਕਾਰਪੋਰੇਟ ਤਾਂ ਹਜ਼ਾਰਾਂ-ਕਰੋੜਾਂ ਰੁਪਏ ਸਾਲਾਨਾ ਕਮਾ ਰਹੇ ਹਨ, ਉਸ ਹਾਲਤ ਵਿਚ ਪ੍ਰਤੀ ਵਿਅਕਤੀ ਆਮਦਨ ਦੇ ਹਿਸਾਬ ਕਿਸ ਤਰ੍ਹਾਂ ਆਮ ਖੁਸ਼ਹਾਲੀ ਦਾ ਅੰਦਾਜ਼ਾ ਲਾਇਆ ਜਾਵੇਗਾ ? ਟੈਕਸ ਦੇਣ ਵਾਲਿਆਂ ਦੀ ਗਿਣਤੀ 140 ਕਰੋੜ ਵਿਚੋਂ 3 ਕਰੋੜ ਵੀ ਨਹੀਂ ਅਤੇ ਬਾਕੀ ਆਮਦਨ ਕਰ ਦੇ ਘੇਰੇ ਵਿਚ ਨਹੀਂ ਆਉਂਦ



# ਕੀ ਇੱਕ ਮੁਸਲਮਾਨ ਆਜ਼ਾਦੀ ਘੁਲਾਟੀਏ ਨੇ ਦਿੱਤਾ ਸੀ 'ਭਾਰਤ ਮਾਤਾ ਦੀ ਜੈ' ਦਾ ਨਾਅਰਾ



## ਕੌਣ ਸਨ ਅਜ਼ੀਮੁੱਲਾ ਖਾਨ ?

ਸਈਅਦ ਉਬੈਦੁਰ ਰਹਿਮਾਨ ਵੱਲੋਂ ਸੰਕਲਿਤ ਭਾਰਤੀ ਮੁਸਲਿਮ ਸੁਤੰਤਰਤਾ ਸੈਨਾਨੀਆਂ ਦੇ ਜੀਵਨੀ ਗਿਆਨਕੋਸ਼ 'ਚ ਅਜ਼ੀਮੁੱਲਾ ਖਾਨ ਬਾਰੇ ਇੱਕ ਵੱਖਰਾ ਅਧਿਆਏ ਹੈ। ਉਸ 'ਚ ਲਿਖਿਆ ਗਿਆ ਹੈ, ਅਜ਼ੀਮੁੱਲਾ ਖਾਨ 1857 ਦੇ ਵਿਦਰੋਹ ਦੇ ਪ੍ਰਮੁੱਖ ਆਗੂਆਂ 'ਚੋਂ ਇੱਕ ਸਨ। ਉਹ ਅੰਗਰੇਜ਼ੀ ਅਤੇ ਫਰਾਂਸੀਸੀ ਸਮੇਤ ਹੋਰ ਕਈ ਵਿਦੇਸ਼ੀ ਭਾਸ਼ਾਵਾਂ 'ਚ ਮਾਹਰ ਸਨ।ਬਾਕੀ ਸੁਤੰਤਰਤਾ ਸੈਨਾਨੀਆਂ ਨੂੰ ਵਿਦੇਸ਼ੀ ਭਾਸ਼ਾਵਾਂ ਦਾ ਕੋਈ ਜ਼ਿਆਦਾ ਗਿਆਨ ਨਹੀਂ ਸੀ।ਉਹ ਹਮੇਸ਼ਾ ਅੰਗਰੇਜ਼ੀ ਅਧਿਕਾਰੀਆਂ ਨਾਲ ਬਹੁਤ ਹੀ ਆਤਮ ਵਿਸ਼ਵਾਸ ਨਾਲ ਗੱਲਬਾਤ ਕਰਦੇ ਸਨ। ਉਸ ਸਮੇਂ ਜਦੋਂ ਭਾਰਤ ਦੇ ਜ਼ਿਆਦਾਤਰ ਲੋਕਾਂ ਦਾ ਮੰਨਣਾ ਸੀ ਕਿ ਬ੍ਰਿਟਿਸ਼ ਫੌਜ ਅਜਿੱਤ ਹੈ, ਉਨ੍ਹਾਂ ਨੇ ਤੁਰਕੀ, ਕ੍ਰੀਮੀਆ ਅਤੇ ਯੂਰਪ ਦਾ ਦੌਰਾ ਕੀਤਾ ਅਤੇ ਵੇਖਿਆ ਕਿ ਉੱਥੇ ਬ੍ਰਿਟਿਸ਼ ਫੌਜ ਨੂੰ ਹਾਰ ਦਾ ਮੂੰਹ ਵੇਖਣਾ ਪੈ ਰਿਹਾ ਹੈ। ਰਹਿਮਾਨ ਅੱਗੇ ਲਿਖਦੇ ਹਨ ਕਿ ਅਜ਼ੀਮੁੱਲਾ ਮਰਹੂਮ ਪੇਸ਼ਵਾ ਦੂਜੇ ਬਾਜੀਰਾਓ ਦੇ ਗੋਦ ਲਏ ਪੁੱਤਰ ਨਾਨਾ ਸਾਹਿਬ ਦੇ ਦੀਵਾਨ ਸਨ। ਬਾਅਦ 'ਚ ਉਹ ਉਨ੍ਹਾਂ ਦੇ ਪ੍ਰਧਾਨ ਮੰਤਰੀ ਬਣੇ। ਪੇਸ਼ਵਾ ਮਰਾਠਾ ਸਾਮਰਾਜ ਦੇ ਰਾਜਾ ਸਨ। ਹਿੰਦੂ ਰਾਸ਼ਟਰਵਾਦ ਦੇ ਪਿਤਾਮਾ ਕਹੇ ਜਾਣ ਵਾਲੇ ਵਿਨਾਇਕ ਦਾਮੋਦਰ ਸਾਵਰਕਰ ਨੇ ਆਪਣੀ ਕਿਤਾਬ 'ਦ ਇੰਡੀਅਨ ਵਾਰ ਆਫ਼ ਇੰਡੀਪੈਂਡੈਂਸ ਆਫ਼ 1857' 'ਚ ਲਿਖਿਆ ਹੈ, ਅਜ਼ੀਮੁੱਲਾ ਖਾਨ 1857 ਦੇ ਵਿਦਰੋਹ ਦੇ ਸਭ ਤੋਂ ਯਾਦਗਾਰ ਕਿਰਦਾਰਾਂ 'ਚੋਂ ਇੱਕ ਸਨ। ਅਜ਼ੀਮੁੱਲਾ ਨੂੰ ਉਨ੍ਹਾਂ ਲੋਕਾਂ 'ਚ ਵਿਸ਼ੇਸ਼ ਥਾਂ ਦਿੱਤੀ ਜਾਣੀ ਚਾਹੀਦੀ ਹੈ, ਜਿਨ੍ਹਾਂ ਨੇ ਸਭ ਤੋਂ ਪਹਿਲਾਂ ਆਜ਼ਾਦੀ ਦੀ ਲੜਾਈ ਦੇ ਬਾਰੇ ਸੋਚਿਆ ਸੀ। ਪੇਸ਼ਵਾ ਦੂਜੇ ਬਾਜੀਰਾਓ ਦਾ ਗੋਦ ਲਿਆ ਪੁੱਤਰ ਹਣ ਦੇ ਕਾਰਨ ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਨੇ ਬਾਜੀਰਾਓ ਦੇ ਦੇਹਾਂਤ ਤੋਂ ਬਾਅਦ ਨਾਨਾ ਸਾਹਿਬ ਦੀ ਪੈਨਸ਼ਨ ਬੰਦ ਕਰ ਦਿੱਤੀ ਸੀ।ਸਾਵਰਕਰ ਤੋਂ ਇਲਾਵਾ ਹੋਰ ਕਈ ਇਤਿਹਾਸਕਾਰਾਂ ਨੇ ਵੀ ਲਿਖਿਆ ਹੈ ਕਿ ਉੱਤਰਾਧਿਕਾਰੀ ਦੇ ਵਿਵਾਦ ਨੂੰ ਸੁਲਝਾਉਣ ਦੇ ਲਈ ਨਾਨਾ ਸਾਹਿਬ ਨੇ ਅਜ਼ੀਮੁੱਲਾ ਖਾਨ ਨੂੰ ਇੰਗਲੈਂਡ ਭੇਜਿਆ ਸੀ।

ਅਜ਼ੀਮੁੱਲਾ ਲਗਭਗ ਦੋ ਸਾਲ ਤੱਕ ਇੰਗਲੈਂਡ 'ਚ ਸਨ।ਉਹ ਸਾਲ 1855 'ਚ ਭਾਰਤ ਪਰਤੇ।ਅੰਗਰੇਜ਼ੀ ਅਤੇ ਫ੍ਰੈਂਚ ਸਮੇਤ ਹੋਰ ਕਈ ਭਾਸ਼ਾਵਾਂ 'ਚ ਮਾਹਰ ਹੋਣ ਦੇ ਬਾਵਜੂਦ ਅਜ਼ੀਮੁੱਲਾ ਖਾਨ ਬਚਪਨ ਬਹੁਤ ਹੀ ਗਰੀਬੀ 'ਚ ਬਤੀਤ ਹੋਇਆ ਸੀ।ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਉਨ੍ਹਾਂ ਨੂੰ ਅਤੇ ਉਨ੍ਹਾਂ ਦੀ ਮਾਂ ਨੂੰ ਸਾਲ 1837-38 ਦੇ ਅਕਾਲ ਦੌਰਾਨ ਬਚਾਇਆ ਗਿਆ ਸੀ। ਉਨ੍ਹਾਂ ਨੂੰ ਕਾਨਪੁਰ ਦੇ ਇੱਕ ਈਸਾਈ ਮਿਸ਼ਨ 'ਚ ਸ਼ਰਨ ਮਿਲੀ ਸੀ।ਇਤਿਹਾਸਕਾਰਾਂ ਦਾ ਕਹਿਣਾ ਹੈ ਕਿ ਕੋਈ ਸਮਾਂ ਸੀ ਜਦੋਂ ਉਨ੍ਹਾਂ ਨੇ ਬ੍ਰਿਟਿਸ਼ ਅਧਿਕਾਰੀਆਂ ਦੇ ਘਰਾਂ 'ਚ ਕਦੇ ਵੇਟਰ ਅਤੇ ਕਦੇ ਰਸੋਈਏ ਵੱਜੋਂ ਕੰਮ ਕੀਤਾ ਸੀ। ਉਸੇ ਦੌਰਾਨ ਉਨ੍ਹਾਂ ਨੇ ਅੰਗਰੇਜ਼ੀ ਅਤੇ ਫ੍ਰੈਂਚ ਭਾਸ਼ਾਵਾਂ ਸਿੱਖੀਆਂ ਸਨ।ਇੰਗਲੈਂਡ ਅਤੇ ਯੂਰਪ ਦੇ ਦੌਰੇ ਤੋਂ ਪਰਤਣ ਤੋਂ ਬਾਅਦ ਅਜ਼ੀਮੁੱਲਾ ਖਾਨ ਤੁਰਕੀ ਅਤੇ ਕ੍ਰੀਮੀਆ ਲਈ ਰਵਾਨਾ ਹੋਏ। ਭਾਰਤ ਵਾਪਸ ਆਉਣ ਤੋਂ ਬਾਅਦ ਉਨ੍ਹਾਂ ਨੇ ਨਾਨਾ ਸਾਹਿਬ ਨੂੰ ਵਿਦਰੋਹ ਕਰਨ ਦੀ ਸਲਾਹ ਦਿੱਤੀ।

ਦੇਸ਼ ਦੇ ਹਿੰਦੂਤਵੀ ਸਿਆਸਤਦਾਨ ਆਗੂ ਅਤੇ ਕਾਰਕੁਨ ਅਕਸਰ ਹੀ 'ਭਾਰਤ ਮਾਤਾ ਦੀ ਜੈ' ਦਾ ਨਾਅਰਾ ਲਗਾਉਂਦੇ ਹਨ। ਪਰ ਇਤਿਹਾਸਕਾਰਾਂ ਦੇ ਇੱਕ ਸਮੂਹ ਦਾ ਮੰਨਣਾ ਹੈ ਕਿ 1857 'ਚ ਦੇਸ਼ 'ਚ ਹੋਏ ਪਹਿਲੇ ਸੁਤੰਤਰਤਾ ਸੰਗਰਾਮ ਦੌਰਾਨ ਇੱਕ ਮੁਸਲਿਮ ਆਜ਼ਾਦੀ ਘੁਲਾਟੀਏ ਨੇ ਸਭ ਤੋਂ ਪਹਿਲਾਂ ਇਹ ਨਾਅਰਾ ਦਿੱਤਾ ਸੀ। ਹਾਲ ਹੀ 'ਚ ਅਜਿਹੀਆਂ ਕਈ ਘਟਨਾਵਾਂ ਸਾਹਮਣੇ ਆਈਆਂ ਹਨ, ਜਿੱਥੇ ਮੁਸਲਿਮ ਭਾਈਚਾਰੇ ਦੇ ਲੋਕਾਂ ਨੂੰ ਸਵਾਲ ਕੀਤਾ ਜਾਂਦਾ ਹੈ ਕਿ ਉਹ ਭਾਰਤ ਮਾਤਾ ਦੀ ਜੈ ਦਾ ਨਾਅਰਾ ਲਗਾਉਣ ਲਈ ਤਿਆਰ ਕਿਉਂ ਨਹੀਂ ਹੁੰਦੇ ਹਨ। ਪਿਛਲੇ ਕੁਝ ਸਾਲਾਂ ਦੌਰਾਨ ਕੁਝ ਅਜਿਹੀਆਂ ਘਟਨਾਵਾਂ ਸਾਹਮਣੇ ਆਈਆਂ ਹਨ, ਜਦੋਂ ਮੁਸਲਮਾਨਾਂ ਦੇ ਨਾਲ ਕਿਸੇ ਭੀੜ ਨੇ ਬਦਸਲੂਕੀ ਦਾ ਵਤੀਰਾ ਕੀਤਾ ਹੋਵੇ ਅਤੇ ਉਨ੍ਹਾਂ 'ਚੋਂ ਕੁਝ ਮਾਮਲਿਆਂ 'ਚ ਤਾਂ ਹਿੰਦੂਵਾਦੀਆਂ ਵੱਲੋਂ ਤੰਗ ਪਰੇਸ਼ਾਨ ਕੀਤੇ ਜਾ ਰਹੇ ਮੁਸਲਿਮ ਲੋਕਾਂ ਤੋਂ ਜ਼ਬਰਦਸਤੀ ਭਾਰਤ ਮਾਤਾ ਦੀ ਜੈ ਦਾ ਨਾਅਰਾ ਲਗਵਾਉਣ ਦਾ ਯਤਨ ਕਰਦੇ ਵੀ ਵੇਖਿਆ ਗਿਆ ਹੈ। ਇਤਿਹਾਸਕਾਰਾਂ ਦਾ ਇੱਕ ਸਮੂਹ ਭਾਵੇਂ ਇਹ ਮੰਨਦਾ ਹੈ ਕਿ ਇਹ ਨਾਅਰਾ ਇੱਕ ਮੁਸਲਿਮ ਆਜ਼ਾਦੀ ਘੁਲਾਟੀਏ ਵੱਲੋਂ ਦਿੱਤਾ ਗਿਆ ਸੀ, ਪਰ ਆਮ ਲੋਕਾਂ ਤੱਕ ਇਹ ਜਾਣਕਾਰੀ ਕੇਰਲ ਦੇ ਮੁੱਖ ਮੰਤਰੀ ਪਿਨਾਰਾਈ ਵਿਜਯਨ ਦੇ ਇੱਕ ਭਾਸ਼ਣ ਦੇ ਜ਼ਰੀਏ ਪਹੁੰਚੀ ਹੈ। ਨਿਊਜ਼ ਏਜੰਸੀ ਪੀਟੀਆਈ ਨੇ ਮੁੱਖ ਮੰਤਰੀ ਵਿਜਯਨ ਵੱਲੋਂ ਸੋਮਵਾਰ ਨੂੰ ਦਿੱਤੇ ਉਸ ਭਾਸ਼ਣ ਦਾ ਹਵਾਲਾ ਦਿੰਦੇ ਹੋਏ ਇੱਕ ਰਿਪੋਰਟ ਜਾਰੀ ਕੀਤੀ ਹੈ। ਉਸ 'ਚ ਵਿਜਯਨ ਦਾ ਕਹਿਣਾ ਹੈ, ਸੰਘ ਪਰਿਵਾਰ ਦੇ ਲੋਕ ਇੱਥੇ ਆ ਕੇ ਸਾਹਮਣੇ ਬੈਠੇ ਲੋਕਾਂ ਤੋਂ ਭਾਰਤ ਮਾਤਾ ਦੀ ਜੈ ਦਾ ਨਾਅਰਾ ਲਗਾਉਣ ਨੂੰ ਕਹਿੰਦੇ ਹਨ। ਕੀ ਉਨ੍ਹਾਂ ਨੂੰ ਪਤਾ ਹੈ ਕਿ ਇਹ ਨਾਅਰਾ ਕਿਸ ਨੇ ਦਿੱਤਾ ਸੀ। ਮੈਨੂੰ ਨਹੀਂ ਲੱਗਦਾ ਕਿ ਸੰਘ ਪਰਿਵਾਰ ਨੂੰ ਇਸ ਦੀ ਜਾਣਕਾਰੀ ਹੈ ਅਤੇ ਨਾ ਹੀ ਉਨ੍ਹਾਂ ਨੂੰ ਪਤਾ ਹੈ ਕਿ ਉਸ ਆਜ਼ਾਦੀ ਘੁਲਾਟੀਏ ਦਾ ਨਾਮ ਅਜ਼ੀਮੁੱਲਾ ਖਾਨ ਸੀ। ਇਤਿਹਾਸਕਾਰਾਂ ਦੇ ਮੁਤਾਬਕ ਅਜ਼ੀਮੁੱਲਾ ਖਾਨ ਸਾਲ 1857 'ਚ ਹੋਣ ਵਾਲੇ ਪਹਿਲੇ ਸੁਤੰਤਰਤਾ ਸੰਗਰਾਮ, ਜਿਸ ਨੂੰ ਕਿ ਕਈ ਲੋਕ ਸਿਪਾਹੀ ਬਗਾਵਤ ਦੇ ਨਾਮ ਨਾਲ ਵੀ ਜਾਣਦੇ ਹਨ, ਦੇ ਸਭ ਤੋਂ ਅਹਿਮ ਪਾਤਰਾਂ 'ਚੋਂ ਇੱਕ ਸਨ। ਇਤਿਹਾਸਕਾਰ ਅਤੇ ਲੇਖਕ ਸਈਅਦ ਉਬੈਦੁਰ ਰਹਿਮਾਨ ਬੀਬਸੀ ਬੰਗਲਾ ਨੂੰ ਦੱਸਦੇ ਹਨ, ਇਸ 'ਚ ਕੋਈ ਸ਼ੱਕ ਨਹੀਂ ਹੈ ਕਿ ਅਜ਼ੀਮੁੱਲਾ ਖਾਨ ਨੇ ਹੀ 'ਮਾਦਰੇ ਵਤਨ ਹਿੰਦੁਸਤਾਨ ਜ਼ਿੰਦਾਬਾਦ' ਦਾ ਨਾਅਰਾ ਦਿੱਤਾ ਸੀ। ਇਤਿਹਾਸਕਾਰਾਂ ਦਾ ਕਹਿਣਾ ਹੈ ਕਿ 'ਭਾਰਤ ਮਾਤਾ ਦੀ ਜੈ' ਅਜ਼ੀਮੁੱਲਾ ਖਾਨ ਦੇ ਉਸ ਨਾਅਰੇ ਦਾ ਹੀ ਹਿੰਦੀ ਅਨੁਵਾਦ ਹੈ। ਪਰ ਇਸਲਾਮੀ ਧਰਮ ਸ਼ਾਸਤਰ ਮਾਹਰ ਮੁਹੰਮਦ ਕਮਰੁਜ਼ਮਾਂ ਦਾ ਕਹਿਣਾ ਹੈ, ਮਾਦਰੇ ਵਤਨ ਹਿੰਦੁਸਤਾਨ ਜ਼ਿੰਦਾਬਾਦ ਦਾ ਸ਼ਾਬਦਿਕ ਅਨੁਵਾਦ 'ਮਾਤ ਭੂਮੀ ਭਾਰਤਵਰਸ਼ ਜ਼ਿੰਦਾਬਾਦ ਹੈ। ਕੇਰਲ ਦੇ ਮੁੱਖ ਮੰਤਰੀ ਪਿਨਰਾਈ ਵਿਜਯਨ ਨੇ ਕਿਹਾ ਹੈ ਕਿ ਜਿਸ ਤਰ੍ਹਾਂ ਡਿਪਲੋਮੈਟ ਆਬਦੀ ਹਸਨ ਸਾਫਰਾਨੀ ਨੇ 'ਜੈ ਹਿੰਦ' ਦਾ ਨਾਅਰਾ ਦਿੱਤਾ ਸੀ, ਉਸੇ ਤਰ੍ਹਾਂ ਹੀ ਮੁਹੰਮਦ ਇਕਬਾਲ ਨੇ ਮਸ਼ਹੂਰ ਦੇਸ਼ ਭਗਤੀ ਗੀਤ 'ਸਾਰੇ ਜਹਾਂ ਸੇ ਅੱਛਾ ਹਿੰਦੁਸਤਾਨ ਹਮਾਰਾ' ਕਲਮਬੱਧ ਕੀਤਾ ਸੀ।

**ਅਖ਼ਬਾਰ ਦੇ ਜ਼ਰੀਏ ਆਜ਼ਾਦੀ ਦੀ ਅਪੀਲ**

ਅਜ਼ੀਮੁੱਲਾ ਖਾਨ ਨੇ ਯੂਰਪ ਤੋਂ ਪਰਤਣ ਤੋਂ ਬਾਅਦ 'ਪਯਾਮੇ ਆਜ਼ਾਦੀ' ਨਾਮ ਦਾ ਇੱਕ ਅਖ਼ਬਾਰ ਸ਼ੁਰੂ ਕੀਤਾ। ਇਹ ਉਰਦੂ, ਮਰਾਠੀ ਅਤੇ ਹਿੰਦੀ 'ਚ ਪ੍ਰਕਾਸ਼ਿਤ ਹੁੰਦਾ ਸੀ। ਉਹ ਯੂਰਪ ਤੋਂ ਇੱਕ ਛਿਪਾਈ ਮਸ਼ੀਨ ਲੈ ਕੇ ਆਏ ਸਨ ਅਤੇ ਉਨ੍ਹਾਂ ਦਾ ਅਖ਼ਬਾਰ ਉਸੇ ਮਸ਼ੀਨ 'ਤੇ ਛਪਦਾ ਸੀ। ਉਰਦੂ ਪੱਤਰਕਾਰੀ ਦੇ ਇਤਿਹਾਸ ਅਤੇ ਸੁਤੰਤਰਤਾ ਸੰਗਰਾਮ ਦੇ ਖੋਜਕਾਰ ਫੈਸਲ ਫਾਰੂਕੀ ਦੱਸਦੇ ਹਨ ਕਿ ਅਜ਼ੀਮੁੱਲਾ ਖਾਨ ਨੇ ਆਪਣੀ ਉਸੇ ਅਖ਼ਬਾਰ ਦੇ ਰਾਹੀਂ ਬਗ਼ਾਵਤ ਅਤੇ ਆਜ਼ਾਦੀ ਦੀਆਂ ਗੱਲਾਂ, ਵਿਚਾਰਾਂ ਦਾ ਪ੍ਰਚਾਰ ਕਰਨਾ ਸ਼ੁਰੂ ਕੀਤਾ ਸੀ। ਉਨ੍ਹਾਂ ਦਾ ਕਹਿਣਾ ਹੈ, ਉਹ ਆਪਣੇ ਅਖ਼ਬਾਰ ਦੇ ਜ਼ਰੀਏ ਇੱਕੋ ਸਮੇਂ ਮੁਸਲਿਮ, ਹਿੰਦੂ, ਸਿੱਖ ਭਾਵ ਸਾਰੇ ਹੀ ਭਾਈਚਾਰੇ ਦੇ ਲੋਕਾਂ ਨੂੰ ਲਗਾਤਾਰ ਪ੍ਰੇਰਿਤ ਕਰਦੇ ਰਹੇ। ਜਿਸ ਗੰਗਾ-ਯਮੁਨੀ ਸੰਸਕ੍ਰਿਤੀ ਦੀ ਗੱਲ ਕੀਤੀ ਜਾਂਦੀ ਹੈ, ਉਸ ਦੀ ਝਲਕ ਹਮੇਸ਼ਾਂ ਹੀ ਉਨ੍ਹਾਂ ਦੀਆਂ ਲਿਖਤਾਂ 'ਚ ਆਮ ਝਲਕਦੀ ਸੀ। ਪਹਿਲੇ ਆਜ਼ਾਦੀ ਸੰਗਰਾਮ ਜਾਂ ਸਿਪਾਹੀ ਵਿਦਰੋਹ ਦਾ ਮਾਰਚਿੰਗ ਗੀਤ ਵੀ ਉਨ੍ਹਾਂ ਨੇ ਹੀ ਕਲਮਬੱਧ ਕੀਤਾ ਸੀ। ਫਾਰੂਕੀ ਉਸ ਗੀਤ ਨੂੰ ਪੜ੍ਹ ਕੇ ਸੁਣਾ ਰਹੇ ਸਨ। ਉਸ ਗੀਤ ਦੀਆਂ ਆਖ਼ਰੀ ਦੋ ਪੰਕਤੀਆਂ ਤੋਂ ਪਤਾ ਲੱਗਦਾ ਹੈ ਕਿ ਉਹ ਕਿਸ ਤਰ੍ਹਾਂ ਨਾਲ ਸਾਰੇ ਹੀ ਧਰਮਾਂ ਦੇ ਲੋਕਾਂ ਨੂੰ ਆਜ਼ਾਦੀ ਦੇ ਸੰਘਰਸ਼ ਲਈ ਪ੍ਰੇਰਿਤ ਕਰਦੇ ਸਨਃ- ਹਿੰਦੂ, ਮੁਸਲਮਾਨ, ਸਿੱਖ ਹਮਾਰਾ ਭਾਈ-ਭਾਈ ਪਿਆਰਾ, ਯੇ ਹੈ ਆਜ਼ਾਦੀ ਕਾ ਝੰਡਾ, ਇਸੇ ਸਲਾਮ ਹਮਾਰਾ '। ਭਾਵ ਹਿੰਦੂ, ਮੁਸਲਮਾਨ ਅਤੇ ਸਿੱਖ ਸਾਰੇ ਲੋਕ ਭਰਾ-ਭਰਾ ਹਨ, ਇਹ ਆਜ਼ਾਦੀ ਦਾ ਝੰਡਾ ਹੈ, ਜਿਸ ਨੂੰ ਸਾਡਾ ਸਾਰਿਆਂ ਦਾ ਸਲਾਮ ਹੈ। ਇਤਿਹਾਸਕਾਰ ਅਤੇ ਲੇਖਕ ਸਈਅਦ ਉਬੈਦੁਰ ਰਹਿਮਾਨ ਦੱਸਦੇ ਹਨ ਕਿ ਉਸੇ ਦੌਰ 'ਚ ਉਨ੍ਹਾਂ ਨੇ ਆਪਣੀ ਅਖ਼ਬਾਰ 'ਚ ਮਾਦਰੇ ਵਤਨ ਨਾਅਰਾ ਲਿਖਿਆ ਸੀ।ਉਨ੍ਹਾਂ ਦਾ ਕਹਿਣਾ ਹੈ, ਇਸ ਗੱਲ 'ਚ ਕੋਈ ਸ਼ੱਕ ਨਹੀਂ ਹੈ ਕਿ ਇਹ ਨਾਅਰਾ ਉਨ੍ਹਾਂ ਦੀ ਹੀ ਦੇਣ ਹੈ। ਪਰ ਇਸ ਨਾਅਰੇ ਨੂੰ ਵੱਖਰਾ ਕਰਕੇ ਨਹੀਂ ਵੇਖਿਆ ਜਾਣਾ ਚਾਹੀਦਾ ਹੈ। ਉਨ੍ਹਾਂ ਦਾ ਅਖ਼ਬਾਰ ਨਿਯਮਿਤ ਤੌਰ 'ਤੇ ਆਜ਼ਾਦੀ ਦੀ ਲੜਾਈ ਨੂੰ ਅੱਗੇ ਵਧਾਉਣ ਲਈ ਅੰਗਰੇਜ਼ਾਂ ਖਿਲਾਫ ਬਗ਼ਾਵਤ ਕਰਨ ਦਾ ਸੱਦਾ ਦਿੰਦਾ ਸੀ। ਅਜ਼ੀਮੁੱਲਾ ਇਸੇ ਤਰ੍ਹਾਂ ਦੇ ਨਾਅਰੇ ਲਿਖਦੇ ਸਨ। ਹਾਲਾਂਕਿ ਕੁਝ ਲੋਕਾਂ ਦਾ ਕਹਿਣਾ ਹੈ ਕਿ ਇਸ ਗੱਲ ਦਾ ਕੋਈ ਸਬੂਤ ਨਹੀਂ ਹੈ ਕਿ ਖਾਨ ਨੇ ਹੀ ਸਭ ਤੋਂ ਪਹਿਲਾਂ ਮਾਦਰੇ ਵਤਨ ਹਿੰਦੁਸਤਾਨ ਦਾ ਨਾਅਰਾ ਦਿੱਤਾ ਸੀ।ਰਹਿਮਾਨ ਇਹ ਵੀ ਕਹਿੰਦੇ ਹਨ ਕਿ ਅਜ਼ੀਮੁੱਲਾ ਖਾਨ 1857 ਦੇ ਪ੍ਰਮੁੱਖ ਯੋਜਨਾਕਾਰਾਂ 'ਚੋਂ ਇੱਕ ਸਨ।ਬਗਾਵਤ ਨੂੰ ਠੱਲ੍ਹਣ ਬਾਅਦ ਅਜ਼ੀਮੁੱਲਾ ਖਾਨ ਜ਼ਿਆਦਾ ਸਮੇਂ ਤੱਕ ਜ਼ਿੰਦਾ ਨਾ ਰਹਿ ਸਕੇ।1859 'ਚ ਨੇਪਾਲ ਦੇ ਤਰਾਈ ਇਲਾਕੇ 'ਚ ਉਨ੍ਹਾਂ ਦਾ ਦੇਹਾਂਤ ਹੋ ਗਿਆ ਸੀ। ਬ੍ਰਿਟਿਸ਼ ਸੈਨਿਕਾਂ ਦੇ ਹੱਥੋਂ ਬੱਚ ਕੇ ਭੱਜਦਿਆਂ ਹੋਏ ਉਹ ਬੀਮਾਰ ਹੋ ਗਏ ਸਨ। ਇਤਿਹਾਸਕਾਰਾਂ ਦਾ ਮੰਨਣਾ ਹੈ ਕਿ ਲਗਾਤਾਰ ਇੱਕ ਤੋਂ ਦੂਜੀ ਥਾਂ ਜਾਣ ਦੇ ਕਾਰਨ ਹੀ ਸ਼ਾਇਦ ਉਨ੍ਹਾਂ ਦਾ ਇਲਾਜ ਸਹੀ ਢੰਗ ਨਾਲ ਨਹੀਂ ਹੋ ਸਕਿਆ ਸੀ।

**ਮਾਦਰੇ ਵਤਨ ਤੋਂ ਇਲਾਵਾ ਵੀ**

ਇਤਿਹਾਸਕਾਰ ਅਤੇ ਲੇਖਕ ਸਈਅਦ ਉਬੈਦੁਰ ਰਹਿਮਾਨ ਦਾ ਕਹਿਣਾ ਹੈ ਕਿ ਮਾਦਰੇ ਵਤਨ ਤੋਂ ਇਲਾਵਾ ਕਈ ਹੋਰ ਬਗਾਵਤੀ ਨਾਅਰੇ ਵੀ ਮੁਸਲਿਮ ਆਗੂਆਂ ਵੱਲੋਂ ਹੀ ਦਿੱਤੇ ਗਏ ਹਨ।ਉਨ੍ਹਾਂ ਦਾ ਕਹਿਣਾ ਸੀ, ਕਮਿਊਨਿਸਟ ਪਾਰਟੀ ਦੇ ਸੰਸਥਾਪਕਾਂ 'ਚੋਂ ਇੱਕ ਅਤੇ ਆਜ਼ਾਦੀ ਘੁਲਾਟੀਏ ਮੌਲਾਨਾ ਹਸਰਤ ਮੋਹਾਨੀ ਨੇ 'ਇਨਕਲਾਬ ਜ਼ਿੰਦਾਬਾਦ' ਦਾ ਨਾਅਰਾ ਦਿੱਤਾ ਸੀ।ਇਸੇ ਤਰ੍ਹਾਂ ਯੂਸੁਫ ਮੇਹਰ ਅਲੀ ਨੇ 'ਕਵਿਟ ਇੰਡੀਆ' ਜਾਂ 'ਭਾਰਤ ਛੱਡੋ' ਦਾ ਨਾਅਰਾ ਦਿੱਤਾ ਸੀ।'ਸਾਈਮਨ ਗੋ ਬੈਕ' ਦਾ ਨਾਅਰਾ ਵੀ ਉਨ੍ਹਾਂ ਨੇ ਹੀ ਦਿੱਤਾ ਸੀ। ਇਨ੍ਹਾਂ ਲੋਕਾਂ ਦਾ ਤਾਂ ਕੋਈ ਨਾਮ ਹੀ ਨਹੀਂ ਲੈਂਦਾ ਹੈ। ਰਹਿਮਾਨ ਦੇ ਮੁਤਾਬਕ ਸਾਲ 1857 ਦਾ ਪਹਿਲਾ ਸੁਤੰਤਰਤਾ ਸੰਗਰਾਮ ਹੋਵੇ ਜਾਂ ਫਿਰ ਸਾਲ 1910 ਤੋਂ 1947 ਤੱਕ ਦਾ ਦੌਰ, ਇਸ ਪੂਰੇ ਸਮੇਂ ਦੌਰਾਨ ਹਿੰਦੂ, ਮੁਸਲਮਾਨ ਅਤੇ ਸਿੱਖ ਸਾਰਿਆਂ ਨੇ ਹੀ ਮੋਢੇ ਨਾਲ ਮੋਢਾ ਜੋੜ ਕੇ ਆਜ਼ਾਦੀ ਦੀ ਲੜਾਈ 'ਚ ਸ਼ਮੂਲੀਅਤ ਕੀਤੀ ਸੀ।ਉਨ੍ਹਾਂ ਦਾ ਕਹਿਣਾ ਸੀ ਕਿ ਕੀ ਕੋਈ ਜਾਣਦਾ ਹੈ ਕਿ ਕਿੰਨੇ ਮੁਸਲਮਾਨ ਰਾਸ਼ਟਰੀ ਕਾਂਗਰਸ ਦੇ ਪ੍ਰਧਾਨ ਦੇ ਅਹੁਦੇ 'ਤੇ ਬਿਰਾਜਮਾਨ ਹੋਏ ਹਨ ?ਅਬੁਲ ਕਲਾਮ ਆਜ਼ਾਦ ਦਾ ਨਾਮ ਤਾਂ ਹਰ ਕੋਈ ਜਾਣਦਾ ਹੈ, ਪਰ ਇਹ ਗੱਲ ਕਿੰਨੇ ਲੋਕ ਜਾਣਦੇ ਹਨ ਕਿ ਕੁੱਲ 8 ਮੁਸਲਮਾਨ ਕਾਂਗਰਸ ਦੇ ਪ੍ਰਧਾਨ ਰਹੇ ਸਨ।

**'ਭਾਰਤ ਮਾਤਾ' ਦਾ ਨਾਅਰਾ ਕਿੱਥੋਂ ਆਇਆ ?**

ਹਿੰਦੂਤਵਵਾਦੀ ਸੰਗਠਨ ਜਿਸ 'ਭਾਰਤ ਮਾਤਾ ਦੀ ਜੈ' ਨੂੰ ਸਿਆਸੀ ਅਤੇ ਦੇਸ਼ ਭਗਤੀ ਦੇ ਨਾਅਰੇ ਵੱਜੋਂ ਪ੍ਰਚਾਰਿਤ ਕਰਦੇ ਹਨ, ਉਸ ਦਾ ਵਰਣਨ 1866 'ਚ ਸਭ ਤੋਂ ਪਹਿਲਾਂ ਮਿਲਦਾ ਹੈ।ਹਿੰਦੂਤਵ ਰਾਜਨੀਤੀ 'ਤੇ ਖੋਜ ਕਰਨ ਵਾਲੇ ਸਨਿਗਧੇਂਦੂ ਭੱਟਾਚਾਰੀਆ ਦਾ ਕਹਿਣਾ ਹੈ, ਬੰਗਾਲ 'ਚ ਸਾਲ 1866 'ਚ ਕ੍ਰਿਸ਼ਣ ਦਵੈਪਾਯਨ ਵਿਆਸ ਦੇ ਨਾਮ ਨਾਲ ਲਿਖੀ ਸੰਭਾਵਤ ਭੂਦੇਵ ਮੁਖੋਪਾਧਿਆਏ ਦੀ ਕਿਤਾਬ ਉਨੀਸਵਾਂ ਪੁਰਾਣ 'ਚ ਭਾਰਤ ਮਾਤਾ ਦਾ ਜ਼ਿਕਰ ਕੀਤਾ ਗਿਆ ਸੀ।ਅਗਲੇ ਸਾਲ ਹੀ ਹਿੰਦੀ ਮੇਲੇ ਦੇ ਉਦਘਾਟਨ ਮੌਕੇ ਦਵਿਜੇਂਦਰ ਨਾਥ ਠਾਕੁਰ ਨੇ ਆਪਣਾ ਕਲਮਬੱਧ ਗੀਤ 'ਮਲਿਨ ਮੁਖਚੰਦਰ, ਮਾਂ ਭਾਰਤ ਤੋਮਾਰਿ' ਸੁਣਾਇਆ ਸੀ। ਵਿਪਿਨ ਚੰਦਰ ਪਾਲ ਦੇ ਇੱਕ ਲੇਖ 'ਚ ਵੀ ਇਸ ਦਾ ਜ਼ਿਕਰ ਮਿਲਦਾ ਹੈ। ਇਸ ਗੀਤ ਦੀ ਵਰਤੋਂ 1873 'ਚ ਕਿਰਨ ਚੰਦਰ ਬੰਦਦੋਪਾਧਿਆਏ ਵੱਲੋਂ ਲਿਖੇ ਨਾਟਕ ਭਾਰਤ ਮਾਤਾ 'ਚ ਕੀਤੀ ਗਈ ਸੀ। ਸਨਿਗਧੇਂਦੂ ਦਾ ਕਹਿਣਾ ਸੀ, ਹਾਲਾਂਕਿ ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਭਾਰਤ ਮਾਤਾ ਦੀ ਜੈ ਦਾ ਨਾਅਰਾ ਉਸ ਸਮੇਂ ਬੰਗਾਲ 'ਚ ਪ੍ਰਸਿੱਧ ਹੋਇਆ ਸੀ ਜਾਂ ਫਿਰ ਨਹੀਂ। ਇਸ ਦਾ ਕਾਰਨ ਇਹ ਹੈ ਕਿ ਉਸ ਸਮੇਂ ਤੱਕ ਬੰਕਿਮਚੰਦਰ ਵੱਲੋਂ ਲਿਖਿਆ ਗੀਤ 'ਵੰਦੇ ਮਾਤਰਮ' ਬਹੁਤ ਹੀ ਪ੍ਰਸਿੱਧ ਹੋ ਗਿਆ ਸੀ। ਉਹ ਦੱਸਦੇ ਹਨ ਕਿ ਬੰਗਾਲ ਜਾਂ ਭਾਰਤ 'ਚ ਸਾਲ 1860 ਤੋਂ ਪਹਿਲਾਂ ਭਾਰਤ ਮਾਤਾ ਦੀ ਜੈ ਦਾ ਕੋਈ ਜ਼ਿਕਰ ਜਾਂ ਵਰਤੋਂ ਨਹੀਂ ਮਿਲਦੀ ਹੈ। ਅਜਿਹੀ ਸਥਿਤੀ 'ਚ ਅਜ਼ੀਮੁੱਲਾ ਖਾਨ ਨੇ ਮਾਦਰੇ ਵਤਨ ਹਿੰਦੁਸਤਾਨ ਜ਼ਿੰਦਾਬਾਦ ਦਾ ਨਾਅਰਾ ਦਿੱਤਾ ਸੀ, ਇਸ ਲਈ ਉਨ੍ਹਾਂ ਨੂੰ ਹੀ ਇਸ ਮਹਾਦੀਪ 'ਤੇ ਮਤਾ ਭੂਮੀ ਸ਼ਬਦ ਦਾ ਪਿਤਾਮਾ ਕਿਹਾ ਜਾ ਸਕਦਾ ਹੈ।ਅਵਨੀਂਦਰਨਾਥ ਠਾਕੁਰ ਨੇ ਸਾਲ 1905 'ਚ ਭਾਰਤ ਮਾਤਾ ਦੀ ਪਹਿਲੀ ਤਸਵੀਰ ਬਣਾਈ ਸੀ।ਸਨਿਗਧੇਂਦੂ ਇਸ ਦੀ ਵਿਆਖਿਆ ਕਰਦੇ ਹੋਏ ਦੱਸਦੇ ਹਨ, ਦਰਅਸਲ ਭਾਰਤ ਮਾਤਾ ਦੀ ਜੈ ਅਤੇ ਮਾਦਰੇ ਵਤਨ ਹਿੰਦੁਸਤਾਨ ਇੱਕ ਹੋਣ ਦੇ ਬਾਵਜੂਦ ਹਿੰਦੂਤਵਵਾਦੀ ਲੋਕਾਂ ਦੀਆਂ ਨਜ਼ਰਾਂ 'ਚ ਵੱਖੋ-ਵੱਖ ਹਨ। ਭਾਰਤੀ ਰਾਸ਼ਟਰਵਾਦ, ਹਿੰਦੂ ਰਾਸ਼ਟਰਵਾਦ ਅਤੇ ਬੰਗਾਲੀ ਰਾਸ਼ਟਰਵਾਦ, ਤਿੰਨਾਂ ਦਾ ਜਨਮ 19ਵੀਂ ਸਦੀ ਦੇ ਦੂਜੇ ਅੱਧ 'ਚ ਇਸੇ ਬੰਗਾਲ 'ਚ ਹੋਇਆ ਸੀ। ਇਸ ਤੋਂ ਕੁਝ ਸਮਾਂ ਬਾਅਦ ਹੀ ਹੋਰ ਖੇਤਰਾਂ 'ਚ ਭਾਰਤੀ ਰਾਸ਼ਟਰਵਾਦ, ਹਿੰਦੂ ਰਾਸ਼ਟਰਵਾਦ ਅਤੇ ਖੇਤਰੀ ਰਾਸ਼ਟਰਵਾਦ ਦਾ ਉਭਾਰ ਹੋਇਆ ਅਤੇ ਉਹ ਫੈਲੇ। ਉਨ੍ਹਾਂ ਦਾ ਕਹਿਣਾ ਸੀ ਕਿ ਜਿਸ ਤਰ੍ਹਾਂ ਅਵਨੀਂਦਰਨਾਥ ਠਾਕੁਰ ਵੱਲੋਂ ਤਿਆਰ ਕੀਤੇ ਗਏ ਭਾਰਤ ਮਾਤਾ ਦੀ ਤਸਵੀਰਦਾ ਨਾਮ ਪਹਿਲਾਂ ਬੰਗਮਾਤਾ ਸੀ, ਉਸੇ ਤਰ੍ਹਾਂ ਬੰਕਿਮਚੰਦਰ ਚੈਟਰਜੀ ਦਾ ਰਚਿਆ ਵੰਦੇ ਮਾਤਰਮ ਵੀ ਬੰਗਮਾਤਾ ਦੀ ਹੀ ਵੰਦਨਾ ਹੈ।ਬਾਅਦ 'ਚ ਕਾਂਗਰਸ ਨੇ ਹੋਰ ਸਾਰੀਆਂ ਰਾਸ਼ਟਰਵਾਦੀ ਪ੍ਰਵਿਰਤੀਆਂ ਨੂੰ ਭਾਰਤੀ ਰਾਸ਼ਟਰਵਾਦ 'ਚ ਮਿਲਾਉਣ ਦਾ ਯਤਨ ਕੀਤਾ।ਸਨਿਗਧੇਂਦੂ ਦੱਸਦੇ ਹਨ, 'ਭਾਰਤੀ ਰਾਸ਼ਟਰਵਾਦੀ ਭਾਰਤ ਅਤੇ ਹਿੰਦੁਸਤਾਨ ਦੋਵਾਂ ਦੀ ਵਰਤੋਂ ਕਰਦੇ ਹਨ, ਕਿਉਂਕਿ ਇਹ ਸਾਰੀਆਂ ਜਾਤੀਆਂ, ਧਰਮਾਂ , ਭਾਸ਼ਵਾਂ ਅਤੇ ਸੱਭਿਆਚਾਰਾਂ ਦੀ ਧਰਤੀ ਹੈ। ਪਰ ਹਿੰਦੂ ਰਾਸ਼ਟਰਵਾਦੀ 'ਹਿੰਦੁਸਤਾਨ' ਸ਼ਬਦ ਦੀ ਸਹੀ ਢੰਗ ਨਾਲ ਵਰਤੋਂ ਨਹੀਂ ਕਰਦੇ ਹਨ। ਉਨ੍ਹਾਂ ਦੀ ਗੱਲਬਾਤ 'ਚ ਉਰਦੂ ਜਾਂ ਫਾਰਸੀ ਦੇ ਲਈ ਕੋਈ ਥਾਂ ਨਹੀਂ ਹੈ।ਇਸੇ ਕਰਕੇ ਉਨ੍ਹਾਂ ਦੇ ਲਈ ਮਾਦਰੇ ਵਤਨ ਹਿੰਦੁਸਤਾਨ ਅਤੇ ਭਾਰਤ ਮਾਤਾ ਇੱਕ ਸਮਾਨ ਨਹੀਂ ਹਨ। ਹਾਲਾਂਕਿ ਮਾਦਰੇ ਵਤਨ ਹਿੰਦੁਸਤਾਨ ਦੇ ਸ਼ਬਦ ਹਿੰਦੂਵਾਦੀਆਂ ਦੇ ਇਸ ਇਲਜ਼ਾਮ ਦਾ ਖੰਡਨ ਕਰਦੇ ਹਨ ਕਿ ਮੁਸਲਮਾਨ ਭਾਰਤ ਨੂੰ ਆਪਣੀ ਮਾਂ ਨਹੀਂ ਕਹਿਣਾ ਚਾਹੁੰਦੇ।ਇਸਲਾਮਿਕ ਵਿਦਵਾਨ ਮੁਹੰਮਦ ਕਮਰੂਜ਼ਮਾਂ ਦਾ ਕਹਿਣਾ ਹੈ ਕਿ ਹਦੀਸ 'ਚ ਦੇਸ਼ ਨੂੰ ਮਾਤ ਭੂਮੀ ਵੱਜੋਂ ਤਿਆਰ ਕਰਨ ਦੀ ਗੱਲ ਕਹੀ ਗਈ ਹੈ। ਉਨ੍ਹਾਂ ਦੀ ਇੱਕ ਸਿਆਸੀ ਪਛਾਣ ਵੀ ਹੈ। ਉਹ ਅਖਿਲ ਬੰਗਾਲ ਘੱਟ ਗਿਣਤੀ ਨੌਜਵਾਨ ਫੈਡਰੇਸ਼ਨ ਦੇ ਮੁਖੀ ਹਨ। ਪਰ ਉਨ੍ਹਾਂ ਦੀ ਪੜ੍ਹਾਈ ਕੋਲਕਾਤਾ ਦੇ ਸਾਬਕਾ ਆਲੀਆ ਮਦਰੱਸੇ (ਹੁਣ ਆਲੀਆ ਯੂਨੀਵਰਸਿਟੀ) 'ਚ ਮੁਕੰਮਲ ਹੋਈ ਹੈ।ਉਨ੍ਹਾਂ ਦਾ ਕਹਿਣਾ ਹੈ, ਹਦੀਸ 'ਚ ਹੁਬਬੁਲ ਵਤਨ ਦਾ ਜ਼ਿਕਰ ਤਾਂ ਕੀਤਾ ਗਿਆ ਹੈ। ਪੂਰੀ ਆਇਤ ਹੁਬਬੁਲ ਵਤਨੀ ਮਿਨਲ ਈਮਾਨ ਹੈ। ਵਤਨ ਦਾ ਅਰਥ ਹੈ ਮਾਤ ਭੂਮੀ ਅਤੇ ਹੁਬਬੁਲ ਦਾ ਅਰਥ ਹੈ ਪਿਆਰ। ਭਾਵ ਮਾਤ ਭੂਮੀ ਦੇ ਪ੍ਰਤੀ ਪਿਆਰ, ਇਹ ਧਰਮ ਦਾ ਹੀ ਇੱਕ ਹਿੱਸਾ ਹੈ। ਪਰ ਉਨ੍ਹਾਂ ਦਾ ਸਪੱਸ਼ਟ ਤੌਰ 'ਤੇ ਕਹਿਣਾ ਹੈ ਕਿ ਭਾਰਤ ਮਾਤਾ ਦੀ ਜੈ ਨਾਅਰੇ ਦੀ ਹੁਣ ਸਿਆਸੀ ਤੌਰ 'ਤੇ ਵਰਤੋਂ ਕੀਤੀ ਜਾ ਰਹੀ ਹੈ। ਮਾਹਰਾਂ ਦਾ ਕਹਿਣਾ ਹੈ ਕਿ ਮੁਸਲਾਮਨਾਂ ਨੂੰ ਇਸ ਨਾਅਰੇ 'ਤੇ ਇਸ ਲਈ ਇਤਰਾਜ਼ ਹੈ ਕਿਉਂਕਿ ਹਿੰਦੂਵਾਦੀ ਇਸ ਨਾਅਰੇ ਦੀ ਵਰਤੋਂ ਸਿਆਸੀ ਤੌਰ 'ਤੇ ਕਰ ਰਹੇ ਹਨ।



## ਗੁਰਪਤਵੰਤ ਪੰਨੂ ਦਾ ਅਮਰੀਕਾ ਕਿਉਂ ਕਰ ਰਿਹਾ ਹੈ ਬਚਾਅ

# ਅਮਰੀਕੀ ਰਾਜਦੂਤ ਨੇ ਇਹ ਦਿੱਤਾ ਜਵਾਬ



## ਅਮਰੀਕੀ ਪ੍ਰਸ਼ਾਸਨ ਗੁਰਪਤਵੰਤ ਪੰਨੂ ਦਾ ਬਚਾਅ ਕਿਉਂ ਰਿਹਾ ?

ਐਰਿਕ ਨੇ ਪੰਨੂ ਦੇ ਮਾਮਲੇ ਉੱਤੇ ਅਮਰੀਕਾ ਦੇ ਪੱਖ ਨੂੰ ਸਪੱਸ਼ਟ ਕਰਦਿਆਂ ਦੋਵਾਂ ਦੇਸ਼ਾਂ ਵਿੱਚ ਕਾਨੂੰਨੀ ਵਖਰੇਵਿਆਂ ਵੱਲ ਇਸ਼ਾਰਾ ਕੀਤਾ। ਉਨ੍ਹਾਂ ਕਿਹਾ ਕਿ ਇਹ ਕਹਿਣਾ ਸਹੀ ਨਹੀਂ ਕਿ ਅਮਰੀਕਾ ਕਿਸੇ ਨੂੰ ਬਚਾਅ ਰਿਹਾ। ਅਮਰੀਕਾ ਦੇ ਕਾਨੂੰਨ ਤੋਂ ਕੋਈ ਵੀ ਬਚਿਆ ਹੋਇਆ ਨਹੀਂ ਹੈ ਚਾਹੇ ਉਹ ਕਿਸੇ ਵੀ ਪਿੱਠਭੂਮੀ ਨਾਲ ਸਬੰਧ ਰੱਖਦਾ ਹੋਵੇ। ਉਨ੍ਹਾਂ ਅੱਗੇ ਕਿਹਾ ਕਿ ਭਾਰਤ ਅਤੇ ਅਮਰੀਕਾ ਦੋਵੇਂ ਲੋਕਤੰਤਰਿਕ ਦੇਸ਼ ਹਨ ਪਰ ਇੱਕੋ ਜਿਹੇ ਨਹੀਂ ਹਨ, ਦੋਵਾਂ ਵਿੱਚ ਕਾਨੂੰਨੀ ਪ੍ਰੀਕਿਰਿਆ ਵੀ ਅਲੱਗ-ਅਲੱਗ ਹੈ, ਭਾਰਤੀ ਅਤੇ ਅਮਰੀਕੀ ਅਦਾਲਤਾਂ ਵੀ ਅਲੱਗ ਤਰੀਕੇ ਨਾਲ ਕੰਮ ਕਰਦੀਆਂ ਹਨ। ਅਮਰੀਕਾ ਵਿੱਚ 'ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ' ਬਹੁਤ ਮਜ਼ਬੂਤ ਤਰੀਕੇ ਨਾਲ ਦਿੱਤੀ ਜਾਂਦੀ ਹੈ।ਉਨ੍ਹਾਂ ਅੱਗੇ ਕਿਹਾ, ਅਸੀਂ ਭਾਰਤੀ ਡਿਪਲੋਮੈਟਾਂ ਨੂੰ ਮਿਲੀਆਂ ਧਮਕੀਆਂ ਨੂੰ ਬਹੁਤ ਗੰਭੀਰਤਾ ਨਾਲ ਲੈਂਦੈ ਹਾਂ।ਉਨ੍ਹਾਂ ਕਿਹਾ, ਅਸੀਂ ਡਰੱਗਜ਼ ਦੇ ਕਾਰੋਬਾਰ, ਹਥਿਆਰਾਂ ਦੇ ਲੈਣ-ਦੇਣ ਜਾਂ ਮਨੁੱਖੀ ਤਸਕਰੀ ਵਰਗੇ ਅਪਰਾਧਾਂ ਜਿਨ੍ਹਾਂ ਵਿੱਚ ਅੰਤਰ-ਦੇਸ਼ੀ ਹਿੱਸੇਦਾਰੀ ਨਜ਼ਰ ਆਉਂਦੀ ਹੈ ਪ੍ਰਤੀ ਵੀ ਬਹੁਤ ਗੰਭੀਰ ਹਾਂ।

ਐਰਿਕ ਗਾਰਸੇਟੀ ਭਾਰਤ ਵਿੱਚ ਅਮਰੀਕਾ ਦੇ ਰਾਜਦੂਤ ਹਨ। ਖ਼ਬਰ ਏਜੰਸੀ ਏਐੱਨਆਈ ਨੂੰ ਦਿੱਤੇ ਇੱਕ ਇੰਟਰਵਿਊ ਵਿੱਚ ਉਨ੍ਹਾਂ ਨੇ ਖਾਲਿਸਤਾਨ ਦੇ ਮੁੱਦੇ ਤੇ ਅਮਰੀਕਾ ਦੇ ਰੁਖ਼ ਬਾਰੇ ਚਰਚਾ ਕੀਤੀ। ਭਾਰਤ ਵਿੱਚ ਅੱਤਵਾਦੀ ਵਜੋਂ ਨਾਮਜ਼ਦ ਗੁਰਪਤਵੰਤ ਸਿੰਘ ਪੰਨੂ ਦਾ ਅਮਰੀਕਾ ਬਚਾਅ ਕਰ ਰਿਹਾ ਹੈ, ਇਸ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਕਿਹਾ ਕਿ ਇਹ ਕਹਿਣਾ ਸਹੀ ਨਹੀਂ ਕਿ ਅਮਰੀਕਾ ਕਿਸੇ ਨੂੰ ਬਚਾ ਰਿਹਾ, ਅਮਰੀਕਾ ਦੇ ਕਾਨੂੰਨ ਤੋਂ ਕੋਈ ਵੀ ਬਚਿਆ ਹੋਇਆ ਨਹੀਂ ਹੈ ਚਾਹੇ ਉਹ ਕਿਸੇ ਵੀ ਪਿੱਠਭੂਮੀ ਨਾਲ ਸਬੰਧ ਰੱਖਦਾ ਹੋਵੇ। ਏਐੱਨਆਈ ਨੂੰ ਦਿੱਤੇ ਆਪਣੇ ਇੰਟਰਵਿਊ ਵਿੱਚ ਅਮਰੀਕੀ ਨਾਗਰਿਕ ਦੇ ਕਤਲ ਦੀ ਸਾਜਿਸ਼ ਦੀ ਜਾਂਚ ਬਾਰੇ ਇੱਕ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਭਾਰਤ ਨੇ ਇਸ ਬਾਰੇ ਜਾਂਚ ਕਮਿਸ਼ਨ ਬਿਠਾਇਆ ਅਤੇ ਸੀਨੀਅਰ ਅਧਿਕਾਰੀਆਂ ਕੋਲੋਂ ਇਸ ਮਾਮਲੇ ਜਾਂਚ ਕਰਵਾਈ ਜਾ ਰਹੀ ਹੈ। ਉਹ ਕਹਿੰਦੇ ਹਨ ਕਿ ਅਧਿਕਾਰੀ ਇਸ ਬਾਰੇ ਜਾਂਚ ਕਰ ਰਹੇ ਹਨ ਤਾਂ ਜੋ ਅਜਿਹੇ ਸਬੂਤ ਸਾਹਮਣੇ ਲਿਆ ਸਕਣ ਜੋ ਇਹ ਦਿਖਾਉਣ ਕਿ ਜੋ ਮਰਡਰ ਫੌਰ ਹਾਇਰ ਪਲਾਟ@ ਵਿੱਚ ਭਾਰਤ ਸਰਕਾਰ ਵੱਲੋਂ ਵੱਲੋਂ ਕਿਸੇ ਦੀ ਵੀ ਸ਼ਮੂਲੀਅਤ ਹੋਵੇ, ਇਹ ਬਹੁਤ ਅਹਿਮ ਹੈ। ਉਨ੍ਹਾਂ ਕਿਹਾ ਕਿ ਇਹ ਇਕ ਅਸਵੀਕਾਰਯੋਗ @ਰੈੱਡਲਾਈਨ@ ਹੋਣੀ ਚਾਹੀਦੀ ਹੈ ਕਿ ਕੋਈ ਵੀ ਸਰਕਾਰ ਜਾਂ ਕੋਈ ਵੀ ਸਰਕਾਰੀ ਅਧਿਕਾਰੀ ਤੁਹਾਡੇ ਨਾਗਰਿਕ ਦੇ ਕਥਿਤ ਕਤਲ ਦੀ ਸਾਜਿਸ਼ ਵਿੱਚ ਸ਼ਾਮਲ ਨਹੀਂ ਹੋ ਸਕਦੇ। ਭਾਰਤ ਅਤੇ ਅਮਰੀਕਾ ਦਾ ਰਿਸ਼ਤਾ ਅਮਰੀਕੀ ਰਾਜਦੂਤ ਨੇ ਕਿਹਾ, ਮੌਜੂਦਾ ਸਮੇਂ ਭਾਰਤ ਤੇ ਅਮਰੀਕਾ ਦਾ ਰਿਸ਼ਤਾ ਇਤਿਹਾਸ ਵਿੱਚ ਸਭ ਤੋਂ ਗਹਿਰਾ ਹੈ।ਉਨ੍ਹਾਂ ਕਿਹਾ, ਬੇਸ਼ੱਕ ਕਈ ਮਸਲਿਆਂ 'ਤੇ ਅਸੀਂ ਇੱਕਸੁਰ ਨਹੀਂ ਜਾਂ ਵੱਖੋ-ਵੱਖਰਾ ਮੱਤ ਰੱਖਦੇ ਹਾਂ ਪਰ ਅਸੀਂ ਉਨ੍ਹਾਂ ਨਾਲ ਵੀ ਬਿਹਤਰ ਤਰੀਕੇ ਨਾਲ ਨਜਿੱਠਦੇ ਹਾਂ, ਦੋਵਾਂ ਮੁਲਕਾਂ ਦਾ ਰਿਸ਼ਤਾ ਬਿਲਕੁਲ ਇੱਕ ਸਫ਼ਲ ਵਿਆਹ ਵਰਗਾ ਹੈ।ਜਿਵੇਂ ਵਿਆਹ ਵਿੱਚ ਤੁਸੀਂ ਆਪਣੇ ਸਾਥੀ ਦੀ ਹਰ ਗੱਲ ਨਾਲ ਸਹਿਮਤ ਨਹੀਂ ਹੁੰਦੇ ਪਰ ਤੁਹਾਡਾ ਪਿਆਰ ਤੇ ਦੋਸਤੀ ਬਰਕਰਾਰ ਰਹਿੰਦੀ ਹੈ।ਦੋਵਾਂ ਦੇਸ਼ਾਂ ਦਰਮਿਆਨ ਸਬੰਧ ਮਹਿਜ਼ ਸਰਕਾਰਾਂ ਦਾ ਨਹੀਂ ਬਲਕਿ ਲੋਕਾਂ ਦਾ ਆਪਸੀ ਭਾਈਚਾਰਾ ਵੀ ਹੈ।ਉਨ੍ਹਾਂ ਇੰਟਰਵਿਊ ਵਿੱਚ ਬੋਲਦਿਆਂ ਅੱਗੇ ਕਿਹਾ, ਅਸੀਂ ਕਿਸੇ ਵੀ ਕਿਸਮ ਦੀ ਧਮਕੀ ਜਾਂ ਅਪਰਾਧਿਕ ਗਤੀਵਿਧੀ ਨੂੰ ਬਹੁਤ ਗੰਭੀਰਤਾ ਨਾਲ ਲੈਂਦੇ ਹਾਂ ਜਿਸ ਬਾਰੇ ਭਾਰਤ ਸਾਨੂੰ ਅਗਾਹ ਕੀਤਾ ਜਾਂਦਾ ਹੈ। ਇਹ ਚਾਹੇ ਸਾਡੇ ਆਪਣੇ ਮੁਲਕ ਵਿੱਚ ਹੋਣ ਵਾਲੀ ਸੰਭਾਵਿਤ ਸਥਿਤੀ ਬਾਰੇ ਹੀ ਕਿਉਂ ਨਾ ਹੋਵੇ ਭਾਰਤ ਨੇ ਜਦੋਂ ਵੀ ਅਜਿਹਾ ਕੀਤਾ ਹੈ ਅਸੀਂ ਹਰ ਵਾਰ ਅਜਿਹੇ ਮਸਲੇ ਨੂੰ ਗੰਭੀਰ ਰੂਪ ਵਿੱਚ ਦੇਖਿਆ ਅਤੇ ਵਿਚਾਰਿਆ ਹੈ।

**ਗੁਰਪਤਵੰਤ ਪੰਨੂ ਵੱਲੋਂ ਭਾਰਤ ਦੇ ਪ੍ਰਧਾਨ ਮੰਤਰੀ ਨੂੰ ਦਿੱਤੀਆਂ ਧਮਕੀਆਂ ਬਾਰੇ ਅਮਰੀਕਾ ਦਾ ਪੱਖ ਕੀ ਹੈ**

ਅਮਰੀਕੀ ਰਾਜਦੂਤ ਨੇ ਕਿਹਾ, ਅਮਰੀਕਾ ਵਿੱਚ ਆਪਣੇ ਵਿਚਾਰ ਪ੍ਰਗਟਾਉਣ ਦੀ ਕਾਨੂੰਨੀ ਆਜ਼ਾਦੀ ਹੈ, ਕੋਈ ਵੀ ਆਪਣੀ ਰਾਏ ਰੱਖ ਸਕਦਾ ਹੈ, ਜਦੋਂ ਤੱਕ ਕਿਸੇ ਕਾਰਜ ਨੂੰ ਅੰਜਾਮ ਨਹੀਂ ਦਿੱਤਾ ਜਾਂਦਾ ਉਦੋਂ ਤੱਕ ਉਹ ਕਾਨੂੰਨੀ ਕਾਰਵਾਈ ਦੇ ਦਾਇਰੇ ਵਿੱਚ ਨਹੀਂ ਆਉਂਦਾ।ਅਮਰੀਕਾ ਦੇ ਕਾਨੂੰਨ ਮੁਤਾਬਕ ਉਥੋਂ ਦੇ ਨਾਗਰਿਕ ਖ਼ਿਲਾਫ਼ ਅਮਰੀਕੀ ਅਦਾਲਤ ਵਿੱਚ ਹੀ ਮੁਕੱਦਮਾ ਚਲੇਗਾ ਤੇ ਉਸ ਨੂੰ ਡਿਪਰੋਟ ਕੀਤੇ ਜਾਣ ਦਾ ਫ਼ੈਸਲਾ ਵੀ ਅਮਰੀਕਾ ਦਾ ਹੀ ਹੋਵੇਗਾ।ਉਨ੍ਹਾਂ ਅਮਰੀਕਾ ਦਾ ਪੱਖ ਰਖਦਿਆਂ ਅੱਗੇ ਕਿਹਾ, ਅਸੀਂ ਭਾਰਤ ਨਾਲ ਗੱਲਬਾਤ ਕਰਕੇ ਇਹ ਸਮਝਾਉਣ ਦੀ ਕੋਸ਼ਿਸ਼ ਕਰ ਰਹੇ ਹਾਂ ਕਿ ਅਮਰੀਕੀ ਨਾਗਰਿਕ ਆਪਣੇ ਵਿਚਾਰ ਖੁੱਲ੍ਹ ਕੇ ਪ੍ਰਗਟ ਕਰ ਸਕਦੇ ਹਨ।ਉਹ ਕਹਿੰਦੇ ਹਨ ਕਿ ਵੱਖੋ-ਵੱਖਰੀਆਂ ਘਟਨਵਾਂ ਨੂੰ ਅਲੱਗ ਤੌਰ 'ਤੇ ਵਿਚਾਰਿਆ ਜਾ ਰਿਹਾ ਹੈ। ਇਸ ਮਸਲੇ ਉੱਤੇ ਹਜ਼ਾਰਾਂ ਡਾਲਰ ਖਰਚ ਕਰਕੇ ਜਾਂਚ ਕੀਤੀ ਜਾ ਰਹੀ ਹੈ। ਇਸ ਜਾਂਚ ਵਿੱਚ ਭਾਰਤ ਦੇ ਵੀ ਸੀਨੀਅਰ ਅਧਿਕਾਰੀ ਸ਼ਾਮਲ ਹਨ।ਉਹ ਕਹਿੰਦੇ ਹਨ, ਅਸੀਂ ਉਸ ਇਤਿਹਾਸ ਤੋਂ ਵਾਕਫ਼ ਹਾਂ ਜਿਸ ਵਿੱਚ ਭਾਰਤ ਦੀ ਪ੍ਰਧਾਨ ਮੰਤਰੀ ਦਾ ਕਤਲ ਕਰ ਦਿੱਤਾ ਗਿਆ। ਪਰ ਸਾਡਾ ਢਾਂਚਾ ਬੋਲਣ ਦੀ ਆਜ਼ਾਦੀ ਦਿੰਦਾ ਹੈ ਅਤੇ ਇਸ ਤਹਿਤ ਅਸੀਂ ਕਿਸੇ ਨੂੰ ਵੀ ਆਪਣੀ ਵਿਚਾਰਧਾਰਾ ਬਾਰੇ ਬੋਲਣ ਦਾ ਅਧਿਕਾਰ ਦਿੰਦੇ ਹਾਂ। ਅਮਰੀਕਾ, ਭਾਰਤੀ ਵਿਦਿਆਰਥੀਆਂ ਦੀ ਸੁਰੱਖਿਆ ਲਈ ਕੀ ਕੀਤਾ ਜਾ ਸਕਦਾ ਹੈ ਹਾਲ ਹੀ ਵਿੱਚ ਅਮਰੀਕਾ ਵਿੱਚ ਭਾਰਤੀ ਵਿਦਿਆਰਥੀ ਹਮਲਿਆਂ ਦਾ ਸ਼ਿਕਾਰ ਹੋਏ। ਇਸ ਬਾਰੇ ਐਰਿਕ ਨੇ ਕਿਹਾ ਕਿ ਅਸੀਂ ਕਨੂੰਨੀ ਤੌਰ 'ਤੇ ਇਨਸਾਫ਼ ਨੂੰ ਯਕੀਨੀ ਬਣਾਉਣ ਦੀ ਹਰ ਸੰਭਵ ਕੋਸ਼ਿਸ਼ ਕਰਦੇ ਹਾਂ।ਪਰ ਵਿਦਿਆਰਥੀਆਂ ਨੂੰ ਕਿਤੇ ਵੀ ਜਾਣ ਤੋਂ ਪਹਿਲਾਂ ਆਪਣੇ ਪਰਿਵਾਰ ਜਾਂ ਦੋਸਤਾਂ ਵਿੱਚੋਂ ਕਿਸੇ ਨੂੰ ਨਾਲ ਲੈ ਜਾਣਾ ਚਾਹੀਦਾ ਹੈ ਤਾਂ ਤੋਂ ਖ਼ਤਰੇ ਦੀ ਸੰਭਵਾਨਾ ਘਟੇ।ਉਨ੍ਹਾਂ ਨੂੰ ਸੁਰੱਖਿਅਤ ਥਾਵਾਂ ਉੱਤੇ ਜਾਣ ਨੂੰ ਤਰਜੀਹ ਦੇਣੀ ਚਾਹੀਦੀ ਹੈ।

**ਭਾਰਤ ਦੇ ਵਿਦੇਸ਼ ਮੰਤਰੀ ਨੇ ਕੀ ਕਿਹਾ**

ਅਮਰੀਕੀ ਰਾਜਦੂਤ ਦੇ ਬਿਆਨ ਉੱਤੇ ਪ੍ਰਤਿਕਿਰਿਆ ਦਿੰਦਿਆਂ ਸੋਮਵਾਰ ਨੂੰ ਭਾਰਤ ਦੇ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਕਿਹਾ, ਅਸੀਂ ਇਸ ਬਾਰੇ ਜਾਂਚ ਕਰ ਰਹੇ ਹਾਂ, ਕਿਉਂਕਿ ਅਸੀਂ ਇਹ ਮੰਦੇ ਹਾਂ ਕਿ ਸਾਡੀ ਆਪਣੀ ਕੌਮੀ ਸੁਰੱਖਿਆ ਦੇ ਹਿੱਤ ਇਸ ਜਾਂਚ ਵਿੱਚ ਸ਼ਾਮਲ ਹਨ।ਉਨ੍ਹਾਂ ਅੱਗੇ ਕਿਹਾ, ਮੇਰੀ ਸਰਕਾਰ ਦੀ ਇਸ ਬਾਰੇ ਇਹ ਰਾਇ ਹੈ ਕਿ ਇਸ ਕੇਸ ਵਿੱਚ ਸਾਨੂੰ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ ਜਿਸ ਦੀ ਅਸੀਂ ਜਾਂਚ ਕਰ ਰਹੇ ਹਾਂ।





## ਗੁਰਪਤਵੰਤ ਸਿੰਘ ਪੰਨੂ ਕੌਣ ਹਨ

ਪੇਸ਼ੇ ਤੋਂ ਵਕੀਲ ਗੁਰਪਤਵੰਤ ਸਿੰਘ ਪੰਨੂ ਦੇ ਪਰਿਵਾਰ ਦੇ ਵੱਡ-ਵਡੇਰੇ ਪਹਿਲਾਂ ਪੱਟੀ ਦੇ ਪਿੰਡ ਨੱਥੂਚੱਕ ਵਿੱਚ ਰਹਿੰਦੇ ਸਨ ਅਤੇ ਬਾਅਦ ਵਿੱਚ ਉਹ ਅੰਮ੍ਰਿਤਸਰ ਨੇੜੇ ਪੈਂਦੇ ਪਿੰਡ ਖਾਨਕੋਟ ਵਿਖੇ ਜਾ ਵਸੇ ਸਨ।ਪੰਨੂ ਦਾ ਇੱਕ ਭਰਾ ਤੇ ਇੱਕ ਭੈਣ ਹਨ। ਉਨ੍ਹਾਂ ਦੀ ਸਾਰੀ ਪੜ੍ਹਾਈ ਭਾਰਤ ਵਿੱਚ ਹੀ, ਲੁਧਿਆਣਾ ਅਤੇ ਚੰਡੀਗੜ੍ਹ ਤੋਂ ਹੋਈ ਹੈ। ਉਨ੍ਹਾਂ ਨੇ ਕਾਨੂੰਨ ਦੀ ਪੜ੍ਹਾਈ ਵੀ ਭਾਰਤ ਵਿੱਚ ਹੀ ਕੀਤੀ ਹੈ। ਪੰਨੂ ਦੇ ਪਿਤਾ ਮਹਿੰਦਰ ਸਿੰਘ ਪੰਜਾਬ ਮਾਰਕੀਟਿੰਗ ਬੋਰਡ ਦੇ ਸਕੱਤਰ ਸਨ।1990ਵਿਆਂ ਵਿੱਚ ਉਨ੍ਹਾਂ ਨੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿੱਚ ਕਾਨੂੰਨ ਦੀ ਪੜ੍ਹਾਈ ਕੀਤੀ। ਕਾਲਜ ਦੇ ਸਮੇਂ ਤੋਂ ਹੀ ਉਹ ਸਟੂਡੈਂਟ ਐਕਟੀਵਿਸਟ ਬਣ ਗਏ ਸਨ ਅਤੇ ਸਟੂਡੈਂਟ ਪੌਲੀਟਿਕਸ ਵਿੱਚ ਐਕਟਿਵ ਹੋ ਗਏ ਸਨ।ਨੱਬੇ ਦੇ ਦਹਾਕੇ ਵਿੱਚ ਪੰਨੂ ਉੱਤੇ ਅੰਮ੍ਰਿਤਸਰ, ਲੁਧਿਆਣਾ, ਪਟਿਆਲਾ ਅਤੇ ਚੰਡੀਗੜ੍ਹ ਸ਼ਹਿਰਾਂ ਵਿੱਚ ਸਥਿਤ ਥਾਣਿਆਂ ਵਿੱਚ ਇਰਾਦਤਨ ਕਤਲ ਅਤੇ ਕਤਲ ਕਰਨ ਦੇ ਕੇਸ ਦਰਜ ਕੀਤੇ ਗਏ।ਸੂਤਰਾਂ ਮੁਤਾਬਕ ਗੁਰਪਤਵੰਤ ਪੰਨੂ ਦੇ ਉੱਪਰ ਕਈ ਕੇਸ ਦਰਜ ਹੋਏ ਸਨ, ਜਿਨ੍ਹਾਂ ਵਿੱਚ ਟਾਡਾ (ਟੈਰਰਿਸਟ ਐਂਡ ਡਿਸਰਪਟਿਵ ਐਕਟਿਵਿਟੀਜ਼) ਵੀ ਸ਼ਾਮਿਲ ਹੈ। ਪੰਨੂ ਦਾ ਕਹਿਣਾ ਹੈ ਕਿ ਉਨ੍ਹਾਂ ਉੱਪਰ ਪੁਲਿਸ ਨੇ ਝੂਠੇ ਮੁਕੱਦਮੇ ਦਾਇਰ ਕੀਤੇ ਸਨ।ਉਸ ਵੇਲੇ ਦੀ ਨਰਸਿਮ੍ਹਾ ਰਾਓ ਦੀ ਸਰਕਾਰ @ਚ ਉਨ੍ਹਾਂ ਦੇ ਪਰਿਵਾਰ ਦੇ ਰਸੂਖ਼ ਵਾਲੇ ਲੋਕਾਂ ਨੇ ਜ਼ੋਰ ਲਗਾ ਕੇ ਪੰਨੂ ਨੂੰ ਕਈ ਕੇਸਾਂ ਵਿੱਚੋਂ ਕਢਵਾ ਲਿਆ ਸੀ।ਇਸ ਤੋਂ ਬਾਅਦ, 1991-92 ਵਿੱਚ ਪੰਨੂ ਅਮਰੀਕਾ ਚਲੇ ਗਏ। ਉੱਥੇ ਜਾ ਕੇ ਉਨ੍ਹਾਂ ਨੇ ਕਨੈਕਟੀਕਟ ਯੂਨੀਵਰਸਿਟੀ ਵਿੱਚ ਦਾਖ਼ਲਾ ਲੈ ਲਿਆ, ਜਿੱਥੇ ਪੰਨੂ ਨੇ ਐੱਮਬੀਏ ਫਾਇਨਾਂਸ ਅਤੇ ਨਿਊਯਾਰਕ ਯੂਨੀਵਰਸਿਟੀ ਵਿੱਚ ਮਾਸਟਰਜ਼ ਆਫ਼ ਲਾਅ ਦੀ ਡਿਗਰੀ ਹਾਸਿਲ ਕੀਤੀ।ਅਮਰੀਕਾ ਵਿੱਚ ਉਚੇਰੀ ਸਿੱਖਿਆ ਲੈਣ ਤੋਂ ਬਾਅਦ ਪੰਨੂ ਨੇ ਨਿਊਯਾਰਕ ਸਥਿਤ ਵਾਲ ਸਟਰੀਟ ਵਿੱਚ ਸਿਸਟਮ ਐਨੇਲਿਸਟ ਵਜੋਂ 2014 ਤੱਕ ਕੰਮ ਕੀਤਾ। ਉਹ ਅਮਰੀਕਾ ਜਾ ਕੇ ਵੀ ਸਿਆਸੀ ਤੌਰ ਤੇ ਸਰਗਰਮ ਰਹੇ।ਪੰਨੂ ਇੱਕ ਡਿਫੈਂਸ ਵਕੀਲ ਹਨ ਅਤੇ ਉਨ੍ਹਾਂ ਨੇ ਸਾਲ 2007 ਵਿੱਚ ਹੀ ਸਿਖਸ ਫਾਰ ਜਸਟਿਸ ਦੀ ਸਥਾਪਨਾ ਕੀਤੀ ਸੀ।ਸਿਖਸ ਫਾਰ ਜਸਟਿਸ ਦਾ ਰਜਿਸਟਰਡ ਦਫ਼ਤਰ ਵਾਸ਼ਿੰਗਟਨ ਵਿੱਚ ਹੈ ਅਤੇ ਪੰਨੂ ਦਾ ਦਫ਼ਤਰ ਨਿਊਯਾਰਕ ਵਿੱਚ ਹੈ, ਜਿੱਥੇ ਉਹ ਆਪਣੀ ਲਾਅ ਫਰਮ ਚਲਾਉਂਦੇ ਹਨ।

# ਕੈਨੇਡੀਅਨ ਚੋਣਾਂ ਵਿੱਚ ਵਿਦੇਸ਼ੀ ਦਖਲਅੰਦਾਜ਼ੀ ਦੀ ਜਾਂਚ ਬਾਰੇ ਸੁਣਵਾਈ ਹੋਈ ਸ਼ੁਰੂ

## ਕਮਿਸ਼ਨ ਵੱਖ ਵੱਖ ਭਾਈਚਾਰਿਆਂ ਦੇ ਮੈਂਬਰਾਂ ਨਾਲ ਕਰੇਗਾ ਮੁਲਾਕਾਤ

ਓਟਾਵਾ : ਫੈਡਰਲ ਚੋਣਾਂ ਦੌਰਾਨ ਵਿਦੇਸ਼ੀ ਦਖਲਅੰਦਾਜ਼ੀ ਬਾਰੇ ਫੈਡਰਲ ਜਾਂਚ ਦੌਰਾਨ ਸੁਣਵਾਈਆਂ ਬੀਤੇ ਕੱਲ੍ਹ ਸ਼ੁਰੂ ਹੋ ਗਈਆਂ ਹਨ। ਇਹ ਸੁਣਵਾਈ ਦੋ ਹਫ਼ਤਿਆਂ ਤੱਕ ਚੱਲੇਗੀ ਅਤੇ ਇਸ ਦੌਰਾਨ 40 ਤੋਂ ਗਵਾਹੀਆਂ ਦੀ ਸੁਣਵਾਈ ਕੀਤੇ ਜਾਣ ਦੀ ਉਮੀਦ ਹੈ। ਇਸ ਸੁਣਵਾਈ ਪਿਛਲੀਆਂ ਦੋ ਫੈਡਰਲ ਚੋਣਾਂ ਵਿੱਚ ਚੀਨ, ਭਾਰਤ, ਰੂਸ ਅਤੇ ਹੋਰਾਂ ਦੁਆਰਾ ਸੰਭਾਵਿਤ ਵਿਦੇਸ਼ੀ ਦਖਲਅੰਦਾਜ਼ੀ 'ਤੇ ਕੇਂਦਰਿਤ ਹੋਵੇਗੀ। ਕਿਊਬਿਕ ਜੱਜ ਮੈਰੀ-ਜੋਸੀ ਹੋਗ ਦੀ ਅਗਵਾਈ ਹੇਠ ਜਾਂਚ ਕਮਿਸ਼ਨ ਨੂੰ 40 ਤੋਂ ਵੱਧ ਲੋਕਾਂ ਵਲੋਂ ਗਵਾਹੀ ਦੇਣ ਦੀ ਉਮੀਦ ਹੈ, ਜਿਸ ਵਿੱਚ ਕਮਿਊਨਿਟੀ ਮੈਂਬਰ, ਸਿਆਸੀ ਪਾਰਟੀ ਦੇ ਨੁਮਾਇੰਦੇ ਅਤੇ ਫੈਡਰਲ ਚੋਣ ਅਧਿਕਾਰੀ ਸ਼ਾਮਲ ਹੋਣਗੇ।ਪ੍ਰਧਾਨ ਮੰਤਰੀ ਜਸਟਿਨ ਟਰੂਡੋ, ਉਨ੍ਹਾਂ ਦੀ ਕੈਬਨਿਟ ਦੇ ਮੈਂਬਰ ਅਤੇ ਵੱਖ-ਵੱਖ ਸੀਨੀਅਰ ਸਰਕਾਰੀ ਅਧਿਕਾਰੀ ਵੀ 27 ਮਾਰਚ ਤੋਂ 10 ਅਪ੍ਰੈਲ ਤੱਕ ਚੱਲਣ ਵਾਲੀਆਂ ਸੁਣਵਾਈਆਂ ਵਿੱਚ ਹਾਜ਼ਰ ਰਹਿਣਗੇ। ਸੁਣਵਾਈਆਂ ਤੋਂ ਬਾਅਦ ਕਮਿਸ਼ਨ ਦੇ ਨਤੀਜਿਆਂ ਦੀ ਸ਼ੁਰੂਆਤੀ ਰਿਪੋਰਟ 3 ਮਈ ਨੂੰ ਪੇਸ਼ ਕੀਤੇ ਜਾਣ ਦੀ ਉਮੀਦ ਹੈ। ਇਸ ਤੋਂ ਬਾਅਦ ਜਾਂਚ ਫਿਰ ਵਿਆਪਕ ਨੀਤੀਗਤ ਮੁੱਦਿਆਂ 'ਤੇ ਤਬਦੀਲ ਹੋ ਜਾਵੇਗੀ, ਸਰਕਾਰ ਦੀ ਵਿਦੇਸ਼ੀ ਦਖਲਅੰਦਾਜ਼ੀ ਦਾ ਪਤਾ ਲਗਾਉਣ, ਅਤੇ ਮੁਕਾਬਲਾ ਕਰਨ ਦੀ ਸਮਰੱਥਾ ਨੂੰ ਦੇਖਦੇ ਹੋਏ। ਸਾਲ ਦੇ ਅੰਤ ਤੱਕ ਅੰਤਿਮ ਰਿਪੋਰਟ ਆਉਣ ਦੀ ਉਮੀਦ ਹੈ। ਜ਼ਿਕਰਯੋਗ ਹੈ ਕਿ ਕੈਨੇਡਾ ਦੇ ਮਾਮਲਿਆਂ ਵਿੱਚ ਦਖਲ ਦੇਣ ਦੀਆਂ ਕੋਸ਼ਿਸ਼ਾਂ ਲੰਬੇ ਸਮੇਂ ਤੋਂ ਹਕੀਕਤ ਬਣ ਚੁੱਕੀਆਂ ਹਨ। 1986 ਦੀ ਇੱਕ ਖੁਫੀਆ ਰਿਪੋਰਟ ਵਿੱਚ ਚੇਤਾਵਨੀ ਦਿੱਤੀ ਗਈ ਸੀ ਕਿ ਬੀਜਿੰਗ ਕੈਨੇਡਾ ਵਿੱਚ ਚੀਨੀ ਡਾਇਸਪੋਰਾ ਨੂੰ ਪ੍ਰਭਾਵਿਤ ਕਰਨ ਅਤੇ ਉਨ੍ਹਾਂ ਦਾ ਸ਼ੋਸ਼ਣ ਕਰਨ ਲਈ ਖੁੱਲ੍ਹੇਆਮ ਸਿਆਸੀ ਚਾਲਾਂ ਅਤੇ ਗੁਪਤ ਕਾਰਵਾਈਆਂ ਦੀ ਵਰਤੋਂ ਕਰ ਰਿਹਾ ਹੈ। ਪਿਛਲੇ ਸਾਲ ਫਰਵਰੀ ਵਿੱਚ, ਗਲੋਬ ਐਂਡ ਮੇਲ ਅਖਬਾਰ ਨੇ ਕੈਨੇਡੀਅਨ ਸਕਿਓਰਿਟੀ ਇੰਟੈਲੀਜੈਂਸ ਸਰਵਿਸ ਦੇ ਰਿਕਾਰਡਾਂ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਚੀਨ ਨੇ 2021 ਦੀਆਂ ਆਮ ਚੋਣਾਂ ਵਿੱਚ ਲਿਬਰਲ ਘੱਟ ਗਿਣਤੀ ਦੀ ਜਿੱਤ ਨੂੰ ਯਕੀਨੀ ਬਣਾਉਣ ਵਿੱਚ ਮਦਦ ਕਰਨ ਦੇ ਨਾਲ-ਨਾਲ ਕੰਜ਼ਰਵੇਟਿਵ ਸਿਆਸਤਦਾਨਾਂ ਨੂੰ ਹਰਾਉਣ ਲਈ ਕੰਮ ਕੀਤਾ ਜੋ ਬੀਜਿੰਗ ਲਈ ਗੈਰ-ਦੋਸਤਾਨਾ ਸਮਝੇ ਜਾਂਦੇ ਹਨ। ਅਗਲੇ ਮਹੀਨੇ, ਫੈਡਰਲ ਸਰਕਾਰ ਨੇ ਘੋਸ਼ਣਾ ਕੀਤੀ ਕਿ ਇੱਕ ਸੁਤੰਤਰ ਰਿਪੋਰਟਰ ਵਿਦੇਸ਼ੀ ਦਖਲਅੰਦਾਜ਼ੀ ਦੀ ਜਾਂਚ ਕਰੇਗਾ, ਦਖਲਅੰਦਾਜ਼ੀ ਦਾ ਮੁਕਾਬਲਾ ਕਰਨ ਅਤੇ ਚੋਣ ਪ੍ਰਕਿਰਿਆ ਵਿੱਚ ਵਿਸ਼ਵਾਸ ਨੂੰ ਮਜ਼ਬੂਤ ਕਰਨ ਦੇ ਕਈ ਉਰਾਲਿਆਂ ਵਿੱਚੋਂ ਇੱਕ ਹੈ। ਸਾਬਕਾ ਗਵਰਨਰ ਜਨਰਲ ਡੇਵਿਡ ਜੌਹਨਸਟਨ, ਜੋ ਜਲਦੀ ਹੀ ਇਸ ਕੰਮ ਨੂੰ ਸੰਭਾਲਣਗੇ, ਜਿਨ੍ਹਾਂ ਨੇ ਇੱਕ ਰਿਪੋਰਟ ਵਿੱਚ ਕਿਹਾ ਸੀ ਕਿ ਸੁਰੱਖਿਆ ਏਜੰਸੀਆਂ ਤੋਂ ਸਰਕਾਰ ਤੱਕ ਖੁਫੀਆ ਜਾਣਕਾਰੀ ਨੂੰ ਸੰਚਾਰਿਤ ਕਰਨ ਅਤੇ ਕਾਰਵਾਈ ਕਰਨ ਦੇ ਤਰੀਕੇ ਵਿੱਚ ਅਹਿਮ ਸੁਧਾਰਾਂ ਦੀ ਜ਼ਰੂਰਤ ਹੈ। ਹਾਲਾਂਕਿ, ਉਨ੍ਹਾਂ ਨੂੰ ਮੰਤਰੀਆਂ, ਪ੍ਰਧਾਨ ਮੰਤਰੀ ਜਾਂ ਉਨ੍ਹਾਂ ਦੇ ਦਫਤਰਾਂ ਦੁਆਰਾ ਜਾਣਬੁੱਝ ਕੇ ਜਾਂ ਲਾਪਰਵਾਹੀ ਨਾਲ ਖੁਫੀਆ ਜਾਣਕਾਰੀ, ਸਲਾਹ ਜਾਂ ਸਿਫ਼ਾਰਸ਼ਾਂ 'ਤੇ ਕੰਮ ਕਰਨ ਵਿੱਚ ਅਸਫਲ ਰਹਿਣ ਦਾ ਕੋਈ ਸੰਕੇਤ ਨਹੀਂ ਮਿਲੀਆ।

# ਇਲੈਕਟੋਰਲ ਬਾਂਡ ਦਾ ਡੇਟਾ ਤਾਂ ਜਾਰੀ ਹੋ ਗਿਆ ਪਰ ਹੁਣ ਪਾਰਟੀਆਂ ਖ਼ਿਲਾਫ਼ ਕੀ ਕਾਰਵਾਈ ਹੋ ਸਕਦੀ ਹੈ ?




## ਡੇਟਾ ਕੀ ਕਹਿੰਦਾ ਹੈ ?

ਸਟੇਟ ਬੈਂਕ ਆਫ਼ ਇੰਡੀਆ ਦੁਆਰਾ ਸਾਂਝਾ ਕੀਤਾ ਗਿਆ ਡੇਟਾ ਕਈ ਰੁਝਾਨਾਂ ਨੂੰ ਦਰਸਾਉਂਦਾ ਹੈ। ਅਜਿਹੀਆਂ ਬਹੁਤ ਸਾਰੀਆਂ ਰਿਪੋਰਟਾਂ ਹਨ ਜੋ ਦੱਸਦੀਆਂ ਹਨ ਕਿ ਦਾਨ ਦਾ ਸਮਾਂ ਸ਼ੱਕ ਪੈਦਾ ਕਰਦਾ ਹੈ। ਮਿਸਾਲ ਵਜੋਂ, ਇੰਡੀਅਨ ਐਕਸਪ੍ਰੈਸ ਦੇ ਅਨੁਸਾਰ , ਏਜੰਸੀਆਂ ਦੁਆਰਾ ਜਾਂਚ ਦਾ ਸਾਹਮਣਾ ਕਰ ਰਹੀਆਂ 26 ਕੰਪਨੀਆਂ ਵਿੱਚੋਂ, 16 ਕੰਪਨੀਆਂ ਨੇ ਜਾਂਚ ਸ਼ੁਰੂ ਹੋਣ ਤੋਂ ਬਾਅਦ ਸਿਆਸੀ ਪਾਰਟੀਆਂ ਨੂੰ ਚੰਦਾ ਦਿੱਤਾ ਅਤੇ ਛੇ ਕੰਪਨੀਆਂ ਨੇ ਜਾਂਚ ਤੋਂ ਬਾਅਦ ਜ਼ਿਆਦਾ ਬਾਂਡ ਖਰੀਦੇ। ਇਲੈਕਟੋਰਲ ਬਾਂਡ ਦੇ ਮੁਕੱਦਮੇ ਨਾਲ ਜੁੜੇ ਵਕੀਲਾਂ ਵਿੱਚੋਂ ਇੱਕ ਪ੍ਰਸ਼ਾਂਤ ਭੂਸ਼ਣ ਅਨੁਸਾਰ 33 ਗਰੁੱਪਾਂ ਨੇ ਭਾਰਤੀ ਜਨਤਾ ਪਾਰਟੀ ਨੂੰ ਲਗਭਗ 1,750 ਕਰੋੜ ਰੁਪਏ ਦਾਨ ਦਿੱਤੇ ਅਤੇ ਇਨ੍ਹਾਂ ਕੰਪਨੀਆਂ ਨੂੰ 3.7 ਲੱਖ ਕਰੋੜ ਰੁਪਏ ਦੇ ਠੇਕੇ ਮਿਲੇ। ਪ੍ਰਸ਼ਾਂਤ ਭੂਸ਼ਣ ਨੇ ਦਾਅਵਾ ਕੀਤਾ ਕਿ 30 ਸ਼ੈੱਲ ਕੰਪਨੀਆਂ ਨੇ ਲਗਭਗ 143 ਕਰੋੜ ਰੁਪਏ ਦੇ ਇਲੈਕਟਰੋਲ ਬਾਂਡ ਦਿੱਤੇ ਹਨ। ਇੱਕ ਖ਼ਬਰ ਸੰਸਥਾ ਰਿਪੋਰਟਰਜ਼ ਕਲੈਕਟਿਵ ਦੇ ਅਨੁਸਾਰ , ਇਲੈਕਟੋਰਲ ਬਾਂਡ ਰਾਹੀਂ ਦਾਨ ਕਰਨ ਵਾਲੇ ਚੋਟੀ ਦੇ 200 ਦਾਨੀਆਂ ਵਿੱਚੋਂ 16 ਨੇ ਲਗਾਤਾਰ ਤਿੰਨ ਸਾਲਾਂ ਤੱਕ ਆਪਣੀਆਂ ਕੰਪਨੀਆਂ ਦੇ ਘਾਟੇ ਵਿੱਚ ਰਹਿਣ ਦੇ ਬਾਵਜੂਦ ਇਹ ਬਾਂਡ ਖਰੀਦੇ। ਵੱਖ-ਵੱਖ ਸੈਕਟਰਾਂ, ਜਿਵੇਂ ਕਿ ਬੈਂਕਿੰਗ, ਰੀਅਲ ਅਸਟੇਟ ਅਤੇ ਟੈਲੀਕਾਮ ਵਿੱਚ ਨਿੱਜੀ ਭੁਗਤਾਨ ਵੀ ਸ਼ੱਕ ਪੈਦਾ ਕਰਦੇ ਹਨ। ਲਗਭਗ 16,000 ਕਰੋੜ (16,492) ਰੁਪਏ ਦੇ ਖਰੀਦੇ ਗਏ ਕੁੱਲ ਬਾਂਡਾਂ ਵਿੱਚੋਂ, ਭਾਜਪਾ ਨੂੰ 8, 252 ਕਰੋੜ ਰੁਪਏ ਦੇ ਇਲੈਕਟੋਰਲ ਬਾਂਡ, ਕਾਂਗਰਸ ਨੂੰ ਲਗਭਗ 2,000 (1,952) ਕਰੋੜ ਰੁਪਏ ਅਤੇ ਟੀਐੱਮਸੀ ਨੂੰ 1,705 ਕਰੋੜ ਰੁਪਏ ਦੇ ਇਲੈਕਟੋਰਲ ਬਾਂਡ ਮਿਲੇ ਹਨ।

ਇਲੈਕਟੋਰਲ ਬਾਂਡ ਬਾਰੇ ਅੰਕੜੇ ਜਨਤਕ ਹੋਣ ਤੋਂ ਬਾਅਦ ਕਈ ਵਿਰੋਧੀ ਪਾਰਟੀਆਂ ਅਤੇ ਕਾਨੂੰਨੀ ਮਾਹਿਰ ਇਸ ਦੀ ਪੜਤਾਲ ਦੀ ਮੰਗ ਕਰ ਰਹੇ ਹਨ। ਮੰਗ ਹੋ ਰਹੀ ਹੈ ਕਿ ਇਸ ਗੱਲ ਦੀ ਜਾਂਚ ਹੋਣੀ ਚਾਹੀਦੀ ਹੈ ਕਿ ਕੀ ਬਾਂਡਾਂ ਦੇ ਬਦਲੇ ਕੋਈ ਲੈਣ-ਦੇਣ ਤਾਂ ਨਹੀਂ ਹੋਇਆ, ਜਿਵੇਂ ਕਿ ਕੇਂਦਰੀ ਅਤੇ ਰਾਜ ਪੱਧਰ 'ਤੇ ਠੇਕੇ ਲੈਣ ਜਾਂ ਈਡੀ ਵਰਗੀਆਂ ਜਾਂਚ ਏਜੰਸੀਆਂ ਦੁਆਰਾ ਜਾਂਚ ਬੰਦ ਹੋਣਾ। ਉਦਾਹਰਣ ਵਜੋਂ, ਕਾਂਗਰਸ ਪਾਰਟੀ ਨੇ ਪਿਛਲੇ ਮਹੀਨੇ ਇੱਕ ਪ੍ਰੈਸ ਕਾਨਫਰੰਸ ਕਰਕੇ ਮੰਗ ਕੀਤੀ ਸੀ ਕਿ ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਇੱਕ ਵਿਸ਼ੇਸ਼ ਜਾਂਚ ਟੀਮ (ਐੱਸਆਈਟੀ) ਬਣਾਈ ਜਾਣੀ ਚਾਹੀਦੀ ਹੈ ਤਾਂ ਜੋ ਇਹ ਜਾਂਚ ਕੀਤੀ ਜਾ ਸਕੇ ਕਿ ਇਲੈਕਟੋਰਲ ਬਾਂਡ ਦੇ ਬਦਲੇ ਕੇਂਦਰ ਵੱਲੋਂ ਕੋਈ ਪੱਖਪਾਤ ਤਾਂ ਨਹੀਂ ਕੀਤਾ ਗਿਆ। ਇਸ ਤੋਂ ਇਲਾਵਾ ਕਪਿਲ ਸਿੱਬਲ ਵਰਗੇ ਕਾਨੂੰਨੀ ਮਾਹਿਰਾਂ ਅਤੇ ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕ ਰਿਫਾਰਮਜ਼ ਵਰਗੀਆਂ ਪਾਰਦਰਸ਼ਤਾ ਲਈ ਲੜਨ ਵਾਲੀਆਂ ਸੰਸਥਾਵਾਂ ਨੇ ਵੀ ਇਸੇ ਤਰ੍ਹਾਂ ਦੀ ਜਾਂਚ ਦੀ ਮੰਗ ਕੀਤੀ ਹੈ। ਇਹ ਜਾਂਚ ਕਿਵੇਂ ਸੰਭਵ ਹੈ ? ਇਸ ਵਿਚ ਅੱਗੇ ਕੀ ਹੋ ਸਕਦਾ ਹੈ ? ਆਓ ਜਾਣਦੇ ਹਾਂ ਇਨ੍ਹਾਂ ਸਵਾਲਾਂ ਦੇ ਜਵਾਬ।

**ਇਸ ਵਿੱਚ ਗੈਰ-ਕਾਨੂੰਨੀ ਕੀ ਹੈ ?**

ਇਲੈਕਟੋਰਲ ਬਾਂਡ ਖਰੀਦਣਾ ਆਪਣੇ ਆਪ ਵਿੱਚ ਗੈਰ-ਕਾਨੂੰਨੀ ਨਹੀਂ ਹੈ, ਕਿਉਂਕਿ ਜਦੋਂ ਇਹ ਖਰੀਦੇ ਗਏ ਸਨ ਤਾਂ ਇਹ ਇੱਕ ਕਾਨੂੰਨੀ ਤੌਰ ਉੱਤੇ ਜਾਇਜ਼ ਸਕੀਮ ਸੀ।ਸੀਨੀਅਰ ਵਕੀਲ ਅਤੇ ਅਪਰਾਧਿਕ ਕਾਨੂੰਨ ਦੇ ਮਾਹਰ ਸਿਧਾਰਥ ਲੂਥਰਾ ਨੇ ਕਿਹਾ, ਇੱਕ ਕਾਨੂੰਨੀ ਯੋਜਨਾ ਦੇ ਤਹਿਤ ਕੀਤੇ ਗਏ ਭੁਗਤਾਨ ਨੂੰ ਆਪਣੇ ਆਪ ਵਿੱਚ ਭ੍ਰਿਸ਼ਟਾਚਾਰ ਨਹੀਂ ਮੰਨਿਆ ਜਾ ਸਕਦਾ।ਇਹ ਗੈਰ-ਕਾਨੂੰਨੀ ਹੋਵੇਗਾ ਜੇਕਰ ਕੋਈ ਵਿਅਕਤੀ ਜਾਂ ਕੰਪਨੀ ਕਿਸੇ ਪਾਰਟੀ ਨੂੰ ਦਾਨ ਦਿੰਦੀ ਹੈ ਅਤੇ ਬਦਲੇ ਵਿੱਚ ਉਹ ਪਾਰਟੀ ਉਨ੍ਹਾਂ ਦੇ ਹਿੱਤ ਵਿੱਚ ਕੁਝ ਕਰਦੀ ਹੈ।ਲੂਥਰਾ ਕਹਿੰਦੇ ਹਨ, ਇਸ ਲਈ, ਤੁਹਾਨੂੰ ਪਹਿਲਾਂ ਇਹ ਸਾਬਤ ਕਰਨਾ ਪਵੇਗਾ ਕਿ ਕੀਤੇ ਗਏ ਭੁਗਤਾਨਾਂ ਦਾ ਸਬੰਧ ਕਿਸੇ ਨਾ ਕਿਸੇ ਲਾਭ ਨਾਲ ਹੈ। ਇਸ ਦੇ ਲਈ ਜਾਂ ਤਾਂ ਕਿਸੇ ਰਾਜਨੀਤਿਕ ਪਾਰਟੀ ਨੂੰ ਸੱਤਾ ਵਿੱਚ ਹੋਣਾ ਚਾਹੀਦਾ ਹੈ ਜਾਂ ਫਿਰ ਉਸ ਵਿੱਚ ਲਾਭਕਾਰੀ ਫੈਸਲੇ ਲੈਣ ਦੀ ਸਮਰੱਥਾ ਹੋਣੀ ਚਾਹੀਦੀ ਹੈ।ਪਾਰਦਰਸ਼ਤਾ ਦੀ ਵਕਾਲਤੀ ਕਾਰਕੁਨ ਅੰਜਲੀ ਭਾਰਦਵਾਜ ਨੇ ਕਿਹਾ ਕਿ ਇੱਕ ਪੂਰੀ ਪੜਤਾਲ ਹੋਣੀ ਚਾਹੀਦੀ ਹੈ ਕਿਉਂਕਿ ਕੋਈ ਵੀ ਇਹ ਨਹੀਂ ਕਹੇਗਾ ਕਿ ਉਸਨੇ ਕਿਸੇ ਗਲਤ ਕੰਮ ਲਈ ਬਾਂਡ ਦਿੱਤੇ ਜਾਂ ਸਵੀਕਾਰ ਕੀਤੇ। ਅੰਜਲੀ ਦਾ ਕਹਿਣਾ ਹੈ ਕਿ ਇਨ੍ਹਾਂ ਗੱਲਾਂ ਦੀ ਜਾਂਚ ਹੋਣੀ ਚਾਹੀਦੀ ਹੈ ਕਿ ਕਿਤੇ ਕੇਂਦਰੀ ਏਜੰਸੀਆਂ ਦੀ ਵਰਤੋਂ ਤਾਂ ਕੰਪਨੀਆਂ ਦੇ ਬਾਂਡ ਖਰੀਦਣ ਲਈ ਨਹੀਂ ਕੀਤੀ ਗਈ ਸੀ ਜਾਂ ਫਿਰ ਜਿਨ੍ਹਾਂ ਕੰਪਨੀਆਂ ਜਾਂ ਵਿਅਕਤੀਆਂ ਤੋਂ ਪੁੱਛ-ਗਿੱਛ ਕੀਤੀ ਜਾ ਰਹੀ ਸੀ, ਉਨ੍ਹਾਂ ਨੇ ਬਾਂਡ ਤਾਂ ਨਹੀਂ ਖਰੀਦੇ ਸਨ ਅਤੇ ਫਿਰ ਉਨ੍ਹਾਂ ਵਿਰੁੱਧ ਕੇਸ ਦਰਜ ਕੀਤੇ ਗਏ ਸਨ ਜਾਂ ਨਹੀਂ ਇਹ ਕੇਸ ਰੋਕੇ ਜਾਂ ਵਾਪਸ ਤਾਂ ਨਹੀਂ ਲਏ ਗਏ। .ਅੰਜਲੀ ਭਾਰਦਵਾਜ ਨੇ ਅੱਗੇ ਕਿਹਾ ਕਿ ਲੈਣ-ਦੇਣ ਦੇ ਦੋਸ਼ਾਂ ਨੂੰ ਵੀ ਦੇਖਣ ਦੀ ਲੋੜ ਹੈ, ਜਿਵੇਂ ਕਿ ਕੀ ਬਾਂਡ ਖਰੀਦਣ ਦੇ ਬਦਲੇ ਠੇਕੇ ਦਿੱਤੇ ਗਏ ਸਨ।

**ਇਹ ਜਾਂਚ ਕਿਵੇਂ ਹੋ ਸਕਦੀ ਹੈ ?**

ਜਾਂਚ ਦੇ ਦੋ ਤਰੀਕੇ ਹੋ ਸਕਦੇ ਹਨ: ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਵਰਗੀਆਂ ਕੇਂਦਰੀ ਏਜੰਸੀਆਂ ਇਹ ਦੇਖਣ ਲਈ ਜਾਂਚ ਕਰ ਸਕਦੀਆਂ ਹਨ ਕਿ ਕੀ ਮਨੀ ਲਾਂਡਰਿੰਗ ਜਾਂ ਰਿਸ਼ਵਤਖੋਰੀ ਦੇ ਕੋਈ ਮਾਮਲੇ ਹਨ। ਵਿਕਲਪਕ ਵਜੋਂ, ਇਨ੍ਹਾਂ ਮਾਮਲਿਆਂ ਦੀ ਜਾਂਚ ਲਈ ਸੁਪਰੀਮ ਕੋਰਟ ਵਰਗੀ ਨਿਆਂਇਕ ਸੰਸਥਾ ਦੁਆਰਾ ਇੱਕ ਐੱਸਆਈਟੀ ਬਣਾਈ ਜਾ ਸਕਦੀ ਹੈ। ਸੁਪਰੀਮ ਕੋਰਟ ਦੇ ਸਾਬਕਾ ਜੱਜ ਮਦਨ ਲੋਕੁਰ ਨੇ ਕਿਹਾ, ਇੱਕ ਐੱਸਆਈਟੀ ਬਣਾਉਣੀ ਪਵੇਗੀ। ਸਰਕਾਰ ਲਈ ਇਹ ਕੰਮ ਆਪਣੇ ਤੌਰ 'ਤੇ ਕਰਨ ਦਾ ਕੋਈ ਰਸਤਾ ਨਹੀਂ ਹੈ। ਇਸ ਲਈ ਇਹ ਅਦਾਲਤ ਰਾਹੀਂ ਹੀ ਕਰਨਾ ਹੋਵੇਗਾ। ਉਨ੍ਹਾਂ ਕਿਹਾ ਕਿ ਬਹੁਤੀ ਸੰਭਾਵਨਾ ਹੈ ਕਿ ਇਹ ਖਦਸ਼ਾ ਪੈਦਾ ਕਰਦੇ ਹੋਏ, ÷ਕੋਈ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਏਗਾ। ਉਨ੍ਹਾਂ ਕਿਹਾ, ਇਹ ਜਾਂਚ ਲਈ ਇੱਕ ਮਜ਼ਬੂਤ ਕੇਸ ਹੈ। ਇਕੱਠੇ ਬਹੁਤ ਸਾਰੇ ਇਤਫ਼ਾਕ ਇਕੱਠੇ ਹੋ ਰਹੇ ਹਨ।ਕੋਲਾ ਵੰਡ ਘੁਟਾਲੇ ਦੇ ਮਾਮਲੇ ਦੀ ਸੁਣਵਾਈ ਕਰ ਰਹੇ ਜੱਜਾਂ ਵਿੱਚੋਂ ਇੱਕ ਜਸਟਿਸ ਮਦਨ ਲੋਕੁਰ ਨੇ ਕਿਹਾ, ÷ਜੈਨ ਹਵਾਲਾ ਮਾਮਲੇ ਦੇ ਬਾਅਦ ਤੋਂ ਕਈ ਮੌਕਿਆਂ ਤੇ ਇਸ ਤਰ੍ਹਾਂ ਦੀ ਜਾਂਚ ਕੀਤੀ ਗਈ ਹੈ। ਲੇਕਿਨ ਇਸ ਮਾਮਲੇ ਵਿੱਚ ਹੋਰ ਵੀ ਹਾਲਾਤੀ ਸਬੂਤ ਹਨ।ਜੈਨ ਹਵਾਲਾ ਮਾਮਲੇ ਚ ਕੈਬਨਿਟ ਮੰਤਰੀਆਂ ਸਮੇਤ ਕਈ ਆਗੂਆਂ ਉੱਤੇ ਰਿਸ਼ਵਤ ਲੈਣ ਦੇ ਇਲਜ਼ਾਮ ਲੱਗੇ ਸਨ। ਸੁਪਰੀਮ ਕੋਰਟ ਨੇ ਇਸ ਮਾਮਲੇ ਵਿੱਚ ਜਾਂਚ ਦੀ ਨਿਗਰਾਨੀ ਕੀਤੀ ਸੀ।ਇਸ ਤੋਂ ਇਲਾਵਾ ਸੁਪਰੀਮ ਕੋਰਟ ਨੇ 2ਜੀ ਲਾਇਸੈਂਸ ਦੇਣ ਵਰਗੇ ਕਈ ਮਾਮਲਿਆਂ ਵਿੱਚ ਸੀਬੀਆਈ ਅਤੇ ਈਡੀ ਦੀ ਜਾਂਚ ਦੀ ਨਿਗਰਾਨੀ ਕੀਤੀ ਸੀ।ਦਿੱਲੀ ਦੀ ਇੱਕ ਅਦਾਲਤ ਦੇ ਸਾਹਮਣੇ ਵੀ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਦਲੀਲ ਦਿੱਤੀ ਸੀ ਕਿ ਇਸ ਤੱਥ ਦੀ ਵੀ ਜਾਂਚ ਹੋਣੀ ਚਾਹੀਦੀ ਹੈ ਕਿ ਦਿੱਲੀ ਸ਼ਰਾਬ ਘੁਟਾਲੇ ਦੇ ਮੁਲਜ਼ਮ ਇੱਕ ਕਾਰੋਬਾਰੀ ਨੇ ਭਾਜਪਾ ਲਈ 55 ਕਰੋੜ ਰੁਪਏ ਦੇ ਇਲੈਕਟੋਰਲ ਬਾਂਡ ਖਰੀਦੇ ਸਨ।ਕਾਰੋਬਾਰੀ ਸ਼ਰਦ ਰੈੱਡੀ ਆਖਰਕਾਰ ਸਰਕਾਰੀ ਗਵਾਹ ਬਣ ਗਿਆ ਅਤੇ ਦਿੱਲੀ ਦੀ ਅਦਾਲਤ ਨੇ ਉਸ ਨੂੰ ਜ਼ਮਾਨਤ ਦੇ ਦਿੱਤੀ।



**ਕਿਸ ਨੂੰ ਸਜ਼ਾ ਦਿੱਤੀ ਜਾ ਸਕਦੀ ਹੈ ਅਤੇ ਕੀ ਹੋ ਸਕਦੀ ਹੈ ?**

ਰਿਸ਼ਵਤ ਦੀ ਪ੍ਰਕਿਰਤੀ ਮੁਤਾਬਕ, ਕਈ ਲੋਕਾਂ ਨੂੰ ਸਜ਼ਾ ਹੋ ਸਕਦੀ ਹੈ।ਕਾਨੂੰਨੀ ਮਾਹਿਰਾਂ ਮੁਤਾਬਕ, ਜਿਨ੍ਹਾਂ ਲੋਕਾਂ @ਤੇ ਮੁਕੱਦਮਾ ਚਲਾਇਆ ਜਾ ਸਕਦਾ ਹੈ ਉਹ ਹਨ: ਦਾਨ ਦੇਣ ਵਾਲੀਆਂ ਕੰਪਨੀਆਂ ਦੇ ਵਿਅਕਤੀ, ਰਾਜਨੀਤਿਕ ਪਾਰਟੀਆਂ ਦੇ ਵਿਅਕਤੀ, ਲਾਭ ਦੇਣ ਦੀ ਸ਼ਕਤੀ ਰੱਖਣ ਵਾਲੇ ਸਰਕਾਰੀ ਅਫ਼ਸਰ, ਅਤੇ ਲੈਣ-ਦੇਣ ਵਿੱਚ ਸ਼ਾਮਲ ਹੋਰ ਲੋਕ।ਪ੍ਰਸ਼ਾਂਤ ਭੂਸ਼ਣ ਨੇ ਕਿਹਾ, ÷ਕੰਪਨੀ ਦੇ ਕੁਝ ਅਧਿਕਾਰੀ, ਸਿਆਸੀ ਪਾਰਟੀ ਦੇ ਕੁਝ ਲੋਕ, ਸਰਕਾਰ ਦੇ ਕੁਝ ਲੋਕ ਅਤੇ ਇਨ੍ਹਾਂ ਏਜੰਸੀਆਂ ਦੇ ਕੁਝ ਲੋਕ ਜਿਨ੍ਹਾਂ ਨੇ ਵਿਚੋਲੇ ਵਜੋਂ ਕੰਮ ਕੀਤਾ ਸੀ।ਸਿਧਾਰਥ ਲੂਥਰਾ ਦੇ ਅਨੁਸਾਰ, ਜੇਕਰ ਚੰਦੇ ਨੂੰ ਨਾਜਾਇਜ਼ ਲਾਭ ਨਾਲ ਜੋੜਨ ਵਾਲੀਆਂ ਸਾਰੀਆਂ ਕੜੀਆਂ ਮੌਜੂਦ ਹਨ, ਤਾਂ ਹੇਠ ਲਿਖੇ ਲੋਕਾਂ 'ਤੇ ਮੁਕੱਦਮਾ ਚਲਾਇਆ ਜਾ ਸਕਦਾ ਹੈ: ਖਜ਼ਾਨਚੀ, ਪਾਰਟੀ ਪ੍ਰਧਾਨ ਜਾਂ ਜਿਸ ਨੇ ਭੁਗਤਾਨ ਦੀ ਸਹੂਲਤ ਦਿੱਤੀ ਅਤੇ ਸਬੰਧਤ ਸਰਕਾਰੀ ਅਫ਼ਸਰ ਜਿਸ ਨੇ ਅਸਲ ਵਿੱਚ ਫਾਇਦਾ ਕੀਤਾ।ਕੰਪਨੀ ਨੂੰ ਮਨੀ ਲਾਂਡਰਿੰਗ ਰੋਕੂ ਕਾਨੂੰਨ ਦੀ ਧਾਰਾ 70 ਤਹਿਤ ਵੀ ਮੁਜਰਮ ਬਣਾਇਆ ਜਾ ਸਕਦਾ ਹੈ।ਇਨ੍ਹਾਂ ਹਾਲਤਾਂ ਵਿੱਚ, ਹਰ ਵਿਅਕਤੀ ਜੋ ਕਾਨੂੰਨ ਦੀ ਉਲੰਘਣਾ ਦੇ ਸਮੇਂ ਕੰਪਨੀ ਦੇ ਕਾਰੋਬਾਰੀ ਸੰਚਾਲਨ ਲਈ ਇੰਚਾਰਜ ਅਤੇ ਜ਼ਿੰਮੇਵਾਰ ਸੀ ਮਨੀ ਲਾਂਡਰਿੰਗ ਦੇ ਅਪਰਾਧ ਲਈ ਜਵਾਬਦੇਹ ਹੋਵੇਗਾ।ਸਿਧਾਰਥ ਲੂਥਰਾ ਮੁਤਾਬਕ ਇਸ ਤਹਿਤ ਕਿਸੇ ਸਿਆਸੀ ਪਾਰਟੀ ਨੂੰ ਵੀ ਮੁਲਜ਼ਮ ਬਣਾਇਆ ਜਾ ਸਕਦਾ ਹੈ।ਉਹ ਕਹਿੰਦੇ ਹਨ, ਜੇਕਰ ਪਾਰਟੀ ਨੂੰ ਮੁਲਜ਼ਮ ਬਣਾਇਆ ਜਾਂਦਾ ਹੈ, ਤਾਂ ਉਹ ਵਿਅਕਤੀ ਜੋ ਪ੍ਰਧਾਨ ਹੈ ਜਾਂ ਜ਼ਿੰਮੇਵਾਰ ਹੈ ਜਾਂ ਜਿਸ ਨੇ ਸਰਗਰਮ ਭੂਮਿਕਾ ਨਿਭਾਈ ਹੈ, ਉਸ 'ਤੇ ਮੁਕੱਦਮਾ ਚਲਾਇਆ ਜਾ ਸਕਦਾ ਹੈ।ਦਿੱਲੀ ਐਕਸਾਈਜ਼ ਪਾਲਿਸੀ ਮਾਮਲੇ ਵਿੱਚ ਈਡੀ ਨੇ ਦਲੀਲ ਦਿੱਤੀ ਹੈ ਕਿ ਆਮ ਆਦਮੀ ਪਾਰਟੀ ਨੇ ਪਾਰਟੀ ਦੇ ਇੰਚਾਰਜ ਅਰਵਿੰਦ ਕੇਜਰੀਵਾਲ ਰਾਹੀਂ ਮਨੀ ਲਾਂਡਰਿੰਗ ਦਾ ਅਪਰਾਧ ਕੀਤਾ ਹੈ।ਪੀਐੱਮਐੱਲਏ ਤਹਿਤ ਕਿਸੇ ਵਿਅਕਤੀ ਨੂੰ ਜੁਰਮਾਨੇ ਦੇ ਨਾਲ ਸੱਤ ਸਾਲ ਤੱਕ ਦੀ ਸਜ਼ਾ ਹੋ ਸਕਦੀ ਹੈ।ਹਾਲਾਂਕਿ, ਕਿਸੇ ਸਿਆਸੀ ਪਾਰਟੀ ਨੂੰ ਮੁਲਜ਼ਮ ਬਣਾਇਆ ਜਾ ਸਕਦਾ ਹੈ ਜਾਂ ਨਹੀਂ, ਇਹ ਲਗਾਤਾਰ ਬਹਿਸ ਦਾ ਵਿਸ਼ਾ ਬਣਿਆ ਹੋਇਆ ਹੈ ਅਤੇ ਅਜੇ ਫੈਸਲਾ ਹੋਣਾ ਬਾਕੀ ਹੈ।ਇਸ ਦੇ ਬਾਵਜੂਦ ਪਾਰਟੀ ਵਿੱਚ ਜਿਹੜੇ ਲੋਕ ਸੌਦੇ ਨੂੰ ਅੰਜ਼ਾਮ ਦੇਣ ਵਿੱਚ ਸ਼ਾਮਲ ਸਨ, ਉਨ੍ਹਾਂ ਨੂੰ ਜ਼ਿੰਮੇਵਾਰ ਠਹਿਰਾਇਆ ਜਾ ਸਕਦਾ ਹੈ।ਸਿਧਾਰਥ ਲੂਥਰਾ ਨੇ ਕਿਹਾ, ਵਿਕਲਪ ਵਜੋਂ, ਜੇਕਰ ਧਾਰਾ 70 ਲਾਗੂ ਨਹੀਂ ਕੀਤੀ ਜਾਂਦੀ, ਤਾਂ ਕੋਈ ਵੀ ਵਿਅਕਤੀ ਜੋ ਪੈਸੇ ਲੈਣ ਅਤੇ ਫੈਸਲੇ ਨੂੰ ਪ੍ਰਭਾਵਿਤ ਕਰਨ ਵਿੱਚ ਸ਼ਾਮਲ ਸੀ, ਨੂੰ ਜ਼ਿੰਮੇਵਾਰ ਠਹਿਰਾਇਆ ਜਾ ਸਕਦਾ ਹੈ।ਇਸ ਤੋਂ ਇਲਾਵਾ ਭ੍ਰਿਸ਼ਟਾਚਾਰ ਵਿਰੋਧੀ ਕਾਨੂੰਨ ਦੀਆਂ ਧਾਰਾਵਾਂ ਵੀ ਲਾਗੂ ਹੋਣਗੀਆਂ।ਇਸ ਕਾਨੂੰਨ ਤਹਿਤ ਸਰਕਾਰੀ ਮੁਲਾਜ਼ਮਾਂ, ਰਿਸ਼ਵਤ ਦੇਣ ਵਾਲੇ ਅਤੇ ਰਿਸ਼ਵਤ ਦੇਣ ਵਾਲੇ ਦਲਾਲਾਂ ਨੂੰ ਸਜ਼ਾ ਦੇਣ ਦੀ ਵਿਵਸਥਾ ਹੈ।ਇਸ ਤਹਿਤ ਜੁਰਮਾਨਾ ਅਤੇ ਸੱਤ ਸਾਲ ਦੀ ਕੈਦ ਹੋ ਸਕਦੀ ਹੈ।ਜਸਟਿਸ ਮਦਨ ਲੋਕੁਰ ਨੇ ਕਿਹਾ ਕਿ ÷ਉਹ ਇਕਰਾਰਨਾਮਾ ਰੱਦ ਕਰ ਸਕਦੇ ਹਨ।2014 ਵਿੱਚ ਸੁਪਰੀਮ ਕੋਰਟ ਨੇ 1993 ਤੋਂ 2010 ਦਰਮਿਆਨ ਪ੍ਰਾਈਵੇਟ ਕੰਪਨੀਆਂ ਨੂੰ ਕੀਤੇ ਕੋਲਾ ਬਲਾਕ ਦੀ ਵੰਡ ਨੂੰ ਰੱਦ ਕਰ ਦਿੱਤਾ ਸੀ।






## ਟੁਣਕਾਰ



ਬਲਦੇਵ ਕ੍ਰਿਸ਼ਨ ਸ਼ਰਮਾ

ਬੁੱਕਲ਼ ਵਿੱਚ ਸੱਪ ਮੈਂ ਪਾਲ਼ ਰੱਖੇ ਨੇ,
ਡੰਗਦੇ ਨੇ ਰੋਜ਼,ਫਿਰ ਵੀ ਨਾਲ਼ ਰੱਖੇ ਨੇ।
ਨਿਭਦਾ ਹਾਂ,ਨਿਭਾਵਾਂਗਾ ਫਿਤਰਤ ਹੈ ਮੇਰੀ
ਬੇਸ਼ੱਕ,ਵਿਛਾਉਨ੍ਹਾਂ; ਜਾਲ਼ ਰੱਖੇ ਨੇ।
ਰਾਜ਼ ਜੇ ਖੋਲ੍ਹਾਂ ਤਾਂ ਸਾਬਤ ਹੋਣਗੇ ਬੌਣੇ,
ਮਸਲੇ ਕੁਝ ਇਸੇ ਲਈ,ਟਾਲ਼ ਰੱਖੇ ਨੇ।
ਸਾਝੇ ਕੀਤੇ ਲੂਣ ਦਾ,ਬੱਸ ਹੇਜ ਹੈ ਮਾਰਦਾ,
ਪਰ ਚੁੱਪ ਵਿੱਚ ਕਈ ਮੈਂ ਸਵਾਲ ਰੱਖੇ ਨੇ।
ਉਹ ਘੜੀ 'ਚ ਨੇ ਤੋਲ਼ਾ ਤੇ ਘੜੀ 'ਚ ਨੇ ਮਾਸਾ,
ਬਹਿਰੂਪੀਏ ਮੈਂ ਸਭ,ਬਾਕਮਾਲ ਰੱਖੇ ਨੇ।
ਬੇਸੁਰੇ ਸ਼ੋਰ ਦੇ,ਉਹ ਹੋ ਗਏ ਨੇ ਆਦੀ,
ਮੈਂ ਮੌਨ ਵਿੱਚ ਵਿਰਵੀ, ਸੁਰਤਾਲ ਰੱਖੇ ਨੇ।
ਹੁਣ "ਤੂੰ" ਲਈ "ਤੂੰ" ਹੈ,ਤੇ "ਜੀ" ਲਈ "ਜੀ" ਹੈ;
ਬੋਲ ਜ਼ਾਬਤੇ ਦੀ ਭੱਠੀ 'ਚ,ਮੈਂ ਢਾਲ਼ ਰੱਖੇ ਨੇ।
ਬਹੁਤੇ ਤੱਤੇ ਪਾਣੀ ਕਦੇ ਘਰ ਨਹੀਂ ਸਾੜਦੇ,
ਹੌਂਸਲੇ ਮੈਂ ਸਦਾ;ਜੋ ਬੋਲੇ ਸੋ ਨਿਹਾਲ, ਰੱਖੇ ਨੇ।
ਐਰੇ ਗੈਰੇ ਸੰਗ ਕਦੇ ਉੱਠੀਏ ਨਾ ਬੈਠੀਏ
ਯਾਰ ਬੇਲੀ ਥੋੜ੍ਹੇ,ਪਰ ਜਗਦੀ ਮਸ਼ਾਲ ਰੱਖੇ ਨੇ।

## ਗ਼ਜ਼ਲ

ਬਿੰਦਰ ਮਾਨ ਬੁਰਜ
(ਬਠਿੰਡਾ)
94645-37646

ਪੈਰਾਂ ਦੇ ਵਿੱਚ ਬੰਨਕੇ ਅੱਗ ਦੇ ਘੁੰਗਰੂ
ਤਪਦੇ ਥਲਾਂ ਚ ਨੱਚਣ ਤੁਰਿ ਆ ਸੀ"
ਪਾਣੀ ਵਰਗੇ ਪਾਣੀ ਵਾਂਗ ਦੁਰੇਡੇ ਲੰਘਗੇ ਨੇ
ਜਿਨਾਂ ਲਈ ਰੇਤਿਆਂ ਦੇ ਵਿੱਚ ਮੱਚਣ ਤੁਰਿਆ ਸੀ"
ਮੇਰੀਆਂ ਅੱਖਾਂ ਚੋਂ ਖੂਨ ਦੇ ਹੰਝੂ ਵਗਦੇ ਨੇ
ਜਰਾ ਵੇਖ ਲਵੋ ! ਪੱਥਰਾਂ ਨੂੰ ਦੱਸਣ ਤੁਰਿਆ ਸੀ"
ਤੇਜਾਬ ਛਿੜਕਗੇ ਖਾਬਾਂ ਲੱਦੇ ਫੁੱਲਾਂ ਤੇ
ਉਜੜੇ ਬਾਗਾਂ ਵਿੱਚ ਮੁਰਝਾਈਆਂ ਵੇਲਾਂ ਸੰਗ ਹੱਸਣ ਤੁਰਿਆ ਸੀ"
ਮੌਤ ਵੀ ਸਾਝਾਂ ਪਾਉਣ ਤੋਂ ਕੰਨੀਆਂ ਕਤਰਾਗੀ ਏ
ਕਿੰਨੇ ਵਾਰ ਦੁਨੀਆਂ ਤੋਂ ਦੂਰ ਮੈਂ ਨੱਸਣ ਤੁਰਿਆ ਸੀ"
ਉਹਨਾਂ ਕੋਲ ਤੇਰੀਆਂ ਖੈਰਾਂ ਮੰਗਣ ਦੀ ਵੀ ਵਿਹਲ ਨਹੀਂ
ਮੁੜਜਾ ਬਿੰਦਰ ਜਿਨਾਂ ਲਈ ਤੂੰ ਰੋਜੇ ਰੱਖਣ ਤੁਰਿਆ ਸੀ""


## ਨਾ ਫ਼ਲ ਨਾ ਫੁੱਲ

ਨਾ ਪੱਤਾ ਰੁੰਡ ਮੁੰਡ
ਰੁੱਖ ਜਿਹੀ ਹੋ ਗਈ
ਮੇਰੀ ਜ਼ਿੰਦਗੀ
ਨਹਿਰ ਕਿਨਾਰੇ ਮੈਂ ਬੈਠਾ ਪਿਆਸਾ
ਆਟੇ ਵਿੱਚ ਨੂਣ ਜਿਵੇਂ ਤਲਾਸ਼ਾ
ਜਿਸ ਨੂੰ ਕਦੇ ਭਾਗ ਨਾ ਲੱਗੇ
ਉਸ ਕੁੱਖ ਜਿਹੀ ਹੋ ਗਈ
ਮੇਰੀ ਜ਼ਿੰਦਗੀ
ਬਿਨ ਬੱਦਲਾਂ ਜਿਉਂ ਬਿਜਲੀ ਕੜਕੇ
ਬਿਨ ਪਾਣੀ ਜਿਉਂ ਮੱਛੀ ਤੜਫੇ
ਜਿਉਂਦੇ ਜੀ ਲਾਸ਼ ਜਿਹੀ ਹੋ ਗਈ
ਮੇਰੀ ਜ਼ਿੰਦਗੀ
ਬਿਨ ਸੰਗੀਤ ਜਿਵੇਂ ਕੋਈ ਗੀਤ
ਤੇਰੇ ਬਿਨ ਚੰਨੀ ਚਰਨਜੀਤ
ਤੂੰ ਕਿਉਂ ਬੇਮੁੱਖ ਹੋ ਗਈ
ਮੇਰੀ ਜ਼ਿੰਦਗੀ



ਚੰਨੀ ਖਿਜ਼ਰਾਬਾਦ
98724 05951

## ਦੋ-ਪਲ



ਸੱਜਣਾ ਆਜਾ ਬੈਹਜਾ ਦੋ-ਪਲ,
ਪਿਆਰ ਦੀਆਂ ਗੱਲਾਂ ਕਰੀਏ ।
ਕੰਮਕਾਰ ਤਾਂ ਚੱਲਦੇ ਰਹਿਣੇ,
ਆ ਦੁੱਖ-ਸੁੱਖ ਸਾਂਝੇ ਕਰੀਏ ।
ਗੁੱਸੇ-ਗਿਲੇ ਦਿਲੋਂ ਭੁਲਾਕੇ,
ਘੁੱਟ ਪਿਆਰ ਦੀ ਕਰੀਏ ।
ਚਾਰ ਦਿਨਾਂ ਦਾ ਮੇਲਾ-ਜੋਲਾ,
ਖੁਸ਼ੀਆਂ ਸੰਗ ਜੀਵਨ ਭਰੀਏ ।
'ਕਲੇਰ' ਜਿੰਦ ਦਾ ਕੀ ਭਰੋਸਾ ?
ਹੱਸ-ਖੇਡ ਕੇ ਜੀਵਨ ਤਰੀਏ ।
ਹੰਸ ਕਲੇਰ, ਦੁਗਾਲ
98789-46038

## ਤਲਖ ਸਚਾਈਆਂ

ਰਾਤ ਦੇ ਪਹਿਰ ਕਿਨੇ ਪੁੱਛੀਂ ਉਸ ਗੋਰੀ ਕੋਲੋਂ,
ਮਾਹੀ ਜੀਹਦਾ ਗਿਆ ਪ੍ਰਦੇਸ।
ਉਮਰਾਂ ਦਾ ਪੈਂਡਾ ਕਿਨਾ ਲੰਮਾ ਹੁੰਦਾ ਪੁੱਛ ਲਵੀਂ,
ਕੱਫਣ ਬਣੇ ਨੇ ਜੀਹਦੇ ਖੇਸ।
ਬਾਡਰਾਂ ਲੜਾਈਆਂ ਨਾਲੋਂ ਵੱਧ ਦੁਖਦਾਈ ਜੀਹਦੇ,
ਘਰ 'ਚੋਂ ਨਾ ਮੁੱਕਦਾ ਕਲੇਸ਼।
ਪੁੱਛਲੀ ਕਿਸਾਨ ਨੂੰ ਕੀ ਵਧੇ ਹੋਏ ਰੇਟ ਹੁੰਦੇ,
ਮਣ ਦੁੱਧ ਕੱਟੇ ਨੂੰ ਕੀ ਲੇਸ।
ਪਿੱਪਲਾਂ ਤੇ ਬੋਹੜਾਂ ਕੋਲੋ ਬੈਠ - ਬੈਠ ਪੁੱਛ ਲਵੀਂ,
ਮੁੱਕਿਆ ਕਿਉਂ ਡੰਡੀਆਂ 'ਚੋਂ ਲੇਸ ?
ਮੁੱਲ ਓਏ ਜਵਾਨੀ ਦਾ ਗਰੀਬ ਕੋਲੋਂ ਪੁੱਛ ਲਵੀਂ,
ਰੋਟੀ ਤੱਕ ਰਹਿਗੀ ਜੀਹਦੀ ਰੇਸ।
ਬਚਪਨ ਵਾਲ਼ੇ ਕੀ ਨਜ਼ਾਰੇ ਜਾ ਕੇ ਪੁੱਛ ਲਵੀਂ,
ਗਲ਼ੀਏਂ ਜੋ ਰੁਲਦਾ ਵਰੇਸ।
ਬਾਡਰ ਦੇ ਉੱਤੇ ਜੀਹਦਾ ਲੁੱਟਿਆ ਸੁਹਾਗ ਗਿਆ,
ਵੱਢ- ਵੱਢ ਖਾਵੇ ਉਹਨੂੰ ਦੇਸ਼।
ਚੋਰਾਂ ਦੀ ਉਹ ਹੱਥੀਂ ਆਪ ਲਿਖੂ ਪ੍ਰੀਭਾਸ਼ਾ ਜੀਹਨੂੰ,
ਲੁੱਟ ਲਿਆ ਸਾਧੂਆਂ ਦੇ ਭੇਸ।
"ਸਿੱਧੂ" ਦੀ ਕਲਮ ਜਦੋਂ ਕਾਗਜ ਤੇ ਟਿਕਦੀ,
ਦਿਲ ਉੱਤੇ ਲੱਗੀ ਲਿਖੇ ਠੇਸ।
ਸੁਖਵਿੰਦਰ ਕੌਰ "ਸਿੱਧੂ"
9465434177

## ਤੈਨੂੰ ਕਿੰਨੀ ਵਾਰ ਕਿਹਾ

ਤੈਨੂੰ ਕਿੰਨੀ ਵਾਰ ਕਿਹਾ...
ਤੇਰਾ ਖ਼ਤ ਆਇਆ ...
ਖ਼ੁਸ਼ੀ ਤਾਂ ਹੋਈ
ਪਰ; ਤੈਨੂੰ
ਕਿੰਨੀ ਵਾਰ ਕਿਹਾ
ਘਰ ਦੇ ਪਤੇ 'ਤੇ
ਖ਼ਤ ਨਾ ਪਾਇਆ ਕਰ।
ਐਵੇਂ...ਖ਼ਾਮਖਾਹ !
ਚੱਲ ਫਿਰ ਵੀ...
ਛੁੱਟੀ ਦਾ ਦਿਨ ਹੈ
ਸਰਦੀਆਂ ਦੀ
ਕੋਸੀ-ਕੋਸੀ ਧੁੱਪੇ
ਚਾਹ ਦੀਆਂ
ਚੁਸਕੀਆਂ ਭਰਦਿਆਂ
ਛੱਤ 'ਤੇ ਬੈਠ ਪੜ੍ਹਦਾ ਹਾਂ
ਤੇ ਖ਼ਤ ਨੂੰ
ਤੈਹ ਕਰ
ਜੇਬ ਵਿੱਚ ਪਾ ਲੈਂਦਾ ਹਾਂ।
ਤਦੇ ਹੀ
ਪਤਨੀ ਦੀ ਅਵਾਜ਼ ਆਉਂਦੀ ਹੈ...
ਕੱਪੜੇ ਉਤਾਰ ਦਿਓ,



ਧੋ ਦੇਵਾਂ;
ਤੇ ਤੁਸੀ
ਬੱਚਿਆਂ ਨੂੰ ਲੈ
ਮਾਰਕੀਟ ਹੋ ਆਓ।
ਤੁਹਾਡਾ ਹੁਕਮ...
ਸਿਰ ਮੱਥੇ ਆਖ
ਬਜ਼ਾਰ ਚਲਾ ਜਾਂਦਾ ਹਾਂ।
ਉੱਤੋਂ ਦਫ਼ਤਰੋਂ ਆਇਆ ਫ਼ੋਨ
ਨਾ ਬੱਚਿਆਂ ਨਾਲ

ਘੁੰਮਣ ਦਿੰਦਾ ਹੈ
ਨਾ ਕੰਮਾਂ-ਕਾਰਾ ਦਾ
ਭੰਨਿਆ ਵਕਤ
ਖ਼ਤ ਸੁੰਘਣ ਦਿੰਦਾ ਹੈ।
ਉਫ਼...!!!
ਉਹ ਤਾਂ
ਕੱਪੜਿਆਂ ਵਿੱਚ ਘਰ ਹੀ
ਛੱਡ ਆਇਆ ਹਾਂ
ਇੱਕ ਹੋਰ ਟੈਨਸ਼ਨ
ਬੰਨ੍ਹ ਹੱਡ ਲਿਆਇਆ ਹਾਂ।
ਘਰ ਪਰਤ ਦੇਖਦਾ
ਤੇਰਾ ਖ਼ਤ
ਧੋਤਾ ਗਿਆ ਹੈ
ਵਾਸ਼ਿੰਗ-ਮਸ਼ੀਨ ਅੰਦਰ...
ਹੁਣ ਤੂੰ ਹੀ ਦੱਸ
ਜਵਾਬ ਤੈਨੂੰ ਕੀ ਲਿਖਾਂ ?
ਤੈਨੂੰ ਕਿੰਨੀ ਵਾਰ ਕਿਹਾ ਹੈ...
ਘਰ ਦੇ ਪਤੇ 'ਤੇ
ਖ਼ਤ ਨਾ ਪਾਇਆ ਕਰ।
ਗਗਨਦੀਪ ਸਿੰਘ ਸੰਧੂ
(+917589431402)

## ਕਿਰਦਾਰ



ਨਾਂ ਪਾਣੀ ਸਾਂਭ ਸਕੇ ਹਾਂ ਆਪਾਂ - ਨਾਂ ਹੀ ਸਾਫ਼ ਹਵਾ
ਨਾਂ ਹੀ ਸਾਂਭ ਰਹੇ ਮਾਂ ਬੋਲੀ, ਬੋਲਦੇ ਅਵਾ ਤਵਾ
ਉੱਲ ਜਲੂਲ ਹਰਕਤਾਂ ਕਰ ਕੇ , ਸਮਝੀਏ ਅਪਣੀ ਸ਼ਾਨ
ਔਣੇ ਪੌਣੇ ਜੇ ਰਹਿ ਗਏ ਆਂ , ਜੋ ਸੀ ਕਦੇ ਸਵਾ
ਪੰਛੀ , ਰੁੱਤਾਂ, ਨਦੀਆਂ , ਛੱਪੜ , ਚੋਅ ਅਤੇ ਚਰਗਾਂਦਾਂ
ਸਾਰਾ ਕੁਝ ਉਜਾੜ ਕੇ ਕਰ ਲਈ, ਕੁਦਰਤ ਵੀ ਖ਼ਫ਼ਾ
ਸੋਹਣਾ ਮੇਰਾ ਦੇਸ਼ ਪੰਜਾਬ ਹੈ, ਸਾਰੇ ਦੇਸ਼ਾਂ ਵਿੱਚੋਂ
ਸੱਚੀ ਗੱਲ ਨਾਂ ਜਾਪੇ ਹੁਣ ਤਾਂ, ਲਗਦੈ ਝੂਠ ਨਿਰਾ
ਐਥੇ ਵਰਗੀ ਮੌਜ ਬਹਾਰ ਨਹੀ ,ਲੱਭਣੀ ਦੁਨੀਆਂ ਉੱਤੇ
ਦੇ ਗਏ ਸੀ ਬਜ਼ੁਰਗ ਅਸਾਨੂੰ, ਕਿਥੇ ਲਈ ਗਵਾ
ਰੋਗਾਂ ਭਰਿਆ ਸ਼ਹਿਰ ਕਰ ਲਿਆ , ਪਿੰਡ ਤੇ ਕੀ ਗਰਾਂ
ਕਿਣਕਾ ਕਿਣਕਾ ਜਿਥੋਂ ਦਾ ਸੀ, ਮਰਜ਼ਾਂ ਦੀ ਦਵਾ
ਗੀਤ ਸ਼ਗਨ ਦੇ ਘੋੜੀਆਂ ਜਿੰਦੂਏ , ਬੋਲੀਆਂ ਅਤੇ ਸੁਹਾਗ
ਛੱਡ ਛਡਾ ਕੇ, ਵਾਂਗ ਨਚਾਰਾਂ, ਡੀ.ਜੇ. ਲਏ ਲਵਾ
ਦਾਤੀਆਂ, ਰੰਬੇ , ਟੰਬੇ, ਸਲੰਗੇ - ਬੱਠਲ਼ ਛਿੱਕੂ ਛਾਬੇ
ਭੁੱਲ ਭੁਲਾ ਕੇ ਯੂ.ਪੀ. ਤੋਂ , ਹਥਿਆਰ ਲਏ ਮੰਗਾ
ਕਿਹੜੇ ਵਿਰਸੇ ਵੁਰਸੇ ਦੀ , ਪ੍ਰਵਾਹ ਰਹਿਗੀ ਐ ਕਿਸਨੂੰ
ਅਪਣੇ ਹੱਥੀਂ , ਖੂਨ ਚ' ਆਪਾਂ ਜਹਿਰ ਲਈ ਮਿਲਾ
ਹਰਵਿੰਦਰ ਹੁਣ ਕੌਣ ਕਿਸੇ ਦਾ ਬਨਦਾ ਦਿਲੋਂ ਹਬੀਬ
ਪਤਾ ਨੀ ਕਿੱਵੇਂ ਵਗਾੜ ਬੈਠੇ ਆਂ ਉੱਚੀ ਕੁੱਲ ਰਵਾ
ਹਰਵਿੰਦਰ ਹਬੀਬ

## ਪੈਰਾਂ ਦੇ ਨਿਸ਼ਾਨ

ਟਾਹਲੀ ਦੀ ਛਾਂ ਹੇਠਾਂ
ਪਏ ਪੈਰਾਂ ਦੇ ਨਿਸ਼ਾਨ
ਪਏ ਦੱਸਦੇ ਨੇ,
ਕੋਈ ਆਇਆ ਸੀ 'ਤੇ
ਉਡੀਕ ਕਰਦਾ ਕਰਦਾ ਚਲਾ ਗਿਆ
ਜਿੱਥੋਂ ਤੱਕ ਟਾਹਲੀ ਦੀ ਛਾਂ ਦਾ
ਪਰਛਾਵਾਂ ਸੀ
ਉਹਦੇ ਕਦਮ ਵੀ ਉੱਥੋਂ ਤੱਕ ਹੀ ਰਹੇ
ਇਕ ਵੀ ਕਦਮ ਉਹਨੇ
ਧੁੱਪ ਦੀ ਦਹਿਲੀਜ਼ ਤੇ ਨਹੀਂ ਰੱਖਿਆ
ਟਾਹਲੀ ਦਾ ਕੋਈ ਵੀ ਪੱਤਾ ਜਾਂ ਟਾਹਣੀ
ਜ਼ਮੀਨ ਤੇ ਨਹੀਂ ਦਿਸ ਰਿਹਾ
ਤੇ ਪੈਰਾਂ ਦੇ ਨਿਸ਼ਾਨ ਵੀ
ਦੂਰੀ ਬਰਾਬਰ ਦੀ ਬਣਾਈ ਬੈਠੇ ਨੇ,
ਹੁਣ ਲੱਗਦੇ ਉਡੀਕ ਤਾਂ ਸੀ
ਕਿਸੇ ਨੂੰ ਮੇਰੀ
ਪਰ ਉਹ ਗੁੱਸੇ ਵਾਲੀ ਨਹੀਂ
ਦੁਪਹਿਰ ਦੇ ਤਪਦੇ ਪਲਾਂ ਵਿਚ
ਵੀ ਦਿਲ ਨੂੰ ਠੰਡਕ ਦੇਣ ਵਾਲੀ
ਹੁਣ ਮੈਂ ਉਹਨਾਂ ਪੈਰਾਂ ਦੇ ਨਿਸ਼ਾਨਾਂ ਨੂੰ
ਵਾਰ ਵਾਰ ਵੇਖ ਰਿਹਾ ਹਾਂ
ਜੋ ਖੱਬੇ ਵੱਲ ਨੂੰ ਮੁੜਦੇ ਨੇ
ਤੇ ਮੈਨੂੰ ਕਹਿ ਰਹੇ ਹੋਣ
ਤੂੰ ਸੱਜੇ ਵੱਲ ਨੂੰ ਜਾ
ਤੇ ਕੱਲ ਸਮੇਂ ਸਿਰ ਆ ਜਾਂਵੀ।
ਗੁਰਜੰਟ ਤਕੀਪੁਰ
8872782684

## ਕਵਿਤਾ



ਕੁੱਝ ਰੁੱਖ ਰਹੂੜੇ ਦੇ
ਟਿੱਬਿਆਂ ਚੋਂ ਥਿਆਏ ਨੇ।
ਮੈ ਕੀਕਣ ਭੁੱਲ ਜਾਵਾਂ
ਮੇਰੇ ਚਾਚੇ ਤਾਏ ਨੇ ।
ਉਹ ਦਿਲ ਦੀ ਵੇਦਨ ਤੇ
ਮੱਲਮ ਹੀ ਲਗਾ ਰਹੀ ਸੀ।
ਮੈ ਕੰਨੀ ਸੁਣਿਆਂ ਹੈ
ਬੁਲਬੁਲ ਕੁਝ ਗਾ ਰਹੀ ਸੀ।
ਬਸਰੇ ਤੋਂ ਆਈਆਂ ਜਦ
ਚਿੱਠੀਆਂ ਸੀ ਭੌਰ ਦੀਆਂ ।9
ਮਲਿਆ ਦੇ ਬੇਰ ਬਣੇ
ਦਾਖਾ ਬਜੌਰ ਦੀਆਂ ।
ਬਰਸਾਤਾਂ ਤਾਂ ਹੋਵਣ
ਨਾ ਛੱਤਾਂ ਚਿਉਂਦੀਆ ਨੇ।
ਹੁਣ ਸਾਉਣ ਮਹੀਨੇ ਵਿੱਚ
ਪੀਘਾਂ ਬੜਾ ਰੋਂਦੀਆਂ ਨੇ।
ਕੋਈ ਗੱਲਾਂ ਨਾ ਕਰਦਾ
ਨਾਨਕ ਦੇ ਵੇਸ ਦੀਆਂ ।
ਚਿੱਟਿਆਂ ਨੇ ਖਾ ਲਈਆਂ
ਅਣਖਾਂ ਮੇਰੇ ਦੇਸ਼ ਦੀਆਂ।
ਜਗਤਾਰ ਪੱਖੋ
ਮੋਬ:9465196946

## ਕੋਈ ਇੱਕ



ਕਰਦੇ ਧੋਖਾ ਸਾਂਈ ਕਹਿਦਾ ਭਰਨਾ ਪੈਣਾ ਏ,
ਕਰਗਾ ਹੱਸ ਕੇ, ਔਖਾ ਹੋ ਕੇ ਸਹਿਣਾ ਪੈਣਾ ਏ,
ਪੜ੍ਹ ਲਈ ਤੂੰ ਵੀ, ਰੋਈਂ ਨਾ
ਜੇ ਮੁਰਸ਼ਦ ਮਿਲਜੇ ,ਉਹ ਵੀ ਪੜਾਈ ਸੱਜਣਾ ਡਾਢੀ ਔਖੀ ਏ,
ਫੱਕਰ ਜੇ ਮਿਲਜੇ, ਜਿੰਦਗੀ ਜਿਊਣੀ ਐਵੇਂ ਸੌਖੀ ਏ,
ਭੁੱਲ-ਭੁਲੇਖੇ ਰੱਬ ਜੇ ਮਿਲਜੇ, ਦਰ ਨਹੀਓ ਛੱਡੀ ਦਾ,
ਤੁਰਦਿਆਂ ਤੁਰਦਿਆਂ ਦਰਦ ਦੇ ਹੋ ਜੇ ਦਿੱਲ ਚੋ ਕੱਢੀ ਦਾ,
ਮੇਹਰ ਨਾਲ ਉਹ ਹੱਟ ਜਾਊ, ਤੇਰੀ ਅੱਡੀ ਦਾ,

ਸੰਦੀਪ ਕੁਮਾਰ ਨਰ
(ਬਲਾਚੌਰ )
ਮੋਬਾ:
9041543692

## ਘੋਟਾਲਾ



ਚੱਲ ਘੋਟਾਲਾ ਕੋਈ ਕਰੀਏ।
ਮੋਟੇ ਪੈਸੇ ਅੰਦਰ ਧਰੀਏ।
ਕਰਜ਼ਾ ਲੈਕੇ ਮੁੜਦਾ ਨਾ ਕਰ
ਚਾਹੇ ਹੋਈਏ ਪੁੱਜਦੇ ਸਰੀਏ।
ਮੋਟਾ ਮਾਲ ਬਣਾਕੇ ਮੱਲਾ
ਪੈਰ ਜਹਾਜ਼ੇ ਆਪਾਂ ਧਰੀਏ।
ਯਾਰੀ ਅਪਣੀ ਤਕੜੇ ਦੇ ਨਾਲ
ਦੁੱਕੀ ਤਿੱਕੀ ਤੋਂ ਨਾ ਡਰੀਏ।
ਬੈਂਕਾਂ ਕੋਲੋਂ ਲੈਕੇ ਕਰਜ਼ਾ
ਅਪਣੇ ਆਪਾਂ ਲਾਕਰ ਭਰੀਏ।
ਬੈਂਕ ਕਿਸੇ ਨੂੰ ਦੇਕੇ ਹਿੱਸਾ
ਮੋਟਾ ਕਾਂਡ ਜਿਹਾ ਹੁਣ ਕਰੀਏ।
ਕਰਜ਼ਾ ਲੈਂਦੇ ਪੱਥਰ ਹੋਈਏ
ਮੋੜਨ ਨੂੰ ਬਣ ਬਰਫ਼ਾਂ ਖ਼ਰੀਏ।
ਤੂੰ ਬੱਸ ਕੋਈ ਜੁਗਤ ਬਣਾ ਹੁਣ
ਠੱਗੀ ਦੇ ਨੇ ਐਨੇ ਜ਼ਰੀਏ।
ਹਰਦੀਪ ਬਿਰਦੀ
9041600900

## ਸਿਹਾਰੀ ਬਿਹਾਰੀ ਸੋਹਣੇ ਕੰਨਾਂ ਦੇ ਝੁੰਮਕੇ



ਨਿਰਮਲ ਕੌਰ ਕੋਟਲਾ

ਸਿਹਾਰੀ ਬਿਹਾਰੀ ਸੋਹਣੇ ਕੰਨਾਂ ਦੇ ਝੁੰਮਕੇ ,
ਤੇ ਟਿੱਪੀ ਮੱਥੇ ਦਾ ਸ਼ਿੰਗਾਰ ਕੁੜੇ।
ਬਿੰਦੀ ਲੱਗੇ ਗੱਲ੍ਹ ਵਾਲਾ ਤਿਣ,
ਅੱਧਕ ਲੱਗੇ ਰਾਣੀ ਹਾਰ ਕੁੜੇ।
ਕੰਨਾ ਲੱਗੇ ਨਾਲ ਖੜੇ ਵੀਰ ਵਾਂਗੂੰ ,
ਮੁਕਤੇ ਦੇ ਨਾਲ ਇਹਨੇ ਰਹਿਣਾ ਜੀ ।
ਔਂਕੜ ਦੁਲੈਂਕੜੇ ਦੀ ਵੀ ਖ਼ੂਬ ਜੋੜੀ ਏ,
ਲਾਵਾਂ ਤੇ ਦੁਲਾਵਾਂ ਦੋਵੇਂ ਭੈਣਾਂ ਜੀ ।
ਹੋੜਾ ਤੇ ਕਨੌੜਾ ਦੌੜਦੇ ਨੇ ਖ਼ੂਬ,
ਸਿੱਖਿਆ ਨਾ ਪਿੱਛੇ ਕਦੀ ਰਹਿਣਾ ਜੀ ।
ਬੋਲੀਆਂ ਨੇ ਭਾਵੇਂ ਸਭ ਸੋਹਣੀਆ ਜੀ ,
ਪਰ ਅਸਾਂ ਕੀ ਕਿਸੇ ਤੋ ਲੈਣਾ ਜੀ ।
ਪੰਜਾਬ ਤੇ ਪੰਜਾਬੀਅਤ ਨਾਲ ਸਾਡਾ ਮੋਹ ,
ਬੋਲੀ ਸਾਨੂੰ ਆਪਣੀ ਪੰਜਾਬੀ ਪਿਆਰੀ ।
ਨਿਰਮਲ ਕਰੇ ਸਤਿਕਾਰ ਸਭ ਦਾ ਜੀ ,
ਰਹੇ ਸਦਾ ਮੁੱਹਬਤ ਦੀ ਖਿੜ੍ਹੀ ਕਿਆਰੀ ।

# Gurdwara President Fatally Shot in Canada; Suspected Involvement of Indian Gangsters



Edmonton : In a tragic incident, the president of a Gurdwara and owner of a construction firm, Buta Singh Gill, was fatally shot in Canada. The shooting took place near a construction site in Edmonton's Millwoods area, raising suspicions of involvement by Indian gangsters. Gill, who owned Gill Built Homes Ltd., was targeted in what appears to be a coordinated attack. Reports suggest that Indian gangsters may have collaborated with pro-Khalistan elements in Canada to extort funds from affluent individuals of Indian origin. This incident echoes similar violence that occurred nearly 10 months ago when Hardeep Singh Nijjar, president of Guru Nanak Sikh Gurdwara in Surrey, was killed. Nijjar had been designated as a terrorist by India. During the recent shooting, an alleged suspect named Nik Dhaliwal was also killed, while another individual, identified as Sarbajit Singh, sustained life-threatening injuries and was hospitalized. Edmonton police indicated that the incident involved multiple casualties, with two individuals confirmed deceased and one seriously injured. The Edmonton police have previously stated that a criminal network based in India has been orchestrating extortion schemes targeting individuals of Indian origin in Canada, particularly those in the construction industry. Investigations have revealed a series of incidents, including extortions, arsons, and firearms offenses, believed to be linked to this criminal network. These incidents have involved demands for payments ranging from hundreds of thousands to millions of dollars, often communicated through messaging apps like WhatsApp. As authorities continue to investigate this latest tragedy, concerns persist over the growing influence of transnational criminal networks and their impact on communities in Canada.

# Liberal Government's Defense Policy Boosts Military Spending and Procurements in Canada

In a significant move, the Liberal government in Canada has unveiled a defense policy update aimed at enhancing the country's defense capabilities. The update includes a substantial increase in military spending, with plans to raise the annual budget from $30 billion to nearly $50 billion by the end of the decade.

Under the policy, Canada is set to invest in various defense procurements, including the purchase of new fleets of early warning aircraft, helicopters, missiles, and submarines. Additionally, the government pledges to improve living conditions for Canadian Forces personnel.

Despite the boost in spending, Canada's defense expenditure as a percentage of GDP will reach 1.76%, falling short of NATO's two percent target. However, Prime Minister Justin Trudeau affirmed Canada's commitment to eventually reaching the NATO benchmark. The defense policy update also addresses critical areas such as cybersecurity, with plans to establish a Canadian Armed Forces Cyber Command and enhance joint cyber operations capabilities with the Communications Security Establishment.

Furthermore, the policy outlines investments in specialized maritime sensors, satellite ground stations in the Arctic, and additional support facilities for military operations in the region. The government also aims to expand the military's strategic reserve of ammunition to address shortages exposed by the conflict in Ukraine. The announcement of the defense policy update follows extensive consultations with allied nations, defense industry stakeholders, and experts aligned with the Canadian Forces. Despite criticism from some quarters, including U.S. officials, the policy has received positive reception, reflecting Canada's ongoing commitment to bolstering its defense capabilities.

# CSIS Warned PM's Office of Chinese Interference in Canadian Elections: Top Secret Document

A top secret briefing note, discussed at the Foreign Interference Commission, has revealed that Canada's spy agency, the Canadian Security Intelligence Service (CSIS), informed the Prime Minister's Office (PMO) in February 2023 about alleged clandestine and deceptive interference by the Chinese government in both the 2019 and 2021 federal elections.

The document, described as "remarkable" by one lawyer at the commission's public inquiry, asserts that the Chinese government engaged in interference activities to support candidates perceived as 'pro-PRC' or 'neutral' on issues of interest to China. It implicates at least 11 candidates and 13 staff members, across multiple political parties, in these interference efforts.

The briefing note also highlights attempts to discourage Canadians, particularly of Chinese heritage, from supporting specific political figures and parties. It suggests that these efforts were orchestrated or directed by the Chinese government, pointing to the timing of activities and partnerships between Canada-based outlets and Chinese entities.

Despite these findings, the note indicates that the task force monitoring foreign interference determined that these activities did not affect the overall election outcomes. However, former Conservative leader Erin O'Toole, who testified before the commission, alleged that Chinese meddling may have cost his party up to nine seats in the 2021 election. The document references a possible $250,000 transfer of funds from Chinese officials, indicating attempts to covertly advance Chinese interests through Canadian democratic institutions. It suggests that some individuals received financial support from China for interference-related purposes. These revelations underscore the significance of addressing foreign interference as a threat to Canadian democracy, urging forceful and active responses from governments. The inquiry continues to shed light on the extent and impact of foreign interference in Canadian elections, emphasizing the need for vigilant monitoring and robust countermeasures.

# Costly Suspensions: The $24M Burden of Police Misconduct in Eastern Ontario

Over the past decade, police suspensions due to alleged misconduct have imposed a significant financial burden on taxpayers in eastern Ontario, totaling around $24 million. This figure represents nearly a fifth of the total salaries paid to officers on leave across the province, according to a comprehensive analysis conducted by CBC News. The investigation spanned 44 police departments in Ontario, uncovering a total expenditure of approximately $134 million on paid suspensions since 2013. The detailed investigation by CBC News was based on publicly accessible data, corroborated with figures from Ontario's Sunshine List and labor statistics from Statistics Canada. The analysis highlighted the substantial costs associated with maintaining the status quo of paid suspensions, particularly in the region of eastern Ontario. This region encompasses nearly two dozen local police forces and detachments of the Ontario Provincial Police (OPP), with their collective suspension costs accounting for close to 18% of the provincial total. Among these, the Ottawa Police Service stood out for its particularly high expenses, with 35 officers suspended since 2013 at a cost of nearly $11 million, marking it as the most costly in terms of suspensions in the region.

The report also delved into high-profile cases, such as that of Superintendent Mark Patterson and Deputy Chief Uday Jaswal, whose suspensions and subsequent controversies have brought to light the complexities and challenges inherent in the current system. This situation has sparked widespread frustration among both the public and law enforcement leadership, with calls for a reevaluation of the policies governing police suspensions. The recent regulatory changes, effective April 1, which allow for the suspension of officers without pay under specific conditions, represent a significant shift in approach, albeit with limitations that continue to draw scrutiny.



TRANSPORT PAD

A TAK LOGISTICS COMPANY

# CLASS 1 DRIVERS NEEDED

Transport PAD is looking for drivers with **at least 3 years Class 1 experience**to join our team here in Montreal. Experience at CN and CP is an asset. This will be an employee driver (on our payroll), not incorporated. Will be entitled to vacation days, sick days and paid for all federal statutory holidays.

Transport PAD (now a subsidiary of TAK Logistics) is a family-owned business operating for over 40 years. We are a leader in **intermodal drayage**in Quebec, serving many logistics partners. We have an experienced operations team that takes pride in treating our drivers with respect. The safety and security of our drivers is our top priority. We offer a competitive renumeration package (including monthly and annual bonuses) and a great work environment.

## We are located at 10765 Chemin Côte de Liesse in Dorval Montreal.

**If you are interested in joining our team,**
**Please call Marc at 514-264-4630.**

**Transport PAD Inc.** http://www.transportpad.com





Real INTERNATIONAL EDITION

Desi Times ਦੇਸੀ ਟਾਈਮਜ਼ Weekly

www.desitimes.ca

QCNA

**Matrimonial**

Canadian Well settled Sikh khatri ਪਰਿਵਾਰ ਨੂੰ ਆਪਣੀ Canadian Born 1993 Born ਲੜਕੀ ਕੱਦ 5 ਫ਼ੁੱਟ 9 ਇੰਚ, Accounting ਦੀ Degree Holder Air Canada ਦੇ Head Quater Finance department ਵਿਚ ਕੰਮ ਕਰਦੀ ਲਈ ਲੜਕੇ ਦੀ ਲੋੜ ਹੈ। ਲੜਕਾ Canadian Born ਪੜ੍ਹਿਆ ਲਿਖਿਆ well settled ਪਰਿਵਾਰ ਦਾ ਹੋਵੇ ਜਾ ਅੱਛੀ ਜਾਬ ਜਾਂ ਚੰਗਾ ਕਾਰੋਬਾਰ ਕਰਦਾ ਹੋਵੇ। ਕੱਦ 6 ਫੁੱਟ ਤੇ ਦਾੜ੍ਹੀ Trim ਕਰਦਾ ਹੋਵੇ।

**Please Send Biodata and Pictures. Contact : Cell 514-465-8920, Whatsapp 514-465-8920**

DESI TIMES WEEKLY VOLUME 7 ISSUE #492 Friday, 12 April, 2024

# Canadian Officials Find No Evidence of Indian Interference in Federal Elections



During testimony at the Public Inquiry into Foreign Interference in Federal Electoral Processes and Democratic Institutions, Canadian officials monitoring the 2021 elections revealed that there was no indication of any attempt by India to influence the national polls. The inquiry, chaired by Justice Marie-Josee Hogue, heard from the Critical Election Incident Public Protocol panel, which emphasized the absence of alerts regarding foreign interference from India. While no evidence of Indian interference surfaced, a briefing note submitted to the inquiry highlighted Chinese interference during the election cycle. The note, prepared by the Canadian Security Intelligence Service (CSIS), underscored clandestine activities by the People's Republic of China (PRC) in both the 2019 and 2021 general elections. The CSIS document pointed out that the principal opposition Conservative Party and its leader Erin O'Toole were targeted due to their critical stance on Beijing. As the public hearings for the inquiry near their conclusion, with Prime Minister Justin Trudeau among those expected to testify, India has firmly denied any involvement in Canadian electoral interference. The Ministry of External Affairs spokesperson, Randhir Jaiswal, reiterated India's policy of non-interference in the democratic processes of other nations, countering allegations leveled during the hearings. Despite India's denial, CSIS has cited India, along with other countries like Russia, Iran, and Pakistan, in connection with foreign interference activities in Canada, with China being identified as the primary actor in this sphere according to Canadian agencies.

## Ontario Cannabis Operator Fined $200K for Alleged Illegal Agreements

In Ontario, a licensed cannabis operator has been fined $200,000 for purportedly attempting to engage in illegal agreements with producers, granting them preferential advantages. The Alcohol and Gaming Commission of Ontario (AGCO) revealed that Cannabis Xpress, which owns a chain of retail stores in the province, repeatedly sought to persuade over a dozen cannabis producers to enter into inducement agreements. Inducement agreements involve an operator striking deals with producers to promote or boost sales of specific products, thereby providing them with preferential treatment. Such agreements contravene the provincial Cannabis Licence Act.Over a span of 30 months, Cannabis Xpress allegedly attempted to forge agreements offering "data service" to producers. However, the AGCO determined that these purported agreements were actually attempts to disguise illegal payments under the guise of data sales for business intelligence purposes, which are permissible under the standards.







